New Location
Punjab Insurance Agency Inc.
Super Visa Insurance
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
SINCE : 2007
: www.thepunjabtimes.ca
: canadianpunjabtimes@gmail.com
Vol - 20 29 May, 2026 ੧੫ ਜੇਠ ਨਾਨਕਸ਼ਾਹੀ ਸੰਮਤ ੫੫੮ Ph.: 604-338-7310 FAX : 604-572-3638 /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar (Pasla)
604-597-0991
778-895-7444
1-800-732-0519
icc.accounting@yahoo.ca
www.iccaccounting.com
8740 - 140A St., Surrey, BC V3W 0M4

# ਵਪਾਰਕ ਵਾਹਨਾਂ ਵਿੱਚ ਡੈਸ਼ ਕੈਮਰੇ ਲਾਜ਼ਮੀ ਕਰਨ ਵਾਲਾ ਬਿੱਲ ਵਿਧਾਨ ਸਭਾ ਵਿੱਚ ਪਾਸ

## ਬ੍ਰਿਟਿਸ਼ ਕੋਲੰਬੀਆ ਵਪਾਰਕ ਡੈਸ਼ ਕੈਮਰੇ ਲਾਜ਼ਮੀ ਕਰਨ ਵਾਲਾ ਕੈਨੇਡਾ ਦਾ ਪਹਿਲਾ ਸੂਬਾ ਬਣੇਗਾ

**ਸਰੀ, (ਦਿਵਰੂਪ ਕੌਰ):** ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਵਿੱਚ ਵਪਾਰਕ ਵਾਹਨਾਂ ਵਿੱਚ ਡੈਸ਼ਬੋਰਡ ਕੈਮਰੇ ਲਾਜ਼ਮੀ ਕਰਨ ਸਬੰਧੀ ਇੱਕ ਅਹਿਮ ਬਿੱਲ ਤੀਜੀ ਰੀਡਿੰਗ ਵਿੱਚ ਪਾਸ ਹੋ ਗਿਆ ਹੈ। ਕਮਲੂਪਸ ਨੌਰਥ ਥੌਮਸਨ ਦੇ ਐਮਐਲਏ ਵਾਰਡ ਸਟੈਮਰ ਵੱਲੋਂ ਪੇਸ਼ ਕੀਤਾ ਗਿਆ ਇਹ ਪ੍ਰਾਈਵੇਟ ਮੈਂਬਰ ਬਿੱਲ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਹੈ। ਕੰਜ਼ਰਵੇਟਿਵ ਪਾਰਟੀ


ਕੈਮਲੂਪਸ-ਨਾਰਥ ਥਾਮਪਸਨ ਤੋਂ ਐਮਐਲਏ Ward Stamer ਵੱਲੋਂ ਵਪਾਰਕ ਵਾਹਨਾਂ ਵਿੱਚ ਡੈਸ਼ਬੋਰਡ ਕੈਮਰੇ ਲਾਜ਼ਮੀ ਕਰਨ ਸਬੰਧੀ ਪੇਸ਼ ਕੀਤਾ ਗਿਆ ਬਿੱਲ ਮਈ 2026 ਵਿੱਚ ਬੀ.ਸੀ. ਵਿਧਾਨ ਸਭਾ ਵਿੱਚ ਤੀਜੀ ਰੀਡਿੰਗ ਦੌਰਾਨ ਪਾਸ ਹੋ ਗਿਆ।

ਆਫ ਬ੍ਰਿਟਿਸ਼ ਕੋਲੰਬੀਆ ਵੱਲੋਂ 26 ਮਈ ਨੂੰ ਜਾਰੀ ਕੀਤੀ ਗਈ ਪ੍ਰੈਸ ਰਿਲੀਜ਼ ਅਨੁਸਾਰ ਇਸ ਬਿੱਲ ਦੇ ਕਾਨੂੰਨ ਬਣਨ ਨਾਲ ਬ੍ਰਿਟਿਸ਼ ਕੋਲੰਬੀਆ ਵਪਾਰਕ ਵਾਹਨਾਂ ਵਿੱਚ ਡੈਸ਼ ਕੈਮਰੇ ਲਾਜ਼ਮੀ ਕਰਨ ਵਾਲਾ ਕੈਨੇਡਾ ਦਾ ਪਹਿਲਾ ਸੂਬਾ ਬਣ ਜਾਵੇਗਾ।

ਡੈਸ਼ਬੋਰਡ ਕੈਮਰਾ ਇਨ ਕਮਰਸ਼ੀਅਲ ਵਹੀਕਲਜ਼ ਐਕਟ ਬਿੱਲ ਐਮ 217 ਹੁਣ ਸ਼ਾਹੀ » ਬਾਕੀ ਸਫ਼ਾ 4 'ਤੇ

# ਵੈਨਕੂਵਰ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਡਾਟਾ ਸੈਂਟਰਾਂ ਖ਼ਿਲਾਫ਼ ਪ੍ਰਦਰਸ਼ਨ

## ਪਾਣੀ ਅਤੇ ਊਰਜਾ ਦੀ ਖ਼ਪਤ ਨੂੰ ਲੈ ਕੇ ਏਆਈ ਡਾਟਾ ਸੈਂਟਰ ਪ੍ਰੋਜੈਕਟਾਂ ਦਾ ਕੀਤਾ ਜਾ ਰਿਹਾ ਵਿਰੋਧ

**ਸਰੀ, (ਦਿਵਰੂਪ ਕੌਰ):** ਸ਼ਹਿਰ ਵਿੱਚ ਪ੍ਰਸਤਾਵਿਤ 2 ਨਵੇਂ ਆਰਟੀਫੀਸ਼ੀਅਲ ਇੰਟੈਲੀਜੈਂਸ ਡਾਟਾ ਸੈਂਟਰਾਂ ਦਾ ਵਿਰੋਧ ਕਰਨ ਲਈ ਸ਼ਨੀਵਾਰ ਨੂੰ ਸੈਂਕੜੇ ਲੋਕਾਂ ਨੇ ਵੈਨਕੂਵਰ ਦੀਆਂ ਸੜਕਾਂ 'ਤੇ ਮਾਰਚ ਕੀਤਾ। ਪ੍ਰਦਰਸ਼ਨਕਾਰੀਆਂ ਨੇ ਚਿੰਤਾ ਪ੍ਰਗਟਾਈ ਹੈ ਕਿ ਇਹ ਸੁਵਿਧਾਵਾਂ ਭਾਰੀ ਮਾਤਰਾ




ਵਿੱਚ ਪਾਣੀ ਅਤੇ ਊਰਜਾ ਦੀ ਵਰਤੋਂ ਕਰਨਗੀਆਂ, ਉਹ ਵੀ ਅਜਿਹੇ ਸਮੇਂ ਜਦੋਂ ਖੇਤਰ ਪਹਿਲਾਂ ਹੀ ਪਾਣੀ ਦੀਆਂ ਪਾਬੰਦੀਆਂ ਦਾ ਸਾਹਮਣਾ ਕਰ ਰਿਹਾ ਹੈ। ਇਹ ਮਾਰਚ ਵਾਟਰਫਰੰਟ ਸਟੇਸ਼ਨ ਤੋਂ ਸ਼ੁਰੂ ਹੋ ਕੇ ਗ੍ਰੈਨਵਿਲ ਆਈਲੈਂਡ ਤੱਕ ਕੱਢਿਆ ਗਿਆ। ਪ੍ਰਦਰਸ਼ਨ ਦੇ ਪ੍ਰਬੰਧਕ ਟੋਰਿਨ » ਬਾਕੀ ਸਫ਼ਾ 4 'ਤੇ

SARABHA TRUCK REPAIR SERVICES LTD.
HEAVY DUTY TRUCK PARTS
GOVERNMENT APPROVED FACILITY
AMRIT GREWAL : 604-600-5835
JAS : 604-916-5835
SUKH : 778-241-5835
19770 98 Ave, Langley, BC

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

SAANJH TRAVEL LTD.
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ 'ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
604-800-1500
Unit 109, 12830-80 Ave York Centre Surrey

SATKAR SERVICE LTD.
ਭਾਰਤ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Ph: 778-246-2500
www.satkarservices.ca
SONY SIDHU (ZIRA)


CityMed
Your Partner in Health
Enroll in Our Home Monitoring Program Today!
FREE DELIVERY
Our Services :-
ਦਵਾਈਆਂ ਦੀ ਸੌਖੀ ਪੈਕਿੰਗ, ਖਾਸ ਤੌਰ 'ਤੇ ਤਿਆਰ ਕੀਤੀਆਂ ਦਵਾਈਆਂ
ਸਫ਼ਰ ਲਈ ਟੀਕੇ, ਘਰ ਵਿੱਚ ਸਿਹਤ ਦੀ ਨਿਗਰਾਨੀ
ਸਭ ਤੋਂ ਵਧੀਆ ਰੇਟ, ਦਵਾਈਆਂ ਦੀ ਮੁਫ਼ਤ ਡਿਲੀਵਰੀ
ਤੁਸੀਂ ਸਾਡੇ ਕੋਲੋਂ ਫਲੂ ਸ਼ਾਟ ਵੀ ਲਗਵਾ ਸਕਦੇ ਹੋ।
107 - 14818 60 Ave, Surrey B.C. 604-593-8866
4 - 1493, Foster St, White Rock B.C. 604-385-1490
www.citymedhealth.ca

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D. Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

ਘੱਟ ਆਮਦਨੀ ਵਾਲੇ ਪਰਿਵਾਰਾਂ ਲਈ ਮੁਫ਼ਤ ਟੈਕਸ ਸੇਵਾ
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਘੱਟ ਆਮਦਨੀ ਵਾਲੇ ਪ੍ਰਵਾਰਾਂ ਲਈ
ਮੁਫਤ ਟੈਕਸ ਭਰਨ ਦੀ ਸੇਵਾ ਉਪਲਬਧ ਹੈ
ਇਹ ਸੇਵਾ ਹਰ ਸ਼ੁੱਕਰਵਾਰ ਅਤੇ ਸ਼ਨਿੱਚਰਵਾਰ
10:00 ਤੋਂ 1:00 ਵਜੇ ਤੱਕ
ਹੁੰਦੀ ਹੈ ਜਿਸ ਵਿੱਚ CVITP ਦੇ ਵਰਕਰ ਆਪ ਜੀ ਦਾ ਟੈਕਸ ਫਾਇਲ ਕਰਨਗੇ।
ਵਧੇਰੇ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਦੇ ਨੰਬਰ 604-590-3232 ਤੇ ਸੰਪਰਕ ਕਰ ਸਕਦੇ ਹੋ ਜੀ।

Looking For WEDDING & ENGAGEMENT FILMS
BOOK NOW!
PACKAGES STARTING AT $350 ONLY*
ONE SOUL FILMS
Call or Text : 604-584-5577
*T&C Apply

# ਅਗਲੇ ਹਫ਼ਤੇ ਜਾਰੀ ਹੋਵੇਗੀ ਕੈਨੇਡਾ ਦੀ ਏਆਈ ਰਣਨੀਤੀ : ਮਾਰਕ ਕਾਰਨੀ



ਸਰੀ, (ਦਿਵਰੂਪ ਕੌਰ): ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਬੁੱਧਵਾਰ ਨੂੰ ਪੁਸ਼ਟੀ ਕੀਤੀ ਹੈ ਕਿ ਫੈਡਰਲ ਸਰਕਾਰ ਦੀ ਬਹੁਤ ਸਮੇਂ ਤੋਂ ਉਡੀਕੀ ਜਾ ਰਹੀ ਆਰਟੀਫੀਸ਼ੀਅਲ ਇੰਟੈਲੀਜੈਂਸ ਰਣਨੀਤੀ ਅਗਲੇ ਹਫਤੇ ਜਾਰੀ ਕਰ ਦਿੱਤੀ ਜਾਵੇਗੀ। ਓਟਾਵਾ ਵਿੱਚ ਲਿਬਰਲ ਕਾਕਸ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਜਾਣ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੰਤਰੀ ਨੇ ਇਸ ਸਬੰਧੀ ਬਹੁਤੀ ਜਾਣਕਾਰੀ ਤਾਂ ਸਾਂਝੀ ਨਹੀਂ ਕੀਤੀ, ਪਰ ਇਹ ਸਾਫ਼ ਕਰ ਦਿੱਤਾ ਕਿ ਇਸ ਵਿੱਚ ਹੁਣ ਹੋਰ ਦੇਰੀ ਨਹੀਂ ਹੋਵੇਗੀ। ਸਰਕਾਰ ਦੀ ਇਸ ਨਵੀਂ ਰਣਨੀਤੀ ਨੂੰ ਲੈ ਕੇ ਤਕਨਾਲੋਜੀ ਦੇ ਖੇਤਰ ਵਿੱਚ ਕਾਫੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।

**ਨਵੇਂ ਨਿਯਮਾਂ ਰਾਹੀਂ ਏਆਈ ਚੈਟਬੋਟਸ ਦੀ ਸੁਰੱਖਿਆ ਅਤੇ ਰੁਜ਼ਗਾਰ ਦੇ ਮੁੱਦਿਆਂ ਨੂੰ ਹੱਲ ਕਰਨ ’ਤੇ ਧਿਆਨ ਕੇਂਦਰਿਤ ਕਰੇਗੀ ਸਰਕਾਰ**

ਇਸ ਨੀਤੀ ਤੋਂ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਇਹ ਸਰਕਾਰੀ ਅਤੇ ਨਿੱਜੀ ਖੇਤਰਾਂ ਵਿੱਚ ਵੱਡੇ ਪੱਧਰ ‘ਤੇ ਏਆਈ ਤਕਨੀਕ ਨੂੰ ਅਪਣਾਉਣ ਦਾ ਇੱਕ ਸਪੱਸ਼ਟ ਖਾਕਾ ਪੇਸ਼ ਕਰੇਗੀ, ਜਿਸ ਨਾਲ ਕੈਨੇਡਾ ਦੀ ਖੋਜ ਸਮਰੱਥਾ ਅਤੇ ਉਦਯੋਗ ਨੂੰ ਹੁਲਾਰਾ ਮਿਲੇਗਾ। ਇਸ ਦੇ ਨਾਲ ਹੀ, ਸਭ ਦੀ ਨਜ਼ਰ ਇਸ ਗੱਲ ‘ਤੇ ਵੀ ਹੋਵੇਗੀ ਕਿ ਸਰਕਾਰ ਏਆਈ ਕਾਰਨ ਰੁਜ਼ਗਾਰ ਦੇ ਖੇਤਰ ਵਿੱਚ ਆਉਣ ਵਾਲੀਆਂ ਰੁਕਾਵਟਾਂ, ਚੈਟਬੋਟਸ ਦੀ ਸੁਰੱਖਿਆ ਅਤੇ ਆਮ ਜਨਤਾ ਵਿੱਚ ਇਸ ਤਕਨੀਕ ਪ੍ਰਤੀ ਬਣੇ ਅਵਿਸ਼ਵਾਸ ਨੂੰ ਕਿਵੇਂ ਦੂਰ ਕਰਦੀ ਹੈ।

ਆਰਟੀਫੀਸ਼ੀਅਲ ਇੰਟੈਲੀਜੈਂਸ ਮਿਨਿਸਟਰ ਇਵਾਨ ਸੋਲੋਮਨ ਨੇ ਪਹਿਲਾਂ ਵਾਅਦਾ ਕੀਤਾ ਸੀ ਕਿ ਇਹ ਰਣਨੀਤੀ ਪਿਛਲੇ ਸਾਲ ਦੇ ਅੰਤ ਤੱਕ ਆ ਜਾਵੇਗੀ, ਜਿਸ ਲਈ ਸਲਾਹ-ਮਸ਼ਵਰੇ ਵੀ ਤੇਜ਼ ਕੀਤੇ ਗਏ ਸਨ। ਇਸ ਤੋਂ ਬਾਅਦ ਇਸਨੂੰ ਚਾਲੂ ਸਾਲ ਦੀ ਪਹਿਲੀ ਤਿਮਾਹੀ ਵਿੱਚ ਜਾਰੀ ਕਰਨ ਦੀ ਗੱਲ ਕਹੀ ਗਈ ਸੀ, ਪਰ ਉਹ ਸਮਾਂ ਵੀ ਲੰਘ ਚੁੱਕਾ ਹੈ। ਮੰਤਰੀ ਨੇ ਆਪਣੇ ਇੱਕ ਹਾਲੀਆ ਇੰਟਰਵਿਊ ਵਿੱਚ ਕਿਹਾ ਸੀ ਕਿ ਇਸ ਨੀਤੀ ਨੂੰ ਬਿਲਕੁਲ ਸਹੀ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਵਾਧੂ ਸਲਾਹ-ਮਸ਼ਵਰੇ ਕੀਤੇ ਜਾ ਰਹੇ ਹਨ।

ਉਧਰ ਮੰਤਰੀ ਦੇ ਦਫਤਰ ਦੇ ਬੁਲਾਰੇ ਐਰਿਕਾ ਡੂਪੂਇਸ ਨੇ ਸਪੱਸ਼ਟ ਕੀਤਾ ਕਿ ਪ੍ਰਧਾਨ ਮੰਤਰੀ ਦਾ ਇਸ਼ਾਰਾ ਇਹ ਸੀ ਕਿ ਰਣਨੀਤੀ ਤਿਆਰ ਹੈ ਅਤੇ ਸਰਕਾਰ ਇਸ ਨੂੰ ਜਾਰੀ ਕਰਨ ਦੇ ਅੰਤਿਮ ਪੜਾਅ ਵਿੱਚ ਹੈ, ਪਰ ਅਜੇ ਕੋਈ ਖਾਸ ਤਰੀਕ ਮਿੱਥੀ ਨਹੀਂ ਗਈ ਹੈ। ਉਦਯੋਗ ਅਤੇ ਖੋਜ ਖੇਤਰ ਦੇ ਆਗੂਆਂ ਦਾ ਕਹਿਣਾ ਹੈ ਕਿ ਇਸ ਨੀਤੀ ਵਿੱਚ ਹੋ ਰਹੀ ਦੇਰੀ ਕਾਰਨ ਉਹਨਾਂ ਲਈ ਲੰਬੇ ਸਮੇਂ ਦੀ ਯੋਜਨਾਬੰਦੀ ਕਰਨਾ ਮੁਸ਼ਕਲ ਹੋ ਰਿਹਾ ਹੈ ਅਤੇ ਸੈਕਟਰ ਵਿੱਚ ਅਨਿਸ਼ਚਿਤਤਾ ਦਾ ਮਾਹੌਲ ਬਣਿਆ ਹੋਇਆ ਹੈ। ਆਲੋਚਕਾਂ ਅਨੁਸਾਰ ਤਕਨਾਲੋਜੀ ਦੇ ਤੇਜ਼ੀ ਨਾਲ ਵਧਣ ਕਾਰਨ ਸਰਕਾਰ ਨੂੰ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ। This report was written by Divroop Kaur as part of the Local Journalism Initiative.

# ਮੈਟਰੋ ਵੈਨਕੂਵਰ ਟਰਾਂਜ਼ਿਟ ਆਪਰੇਟਰਾਂ ਵੱਲੋਂ ਹੜਤਾਲ ਦੇ ਹੱਕ ਵਿੱਚ 99 ਫੀਸਦੀ ਵੋਟਿੰਗ

ਸਰੀ, (ਦਿਵਰੂਪ ਕੌਰ): ਮੈਟਰੋ ਵੈਨਕੂਵਰ ਦੇ ਟਰਾਂਜ਼ਿਟ ਆਪਰੇਟਰਾਂ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਨੇ ਹੜਤਾਲ ਕਰਨ ਦੇ ਹੱਕ ਵਿੱਚ 99 ਫੀਸਦੀ ਵੋਟਾਂ ਪਾਈਆਂ ਹਨ। ਯੂਨੀਫੋਰ ਲੋਕਲਜ਼ 111 ਅਤੇ 2200 ਟਰਾਂਸਲਿੰਕ ਸਿਸਟਮ ਵਿੱਚ ਲਗਭਗ 5000 ਕਾਮਿਆਂ ਦੀ ਨੁਮਾਇੰਦਗੀ ਕਰਦੇ ਹਨ। ਇਹਨਾਂ ਵਿੱਚ ਕੋਸਟ ਮਾਊਂਟੇਨ ਬੱਸ ਕੰਪਨੀ ਦੇ ਬੱਸ ਡਰਾਈਵਰ, ਸਕਿੱਲਡ ਟਰੇਡਜ਼, ਸਰਵਿਸ ਅਤੇ ਸੀਬੱਸ ਕਾਮੇ ਸ਼ਾਮਲ ਹਨ। ਇਸ ਵੋਟਿੰਗ ਦਾ ਮਤਲਬ ਤੁਰੰਤ ਹੜਤਾਲ ਕਰਨਾ ਨਹੀਂ ਹੈ, ਪਰ ਇਸ ਨਾਲ ਯੂਨੀਅਨ ਮੈਂਬਰਾਂ ਨੂੰ 72 ਘੰਟੇ ਦਾ ਨੋਟਿਸ ਦੇ ਕੇ ਹੜਤਾਲ ਸ਼ੁਰੂ ਕਰਨ ਦਾ ਅਧਿਕਾਰ ਮਿਲ ਗਿਆ ਹੈ।

ਯੂਨੀਫੋਰ ਦੇ ਪੱਛਮੀ ਖੇਤਰੀ ਡਾਇਰੈਕਟਰ ਗੈਵਿਨ ਮੈਕਗੈਰਿਗਲ ਨੇ ਕਿਹਾ ਕਿ ਇਹ ਇੱਕ ਸ਼ਾਨਦਾਰ ਨਤੀਜਾ ਹੈ। ਉਹਨਾਂ ਕਿਹਾ ਕਿ ਮੈਂਬਰ ਆਪਣੀ ਬਾਰਗੇਨਿੰਗ ਕਮੇਟੀ ਦੇ ਨਾਲ ਖੜ੍ਹੇ ਹਨ ਅਤੇ ਆਪਣੇ ਕੰਟਰੈਕਟ ਵਿੱਚੋਂ ਕੁੱਝ ਵੀ ਘੱਟ ਕਰਨ ਨੂੰ ਮਨਜ਼ੂਰ ਨਹੀਂ ਕਰਨਗੇ। ਕਾਮੇ ਜਲਦ ਤੋਂ ਜਲਦ ਇੱਕ ਨਿਰਪੱਖ ਸਮਝੌਤਾ ਚਾਹੁੰਦੇ ਹਨ। ਕਾਮੇ 31 ਮਾਰਚ ਤੋਂ ਬਿਨਾਂ ਕੰਟਰੈਕਟ ਤੋਂ ਕੰਮ ਕਰ ਰਹੇ ਹਨ ਅਤੇ ਫਰਵਰੀ ਤੋਂ ਦੋਵਾਂ ਧਿਰਾਂ ਵਿਚਾਲੇ ਗੱਲਬਾਤ ਚੱਲ ਰਹੀ ਹੈ।

ਮੈਕਗੈਰਿਗਲ ਨੇ ਦੱਸਿਆ ਕਿ ਦੋਵਾਂ ਧਿਰਾਂ ਵਿਚਾਲੇ ਕਾਫੀ ਮਤਭੇਦ ਹਨ ਅਤੇ ਕੰਪਨੀ ਰੂਟ ਦੀ ਲੰਬਾਈ ਅਤੇ ਬਾਥਰੂਮ ਬ੍ਰੇਕ ਵਰਗੇ ਮੁੱਦਿਆਂ ‘ਤੇ ਪਿੱਛੇ ਹਟਣ ਦੀ ਗੱਲ ਕਰ ਰਹੀ ਹੈ। ਤਨਖਾਹ ਦੇ ਮੁੱਦੇ ‘ਤੇ ਪਹੁੰਚਣ ਤੋਂ ਪਹਿਲਾਂ ਹੀ ਗੱਲਬਾਤ ਟੁੱਟ ਗਈ। ਯੂਨੀਅਨ ਦਾ ਕਹਿਣਾ ਹੈ ਕਿ ਸਿਹਤ, ਸੁਰੱਖਿਆ ਅਤੇ ਸਨਮਾਨਜਨਕ ਸੇਵਾਮੁਕਤੀ ਵਰਗੇ ਹੋਰ ਅਹਿਮ ਮੁੱਦੇ ਵੀ ਬਕਾਇਆ ਹਨ। ਕੋਸਟ ਮਾਊਂਟੇਨ ਬੱਸ ਕੰਪਨੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਹ ਇੱਕ ਨਿਰਪੱਖ ਸਮਝੌਤਾ ਕਰਨ ਲਈ ਵਚਨਬੱਧ ਹੈ ਅਤੇ ਬੱਸ ਅਤੇ ਸੀਬੱਸ ਸੇਵਾਵਾਂ ਆਮ ਵਾਂਗ ਚੱਲ ਰਹੀਆਂ ਹਨ। ਦੋਵੇਂ ਧਿਰਾਂ ਸੋਮਵਾਰ ਨੂੰ ਮੁੜ ਗੱਲਬਾਤ ਦੀ ਮੇਜ਼ ‘ਤੇ ਪਰਤਣਗੀਆਂ। ਜੇਕਰ ਯੂਨੀਅਨ ਨੂੰ ਗੱਲਬਾਤ ਵਿੱਚ ਕੋਈ ਤਰੱਕੀ ਨਜ਼ਰ ਨਹੀਂ ਆਉਂਦੀ ਤਾਂ ਸਾਰੇ ਵਿਕਲਪ ਖੁੱਲ੍ਹੇ ਹਨ। This report was written by Divroop Kaur as part of the Local Journalism Initiative.


# ਬਿਲਨ ਫਾਰਮਜ਼ ਲਿਮਟਡ

## ਸਾਨੂੰ ਬੇਰੀ ਤੋੜਨ ਵਾਲੇ ਵਰਕਰਾਂ ਦੀ ਲੋੜ ਹੈ।



- ਸਟੂਡੈਂਟ ਅਤੇ 15 ਸਾਲ ਤੋਂ ਵੱਧ ਉਮਰ ਵਾਲੇ ਬੱਚੇ ਵੀ ਕੰਮ ਕਰ ਸਕਦੇ ਹਨ।
- ਬੇਰੀ ਤੋੜਨ ਲਈ ਆਪਣੀ ਰਾਈਡ (ਕਾਰ) ਤੇ ਆਉਣ ਵਾਲਿਆਂ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਤਨਖਾਹ ਵੀ ਵੱਧ ਦਿੱਤੀ ਜਾਵੇਗੀ।
- ਬੀ.ਸੀ. ਤੋਂ ਬਾਹਰੋਂ ਆਉਣ ਵਾਲੇ ਵਰਕਰਾਂ ਲਈ ਫਾਰਮ ਵਿੱਚ ਰਹਿਣ ਦਾ ਵਧੀਆ ਪ੍ਰਬੰਧ ਵੀ ਹੈ ਅਤੇ ਫਾਰਮ ਸਾਫ਼ ਸੁਥਰੇ ਹਨ।
- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਸ਼ਾਮ 7:30 ਤੋਂ ਪਹਿਲਾਂ ਘਰ ਪਹੁੰਚਾਇਆ ਜਾਵੇਗਾ।
- ਬੇਰੀ ਟੁੱਟਣ ਤੋਂ ਬਾਅਦ ਬੇਰੀ ਕੱਟਣ ਦਾ ਕੰਮ ਵੀ ਚਲੇਗਾ।
- ਸਿਹਤ ਸਬੰਧੀ ਸਰਕਾਰੀ ਨਿਯਮਾਂ ਦੀ ਪਾਲਣਾ ਕਰੋ।

**ਪਰੂਨਿੰਗ ਲਈ ਘੰਟਿਆਂ ਤੇ ਕੰਮ ਕਰਨ ਵਾਲੇ ਵੀ ਸੰਪਰਕ ਕਰਨ**

ਭੁਪਿੰਦਰ ਕੌਰ ਸਰਾਂ
ਸੂਪਰਵਾਈਜ਼ਰ
778-837-4410

ਗੁਰਜੀਤ ਬੋਇਆਲ
ਸੂਪਰਵਾਈਜ਼ਰ
604-812-1115

ਭਜਨ ਸਿੰਘ
604-726-3405

ਜਸਵਿੰਦਰ ਬੱਲ
604-230-9506

ਜਰਨੈਲ ਬਿਲਨ
604-250-2703

ਜਗਤਾਰ ਸਿੰਘ ਨਾਗਰਾ
604-724-3813

ਬਲਵੀਰ ਸਿੰਘ ਭੁੱਲਰ
778-871-0066

# ਪੈਦਲ 120 ਕਿਲੋਮੀਟਰ ਦਾ ਸਫਰ ਤੈਹ ਕਰਨ ਵਿਕਟੋਰੀਆ ਪੁੱਜੇ ਗੁਰਮੋਹ ਮਾਪੇ, ਸਿਹਤ ਮੰਤਰੀ ਨਾਲ ਮੁਲਾਕਾਤ ਰਹੀ ਬੇਨਤੀਜਾ





ਸਰੀ, (ਦਿਵਰੂਪ ਕੌਰ): ਸਰੀ ਦੇ ਰਹਿਣ ਵਾਲੇ ਸਟਾਲਿਨ ਅਤੇ ਨਵਪ੍ਰੀਤ ਗਿੱਲ ਵੱਲੋਂ ਆਪਣੇ ਤਿੰਨ ਸਾਲਾ ਬੇਟੇ ਦੇ ਇਲਾਜ ਲਈ ਫੰਡ ਇਕੱਠਾ ਕਰਨ ਵਾਸਤੇ ਸ਼ੁਰੂ ਕੀਤੀ ਗਈ 120 ਕਿਲੋਮੀਟਰ ਲੰਬੀ ਪੈਦਲ ਯਾਤਰਾ ਸੋਮਵਾਰ 25 ਮਈ ਨੂੰ ਵਿਕਟੋਰੀਆ ਵਿੱਚ ਭਾਵੁਕ ਤਰੀਕੇ ਨਾਲ ਸੰਪੰਨ ਹੋਈ। ਆਪਣੇ ਬਹੁਤ ਸਾਰੇ ਸਮਰਥਕਾਂ ਨਾਲ ਗੁਰਮੋਹ ਦੇ ਮਾਪੇ ਵੈਨਕੂਵਰ ਤੋਂ ਪੰਜ ਦਿਨਾਂ ਦਾ ਸਫਰ ਤੈਅ ਕਰਕੇ ਬੀਸੀ ਵਿਧਾਨ ਸਭਾ ਦੇ ਬਾਹਰ ਪਹੁੰਚੇ ਉਨ੍ਹਾਂ ਦਾ ਬੇਟਾ ਗੁਰਮੋਹ ਗਿੱਲ ਇੱਕ ਬਹੁਤ ਹੀ ਦੁਰਲੱਭ ਬੀਮਾਰੀ ਸਪਾਸਟਿਕ ਪੈਰਾਪਲੇਜੀਆ ਤੋਂ ਪੀੜਤ ਹੈ ਜੋ ਉਸਦੀਆਂ ਲੱਤਾਂ ਅਤੇ ਸਰੀਰ ਨੂੰ ਕਮਜ਼ੋਰ ਕਰ ਰਹੀ ਹੈ। ਮਾਪੇ ਆਪਣੇ ਬੱਚੇ ਦੀ ਵਿਅਕਤੀਗਤ ਜੀਨ ਥੈਰੇਪੀ ਬਣਾਉਣ ਲਈ 2.7 ਮਿਲੀਅਨ ਡਾਲਰ ਇਕੱਠੇ ਕਰਨ ਦੀ ਕੋਸ਼ਿਸ਼ 'ਚ ਹਨ ਜਿਸ ਵਿੱਚੋਂ ਮੈਕਗਿੱਲ ਯੂਨੀਵਰਸਿਟੀ ਨੇ ਇਲਾਜ ਵਿਕਸਤ ਕਰਨ ਦੀ ਜ਼ਿੰਮੇਵਾਰੀ ਲਈ ਹੈ।



ਗੋਫੰਡਮੀ ਪੇਜ ਰਾਹੀਂ ਹੁਣ ਤੱਕ 1.4 ਮਿਲੀਅਨ ਡਾਲਰ ਇਕੱਠੇ ਹੋ ਚੁੱਕੇ ਹਨ ਅਤੇ ਪਰਿਵਾਰ ਆਪਣੇ ਟੀਚੇ ਤੋਂ ਅਜੇ 7 ਲੱਖ ਡਾਲਰ ਦੂਰ ਹੈ। ਇਸ ਇਲਾਜ 'ਤੇ ਕੁੱਲ 6 ਤੋਂ 8 ਮਿਲੀਅਨ ਡਾਲਰ ਦਾ ਖਰਚਾ ਆਉਣ ਦੀ ਉਮੀਦ ਹੈ ਅਤੇ ਪਰਿਵਾਰ ਬਾਕੀ ਫੰਡਾਂ ਲਈ ਸੂਬਾ ਸਰਕਾਰ ਤੋਂ ਮਦਦ ਦੀ ਆਸ ਕਰ ਰਿਹਾ ਹੈ। ਸਟਾਲਿਨ ਅਤੇ ਨਵਪ੍ਰੀਤ ਨੇ 25 ਮਈ ਨੂੰ ਬੀਸੀ ਦੀ ਸਿਹਤ ਮੰਤਰੀ ਜੋਸੀ ਓਸਬੋਰਨ ਨਾਲ ਮੁਲਾਕਾਤ ਕੀਤੀ ਪਰ ਇਹ ਮੀਟਿੰਗ ਬਹੁਤੀ ਸਕਾਰਾਤਮਕ ਨਹੀਂ ਰਹੀ। ਸਟਾਲਿਨ ਅਨੁਸਾਰ ਮੰਤਰੀ ਨੇ ਕਿਹਾ ਕਿ ਅਜਿਹੀ ਫੰਡਿੰਗ ਤੁਰੰਤ ਨਹੀਂ ਕੀਤੀ ਜਾ ਸਕਦੀ। ਦੂਜੇ ਪਾਸੇ ਸਿਹਤ ਮੰਤਰੀ ਨੇ ਕਿਹਾ ਕਿ ਉਹ ਬੱਚੇ ਦੀ ਮਦਦ ਲਈ ਵਿਕਲਪ ਤਲਾਸ਼ ਰਹੇ ਹਨ ਪਰ ਜੀਨ ਥੈਰੇਪੀ ਦੇ ਵਿਕਾਸ ਲਈ ਲੋੜੀਂਦੇ ਬੁਨਿਆਦੀ ਢਾਂਚੇ ਨੂੰ ਤਿਆਰ ਕਰਨ ਵਿੱਚ ਸਮਾਂ ਅਤੇ ਭਾਰੀ ਲਾਗਤ ਲੱਗੇਗੀ। This report was written by Divroop Kaur as part of the Local Journalism Initiative.

# ਐਵਰੇਸਟ ਫਤਹਿ ਕਰਨ ਵਾਲੇ ਪਹਿਲੇ ਕੈਨੇਡੀਅਨ ਪੰਜਾਬੀ ਬਣੇ ਅਜੈਪਾਲ ਧਾਲੀਵਾਲ




ਸਰੀ, (ਦਿਵਰੂਪ ਕੌਰ): ਫਰੀਦਕੋਟ ਦੇ ਪਿੰਡ ਕਾਸਮ ਭੱਟੀ ਦੇ ਜੰਮਪਲ ਅਤੇ ਸਰੀ ਕੈਨੇਡਾ ਵਿੱਚ ਵਕੀਲ ਅਜੈਪਾਲ ਸਿੰਘ ਧਾਲੀਵਾਲ ਨੇ ਮਾਊਂਟ ਐਵਰੇਸਟ ਫਤਹਿ ਕਰਕੇ ਇਤਿਹਾਸ ਰਚ ਦਿੱਤਾ ਹੈ। ਇਸ ਪ੍ਰਾਪਤੀ ਨਾਲ ਉਹ ਐਵਰੇਸਟ ਉੱਤੇ ਪਹੁੰਚਣ ਵਾਲੇ ਪਹਿਲੇ ਕੈਨੇਡੀਅਨ ਪੰਜਾਬੀ ਬਣ ਗਏ ਹਨ। ਫਰੀਦਕੋਟ ਪੁੱਜਣ 'ਤੇ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਅਤੇ ਜੇਲ੍ਹ ਸੁਪਰਡੈਂਟ ਇਕਬਾਲ ਸਿੰਘ ਵੱਲੋਂ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਅਜੈਪਾਲ ਧਾਲੀਵਾਲ ਨੇ ਦੱਸਿਆ ਕਿ 30 ਅਪ੍ਰੈਲ 2026 ਨੂੰ ਸ਼ੁਰੂ ਕੀਤੀ ਚੜ੍ਹਾਈ ਮਗਰੋਂ 20 ਮਈ 2026 ਨੂੰ ਉਨ੍ਹਾਂ ਨੇ ਐਵਰੇਸਟ ਦੀ ਚੋਟੀ 'ਤੇ ਪਹੁੰਚੇ। ਪਿਛਲੇ ਸਾਲ ਅਸਫਲ ਰਹਿਣ ਦੇ ਬਾਵਜੂਦ ਉਨ੍ਹਾਂ ਨੇ ਹਿੰਮਤ ਨਹੀਂ ਹਾਰੀ। ਡੀਸੀ ਰਾਹੁਲ ਚਾਬਾ ਨੇ ਕਿਹਾ ਕਿ ਅਜੈਪਾਲ ਦੀ ਇਹ ਉਪਲਬਧੀ ਨੌਜਵਾਨਾਂ ਲਈ ਇੱਕ ਅਹਿਮ ਪ੍ਰੇਰਣਾ ਸਰੋਤ ਹੈ ਜਿਸਨੇ ਪੂਰੇ ਪੰਜਾਬ ਦਾ ਮਾਣ ਵਧਾਇਆ ਹੈ।




NEWTON DENTURE CLINIC INC.

Web: www.newtondentures.ca | Email: newtondentures@gmail.com

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ

"Over 20 years experience as Denturist"

- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist

ਬਲਰਾਜ ਸਿੰਘ ਗਿੱਲ 604-590-9747

Surrey #211-8334-128 St. Surrey BC V3W 4G2
(Second floor Khalsa Business Centre)

SIDHU BROTHERS
ACCOUNTING SERVICE LTD.

- PAYROLL - PERSONAL INCOME TAX - CORPORATE INCOME TAX - GST/HST/WCB

We Also Provide Service to get Transport Authority (NSC#, DOT#, MC#, Single State Registration)

WE SPECIALIZED IN
ACCOUNTING FOR TRANSPORT COMPANIES



Jarnail Singh Sidhu
Cell : 604-808-1148
jsidhu61@gmail.com

TEL : 604-502-9988 FAX : 604-501-9900
Address : 12633-67B Ave. Surrey, BC V3W 1G2

ਗਲੈਡਵਿਨ ਔਪਟੀਕਲ
GLADWIN OPTICAL

ਨਜ਼ਰ ਦੀਆਂ ਐਨਕਾਂ

- ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
- ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
- ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
- ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।

ਸਾਡਾ ਐਡਰੈੱਸ ਨੋਟ ਕਰੋ

604-864-8803
#3 32700 George Ferguson Way
Abbotsford, B.C. V1T 4V6

ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ

604-594-6940
Surrey (Kwantlen Square)
Unit # 105, 12568-72 Ave, Surrey

EYE GLASSES
CONTACT LENSES
SUNGLASSES



BHUPINDER OBEROI

ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।

FREE
SIGHT TEST

## ਸਫ਼ਾ 1 ਦਾ ਬਾਕੀ

### ਵਪਾਰਕ ਵਾਹਨਾਂ ਵਿੱਚ ਡੈਸ਼ ਕੈਮਰੇ...

ਮਨਜ਼ੂਰੀ ਮਿਲਣ ਤੋਂ 6 ਮਹੀਨੇ ਬਾਅਦ ਪੂਰੀ ਤਰ੍ਹਾਂ ਲਾਗੂ ਹੋਵੇਗਾ। ਇਹ ਕਾਨੂੰਨ ਸੂਬੇ ਦੇ ਹਾਈਵੇਅ 'ਤੇ ਚੱਲਣ ਵਾਲੇ ਵਪਾਰਕ ਟਰੱਕਾਂ ਵਿੱਚ ਬਾਹਰ ਵੱਲ ਮੂੰਹ ਵਾਲੇ ਡੈਸ਼ ਕੈਮਰੇ ਲਗਾਉਣਾ ਜ਼ਰੂਰੀ ਬਣਾਉਂਦਾ ਹੈ। ਵਿਧਾਇਕ ਸਟੈਮਰ ਨੇ ਦੱਸਿਆ ਕਿ ਇਸ ਬਿੱਲ ਦੀ ਸ਼ੁਰੂਆਤ ਹਾਈਵੇਅ 5 ਦੇ ਉਨ੍ਹਾਂ ਪਰਿਵਾਰਾਂ ਤੋਂ ਹੋਈ ਸੀ ਜਿਨ੍ਹਾਂ ਨੇ ਰੋਕੇ ਜਾ ਸਕਣ ਵਾਲੇ ਹਾਦਸਿਆਂ ਵਿੱਚ ਆਪਣੇ ਪਿਆਰਿਆਂ ਨੂੰ ਹਮੇਸ਼ਾ ਲਈ ਗੁਆ ਦਿੱਤਾ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਡੈਸ਼ ਕੈਮਰੇ ਜਾਨਾਂ ਬਚਾਉਂਦੇ ਹਨ ਅਤੇ ਡਰਾਈਵਰਾਂ ਨੂੰ ਪੂਰੀ ਤਰ੍ਹਾਂ ਜਵਾਬਦੇਹ ਬਣਾਉਂਦੇ ਹਨ।

ਬੀਸੀ ਟਰੱਕਿੰਗ ਐਸੋਸੀਏਸ਼ਨ ਨੇ ਵੀ ਇਸ ਬਿੱਲ ਦਾ ਸਮਰਥਨ ਕੀਤਾ ਹੈ ਅਤੇ ਦੱਸਿਆ ਹੈ ਕਿ ਵਪਾਰਕ ਵਾਹਨਾਂ ਵਾਲੇ 75 ਤੋਂ 80 ਫੀਸਦੀ ਹਾਦਸਿਆਂ ਵਿੱਚ ਵਪਾਰਕ ਡਰਾਈਵਰ ਦਾ ਕਸੂਰ ਨਹੀਂ ਹੁੰਦਾ। ਕਮੇਟੀ ਵਿੱਚ ਉਠਾਈਆਂ ਗਈਆਂ ਗੋਪਨੀਯਤਾ ਦੀਆਂ ਚਿੰਤਾਵਾਂ ਨੂੰ ਦੂਰ ਕਰਦੇ ਹੋਏ ਇਸ ਬਿੱਲ ਵਿੱਚ ਕੈਬ ਦੇ ਅੰਦਰ ਵਾਲੇ ਕੈਮਰਿਆਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ। ਸਟੈਮਰ ਨੇ ਕਿਹਾ ਕਿ ਅਜਿਹੇ ਕੈਮਰਿਆਂ ਨਾਲ ਹਾਦਸੇ ਸਮੇਂ ਸਬੂਤ ਤੁਰੰਤ ਮਿਲ ਜਾਣਗੇ ਜਿਸ ਨਾਲ ਜਾਂਚ ਪ੍ਰਕਿਰਿਆ ਵਿੱਚ ਤੇਜ਼ੀ ਆਵੇਗੀ। This report was written by Divroop Kaur as part of the Local Journalism Initiative.

### ਵੈਨਕੂਵਰ ਵਿੱਚ ਆਰਟੀਫੀਸ਼ੀਅਲ...

ਲਾਰੋਕ ਨੇ ਸ਼ਹਿਰ ਅਤੇ ਫੈਡਰਲ ਸਰਕਾਰ ਨੂੰ ਇਹਨਾਂ ਪ੍ਰੋਜੈਕਟਾਂ ਨੂੰ ਰੋਕਣ ਦੀ ਅਪੀਲ ਕੀਤੀ ਹੈ। ਉਹਨਾਂ ਕਿਹਾ ਕਿ ਫੈਡਰਲ ਸਰਕਾਰ ਨੂੰ ਕਾਰਪੋਰੇਸ਼ਨਾਂ ਦੀ ਬਜਾਏ ਆਪਣੇ ਨਾਗਰਿਕਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਕੰਪਨੀ ਟੇਲਸ ਵੱਲੋਂ ਵੈਨਕੂਵਰ ਵਿੱਚ 2 ਨਵੇਂ ਏਆਈ ਡਾਟਾ ਸੈਂਟਰ ਬਣਾਉਣ ਅਤੇ ਕੈਮਲੂਪਸ ਵਿੱਚ ਮੌਜੂਦਾ ਸੁਵਿਧਾ ਦੇ ਵਿਸਥਾਰ ਦੀ ਤਜਵੀਜ਼ ਰੱਖੀ ਗਈ ਹੈ। ਫੈਡਰਲ ਆਰਟੀਫੀਸ਼ੀਅਲ ਇੰਟੈਲੀਜੈਂਸ ਮੰਤਰੀ ਇਵਾਨ ਸੋਲੋਮਨ ਅਨੁਸਾਰ ਇਹ ਪ੍ਰੋਜੈਕਟ ਗਲੋਬਲ ਏਆਈ ਆਰਥਿਕਤਾ ਵਿੱਚ ਕੈਨੇਡਾ ਦੀ ਸਮਰੱਥਾ ਵਧਾਏਗਾ। ਪਹਿਲਾ ਪ੍ਰੋਜੈਕਟ ਮਾਊਂਟ ਪਲੈਜ਼ੈਂਟ ਵਿੱਚ ਇਸੇ ਸਾਲ ਸ਼ੁਰੂ ਹੋ ਜਾਵੇਗਾ, ਜਦਕਿ ਦੂਜਾ 2029 ਲਈ ਯੋਜਨਾਬੱਧ ਹੈ। ਇਸ ਪ੍ਰੋਜੈਕਟ ਨੂੰ ਬੀਸੀ ਸਰਕਾਰ ਅਤੇ ਵੈਨਕੂਵਰ ਦੇ ਮੇਅਰ ਕੇਨ ਸਿਮ ਦਾ ਸਮਰਥਨ ਪ੍ਰਾਪਤ ਹੈ। ਪਰ ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਵਾਤਾਵਰਣ ਉੱਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਜਨਤਾ ਨੂੰ ਪੂਰੀ ਜਾਣਕਾਰੀ ਨਹੀਂ ਦਿੱਤੀ ਗਈ। ਮੈਟਰੋ ਵੈਨਕੂਵਰ ਵਿੱਚ ਇਸ ਵੇਲੇ ਸਟੇਜ 2 ਦੀਆਂ ਪਾਣੀ ਦੀਆਂ ਪਾਬੰਦੀਆਂ ਲਾਗੂ ਹਨ ਅਤੇ ਜੂਨ ਵਿੱਚ ਸਟੇਜ 3 ਲਾਗੂ ਹੋਣ ਦੀ ਸੰਭਾਵਨਾ ਹੈ।

ਮੈਟਰੋ ਵੈਨਕੂਵਰ ਦੀ ਜਲ ਸੇਵਾਵਾਂ ਵਿਭਾਗ ਦੀ ਡਾਇਰੈਕਟਰ ਲਿੰਡਾ ਪਾਰਕਿਨਸਨ ਨੇ ਕਿਹਾ ਕਿ ਉਹਨਾਂ ਲਈ ਇਹ ਦੇਖਣਾ ਅਹਿਮ ਹੋਵੇਗਾ ਕਿ ਕੀ ਇਹ ਸੈਂਟਰ ਪਾਣੀ ਨੂੰ ਰੀਸਾਈਕਲ ਕਰਦੇ ਹਨ ਜਾਂ ਨਹੀਂ।

ਟੇਲਸ ਦਾ ਦਾਅਵਾ ਹੈ ਕਿ ਇਹ ਪ੍ਰੋਜੈਕਟ 98 ਫੀਸਦੀ ਸਾਫ ਹਾਈਡ੍ਰੋ ਪਾਵਰ 'ਤੇ ਚੱਲੇਗਾ ਅਤੇ 150000 ਘਰਾਂ ਨੂੰ ਗਰਮ ਕਰਨ ਲਈ ਊਰਜਾ ਦੇਵੇਗਾ। ਆਮ ਡਾਟਾ ਸੈਂਟਰ ਦੇ ਮੁਕਾਬਲੇ ਇਹ 90 ਫੀਸਦੀ ਘੱਟ ਪਾਣੀ ਵਰਤੇਗਾ। ਬੀਸੀ ਗ੍ਰੀਨ ਪਾਰਟੀ ਦੀ ਨੇਤਾ ਐਮਿਲੀ ਲੋਵਾਨ ਨੇ ਇਹਨਾਂ ਦਾਅਵਿਆਂ 'ਤੇ ਸ਼ੱਕ ਜਤਾਉਂਦਿਆਂ ਕਿਹਾ ਕਿ ਇਸ ਜ਼ਮੀਨ ਦੀ ਵਰਤੋਂ ਰਿਹਾਇਸ਼ ਜਾਂ ਹੋਰ ਭਾਈਚਾਰਕ ਲੋੜਾਂ ਲਈ ਕੀਤੀ ਜਾਣੀ ਚਾਹੀਦੀ ਹੈ। ਫੈਡਰਲ ਸਰਕਾਰ ਵੱਲੋਂ ਅਜੇ ਤੱਕ ਇਸ ਪ੍ਰੋਜੈਕਟ ਲਈ ਕੋਈ ਫੰਡ ਨਹੀਂ ਦਿੱਤਾ ਗਿਆ ਹੈ। This report was written by Divroop Kaur as part of the Local Journalism Initiative.

# ਚੀਨੀ ਵਿਦੇਸ਼ ਮੰਤਰੀ ਦੀ ਓਟਾਵਾ ਫੇਰੀ ਤੋਂ ਪਹਿਲਾਂ ਵਿਦੇਸ਼ੀ ਦਖਲਅੰਦਾਜ਼ੀ ਦਾ ਮੁੱਦਾ ਗਰਮਾਇਆ

ਸਰੀ, (ਦਿਵਰੂਪ ਕੌਰ): ਕੈਨੇਡੀਅਨ ਖੋਜਕਰਤਾਵਾਂ ਨੇ ਚੀਨ ਵੱਲੋਂ ਕੀਤੀ ਜਾ ਰਹੀ ਵਿਦੇਸ਼ੀ ਦਖਲਅੰਦਾਜ਼ੀ ਦਾ ਮੁਕਾਬਲਾ ਕਰਨ ਲਈ ਜੀ7 ਦੇਸ਼ਾਂ ਦਰਮਿਆਨ ਇੱਕ ਹੋਰ ਤਾਲਮੇਲ ਵਾਲੀ ਪ੍ਰਤੀਕਿਰਿਆ ਦੀ ਮੰਗ ਕੀਤੀ ਹੈ।

ਖੋਜਕਰਤਾਵਾਂ ਦਾ ਕਹਿਣਾ ਹੈ ਕਿ ਬੀਜਿੰਗ ਦੇ ਏਜੰਟ ਸਮਾਜਾਂ ਵਿੱਚ ਬਹੁਤ ਅੰਦਰ ਤੱਕ ਪਹੁੰਚ ਬਣਾ ਰਹੇ ਹਨ ਅਤੇ ਆਪਣੀਆਂ ਤਕਨੀਕਾਂ ਨੂੰ ਲਗਾਤਾਰ ਬਦਲ ਰਹੇ ਹਨ। 'ਮਾਂਟਰੀਅਲ ਇੰਸਟੀਚਿਊਟ ਫਾਰ ਗਲੋਬਲ ਸਿਕਿਉਰਿਟੀ' ਦੀ ਇਹ ਰਿਪੋਰਟ ਉਸ ਸਮੇਂ ਸਾਹਮਣੇ ਆਈ ਹੈ ਜਦੋਂ ਚੀਨ ਦੇ ਵਿਦੇਸ਼ ਮੰਤਰੀ ਪਿਛਲੇ 10 ਸਾਲਾਂ ਵਿੱਚ ਪਹਿਲੀ ਵਾਰ ਓਟਾਵਾ ਪਹੁੰਚ ਰਹੇ ਹਨ।

ਪਾਰਲੀਮੈਂਟ ਹਿੱਲ 'ਤੇ ਰਿਪੋਰਟ ਦੇ ਲੇਖਕਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਸੰਸਦ ਮੈਂਬਰ ਜੌਨ ਮੈਕੇ ਨੇ ਵਿਦੇਸ਼ ਮੰਤਰੀ ਅਨੀਤਾ ਆਨੰਦ ਨੂੰ ਅਪੀਲ ਕੀਤੀ ਕਿ ਉਹ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਦੀ ਫੇਰੀ ਦੌਰਾਨ ਇਸ ਗੰਭੀਰ ਮੁੱਦੇ ਨੂੰ ਜ਼ਰੂਰ ਚੁੱਕਣ। ਉਹਨਾਂ ਉਮੀਦ ਜਤਾਈ ਕਿ ਦੋਵੇਂ ਮੰਤਰੀ ਇਸ ਮੌਕੇ ਦੀ ਵਰਤੋਂ ਸਬੰਧਾਂ ਨੂੰ ਬਿਹਤਰ ਬਣਾਉਣ ਅਤੇ ਇਸ ਦਖਲਅੰਦਾਜ਼ੀ ਨੂੰ ਪੂਰੀ ਤਰ੍ਹਾਂ ਰੋਕਣ ਲਈ ਕਰਨਗੇ। ਮੈਕੇ ਨੇ ਪੱਤਰਕਾਰਾਂ ਨੂੰ ਵੀ ਕਿਹਾ ਕਿ ਉਹ ਦੋਵਾਂ ਮੰਤਰੀਆਂ ਨੂੰ ਚੀਨ ਵੱਲੋਂ ਦਖਲਅੰਦਾਜ਼ੀ ਬੰਦ ਕਰਨ ਦੇ ਵਾਅਦਿਆਂ ਬਾਰੇ ਸਵਾਲ ਪੁੱਛਣ।

ਜ਼ਿਕਰਯੋਗ ਹੈ ਕਿ ਜਦੋਂ 2016 ਵਿੱਚ ਵਾਂਗ ਯੀ ਕੈਨੇਡਾ ਆਏ ਸਨ, ਤਾਂ ਉਹਨਾਂ ਨੇ ਮਨੁੱਖੀ ਅਧਿਕਾਰਾਂ ਬਾਰੇ ਸਵਾਲ ਪੁੱਛਣ 'ਤੇ ਇੱਕ ਕੈਨੇਡੀਅਨ ਪੱਤਰਕਾਰ 'ਤੇ ਤਿੱਖਾ ਰੁਖ ਅਪਣਾਇਆ ਸੀ। ਦੋਵਾਂ ਦੇਸ਼ਾਂ ਦੇ ਮੰਤਰੀਆਂ ਵਿਚਕਾਰ ਵਪਾਰ, ਨਿਵੇਸ਼ ਅਤੇ ਗਲੋਬਲ ਸੁਰੱਖਿਆ ਦੇ ਨਾਲ-ਨਾਲ ਕੈਨੇਡਾ-ਚੀਨ ਰਣਨੀਤਕ ਭਾਈਵਾਲੀ 'ਤੇ ਗੱਲਬਾਤ ਹੋਣ ਦੀ ਉਮੀਦ ਹੈ।

ਮਾਂਟਰੀਅਲ ਇੰਸਟੀਚਿਊਟ ਦੇ ਕਾਰਜਕਾਰੀ ਨਿਰਦੇਸ਼ਕ ਕਾਇਲ ਮੈਥਿਊਜ਼ ਨੇ ਕਿਹਾ ਕਿ ਭਾਵੇਂ ਚੀਨ ਅਤੇ ਭਾਰਤ ਵਰਗੇ ਦੇਸ਼ਾਂ ਨਾਲ ਵਪਾਰ ਵਧਾਉਣਾ ਕੈਨੇਡਾ ਦੇ ਹਿੱਤ ਵਿੱਚ ਹੈ, ਪਰ ਸਾਨੂੰ ਵਾਤਾਵਰਣ ਅਤੇ ਸੁਰੱਖਿਆ ਪ੍ਰਤੀ ਸੁਚੇਤ ਰਹਿਣਾ ਹੋਵੇਗਾ, ਕਿਉਂਕਿ ਇਹਨਾਂ ਦੇਸ਼ਾਂ 'ਤੇ ਕੈਨੇਡੀਅਨ ਨਾਗਰਿਕਾਂ ਨੂੰ ਪ੍ਰੇਸ਼ਾਨ ਕਰਨ ਦੇ ਇਲਜ਼ਾਮ ਲੱਗੇ ਹਨ।

ਕੈਨੇਡੀਅਨ ਸਿਕਿਉਰਿਟੀ ਇੰਟੈਲੀਜੈਂਸ ਸਰਵਿਸ ਦੇ ਸਾਬਕਾ ਅਧਿਕਾਰੀ ਡੈਨ ਸਟੈਨਟਨ ਨੇ ਕਿਹਾ ਕਿ ਫੈਡਰਲ ਸਰਕਾਰ ਨੂੰ ਕੈਨੇਡੀਅਨਾਂ, ਖਾਸ ਕਰਕੇ ਪ੍ਰਵਾਸੀ ਭਾਈਚਾਰਿਆਂ ਨਾਲ ਪਾਰਦਰਸ਼ੀ ਹੋਣਾ ਚਾਹੀਦਾ ਹੈ ਕਿ ਉਹ ਇਸ ਖਤਰੇ ਨੂੰ ਭੁੱਲੇ ਨਹੀਂ ਹਨ। ਇਹ ਰਿਪੋਰਟ ਸਾਰੇ ਜੀ7 ਦੇਸ਼ਾਂ ਵਿੱਚ ਚੀਨ ਦੇ ਯੂਨਾਈਟਿਡ ਫਰੰਟ ਵਰਕ ਡਿਪਾਰਟਮੈਂਟ ਦੁਆਰਾ ਚਲਾਈਆਂ ਜਾਂਦੀਆਂ ਗੁਪਤ ਮੁਹਿੰਮਾਂ ਅਤੇ ਰਾਜਨੀਤਿਕ, ਕਾਰੋਬਾਰੀ ਅਤੇ ਅਕਾਦਮਿਕ ਸਮੂਹਾਂ ਵਿੱਚ ਉਹਨਾਂ ਦੇ ਪ੍ਰਭਾਵ 'ਤੇ ਰੌਸ਼ਨੀ ਪਾਉਂਦੀ ਹੈ। This report was written by Divroop Kaur as part of the Local Journalism Initiative.

# ਲੈਂਗਲੀ ਵਿੱਚ ਟਾਰਗੇਟਿਡ ਫਾਇਰਿੰਗ, 40 ਸਾਲਾ ਵਿਅਕਤੀ ਦੀ ਮੌਤ

ਸਰੀ, (ਦਿਵਰੂਪ ਕੌਰ): ਲੈਂਗਲੀ ਸ਼ਹਿਰ ਵਿੱਚ ਇੱਕ ਟਾਰਗੇਟਿਡ ਗੋਲੀਬਾਰੀ ਦੀ ਘਟਨਾ ਸਾਹਮਣੇ ਆਈ ਹੈ। ਇਸ ਘਟਨਾ ਵਿੱਚ 40 ਸਾਲ ਦੇ ਕਰੀਬ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ। ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਨੇ ਇਸ ਮਾਮਲੇ ਦੀ ਸੂਚਨਾ ਮਿਲਣ ਤੋਂ ਬਾਅਦ ਪੂਰੀ ਜਾਂਚ ਆਪਣੇ ਹੱਥਾਂ ਵਿੱਚ ਲੈ ਲਈ ਹੈ। ਲੈਂਗਲੀ ਆਰਸੀਐਮਪੀ ਨੂੰ ਮੰਗਲਵਾਰ ਰਾਤ 11:34 ਵਜੇ 5400 ਬਲਾਕ ਬ੍ਰਾਈਡਨ ਕ੍ਰੇਸੈਂਟ ਇਲਾਕੇ ਵਿੱਚ ਗੋਲੀਆਂ ਚੱਲਣ ਦੀ ਰਿਪੋਰਟ ਪ੍ਰਾਪਤ ਹੋਈ ਸੀ। ਸੂਚਨਾ ਮਿਲਣ ਤੋਂ ਤੁਰੰਤ ਬਾਅਦ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚ ਗਏ।

ਜਦੋਂ ਪਹਿਲੇ ਜਵਾਬਦੇਹ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਉਹਨਾਂ ਨੇ ਇੱਕ ਵਿਅਕਤੀ ਨੂੰ ਗੰਭੀਰ ਮੈਡੀਕਲ ਹਾਲਤ ਵਿੱਚ ਦੇਖਿਆ। ਅਧਿਕਾਰੀਆਂ ਵੱਲੋਂ ਉਸਦੀ ਜਾਨ ਬਚਾਉਣ ਦੀਆਂ ਪੂਰੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਉਹਨਾਂ ਦੀਆਂ ਕੋਸ਼ਿਸ਼ਾਂ ਅਸਫਲ ਰਹੀਆਂ। ਉਸ ਵਿਅਕਤੀ ਨੇ ਮੌਕੇ ਉੱਤੇ ਹੀ ਦਮ ਤੋੜ ਦਿੱਤਾ। ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਵੱਲੋਂ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਪੀੜਤ ਦੇ ਨਾਮ ਦਾ ਖੁਲਾਸਾ ਅਜੇ ਨਹੀਂ ਕੀਤਾ ਜਾ ਰਿਹਾ ਹੈ। ਪੁਲਿਸ ਵੱਲੋਂ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕਰਨ ਦੀ ਪ੍ਰਕਿਰਿਆ ਅਜੇ ਜਾਰੀ ਹੈ।

ਹੋਮੀਸਾਈਡ ਟੀਮ ਦਾ ਕਹਿਣਾ ਹੈ ਕਿ ਭਾਵੇਂ ਇਸ ਮਾਮਲੇ ਦੀ ਜਾਂਚ ਅਜੇ ਆਪਣੇ ਸ਼ੁਰੂਆਤੀ ਪੜਾਅ ਵਿੱਚ ਹੈ ਪਰ ਉਹਨਾਂ ਦਾ ਮੁਢਲਾ ਮੰਨਣਾ ਹੈ ਕਿ ਇਹ ਇੱਕ ਟਾਰਗੇਟਿਡ ਘਟਨਾ ਸੀ। ਇਹ ਗੋਲੀਬਾਰੀ ਦੀ ਘਟਨਾ ਇੱਕ ਬਹੁ-ਮੰਜ਼ਿਲਾ ਇਮਾਰਤ ਦੇ ਸਿਰਫ਼ ਇੱਕ ਯੂਨਿਟ ਤੱਕ ਹੀ ਸੀਮਤ ਸੀ। ਇਸ ਟੀਮ ਦੀ ਸਾਰਜੈਂਟ ਫਰੀਡਾ ਫੌਂਗ ਨੇ ਆਪਣੇ ਅਧਿਕਾਰਤ ਬਿਆਨ ਵਿੱਚ ਦੱਸਿਆ ਕਿ ਜਾਂਚਕਰਤਾ ਕਾਫੀ ਸਮੇਂ ਤੱਕ ਇਸ ਇਲਾਕੇ ਵਿੱਚ ਰਹਿਣਗੇ। ਅਪਰਾਧ ਵਾਲੀ ਥਾਂ ਦਾ ਬਾਰੀਕੀ ਨਾਲ ਨਿਰੀਖਣ ਕੀਤਾ ਜਾ ਰਿਹਾ ਹੈ ਤਾਂ ਜੋ ਕੋਈ ਅਹਿਮ ਸੁਰਾਗ ਮਿਲ ਸਕੇ।

ਜਾਂਚ ਟੀਮਾਂ ਵੱਲੋਂ ਵੀਡੀਓ ਫੁਟੇਜ ਅਤੇ ਚਸ਼ਮਦੀਦ ਗਵਾਹਾਂ ਦੀ ਭਾਲ ਲਈ ਇਲਾਕੇ ਵਿੱਚ ਘਰ-ਘਰ ਜਾ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਿਸ ਨੇ ਆਮ ਜਨਤਾ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਇਸ ਘਟਨਾ ਬਾਰੇ ਕੋਈ ਵੀ ਛੋਟੀ ਤੋਂ ਛੋਟੀ ਜਾਣਕਾਰੀ ਹੈ ਤਾਂ ਉਹ ਤੁਰੰਤ ਜਾਂਚ ਟੀਮ ਨਾਲ ਸੰਪਰਕ ਕਰਨ। ਇਸ ਤੋਂ ਇਲਾਵਾ ਜਾਂਚਕਰਤਾ ਉਹਨਾਂ ਸਾਰੇ ਡਰਾਈਵਰਾਂ ਤੋਂ ਡੈਸ਼ਕੈਮ ਫੁਟੇਜ ਦੀ ਮੰਗ ਕਰ ਰਹੇ ਹਨ ਜੋ 26 ਮਈ 2026 ਨੂੰ ਰਾਤ 10 ਵਜੇ ਤੋਂ ਅੱਧੀ ਰਾਤ 12 ਵਜੇ ਦੇ ਵਿਚਕਾਰ 5400 ਬਲਾਕ ਬ੍ਰਾਈਡਨ ਕ੍ਰੇਸੈਂਟ ਦੇ ਆਸਪਾਸ ਮੌਜੂਦ ਸਨ। This report was written by Divroop Kaur as part of the Local Journalism Initiative.

# ਮਾਨਸਿਕ ਸਿਹਤ ਲਈ ਆਰਚਵੇਅ ਕਮਿਊਨਿਟੀ ਸਰਵਿਸਿਜ਼ ਨੂੰ 40,000 ਡਾਲਰ ਦਾ ਦਾਨ

## ਐਬਟਸਫੋਰਡ ਆਧਾਰਿਤ ਸੰਸਥਾ ਮਾਨਸਿਕ ਸਿਹਤ ਲਈ ਕਾਊਂਸਲਿੰਗ ਪ੍ਰੋਗਰਾਮਾਂ ਦਾ ਕਰੇਗੀ ਵਿਸਥਾਰ

ਸਰੀ, (ਦਿਵਰੂਪ ਕੌਰ): ਐਬਟਸਫੋਰਡ ਆਧਾਰਿਤ ਚੈਰਿਟੀ ਸੰਸਥਾ ਆਰਚਵੇਅ ਕਮਿਊਨਿਟੀ ਸਰਵਿਸਿਜ਼ ਨੂੰ ਪ੍ਰੋਸਪੇਰਾ ਵੱਲੋਂ 40,000 ਡਾਲਰ ਦਾ ਦਾਨ ਦਿੱਤਾ ਗਿਆ ਹੈ ਜਿਸ ਨਾਲ ਸਥਾਨਕ ਮਰਦਾਂ ਲਈ ਘੱਟ ਕੀਮਤ ਵਾਲੇ ਕਾਊਂਸਲਿੰਗ ਪ੍ਰੋਗਰਾਮਾਂ ਦਾ ਵਿਸਥਾਰ ਕੀਤਾ ਜਾਵੇਗਾ। ਪ੍ਰੋਸਪੇਰਾ ਦੀ ਮਾਰਕੀਟਿੰਗ ਡਾਇਰੈਕਟਰ ਨਿਕੀ ਪਾਰਸਨਸ ਨੇ ਕਿਹਾ ਕਿ ਮਰਦਾਂ ਦੀ ਮਾਨਸਿਕ ਸਿਹਤ ਨੂੰ ਲੰਮੇ ਸਮੇਂ ਤੋਂ ਅਣਗੌਲਿਆ ਕੀਤਾ ਗਿਆ ਹੈ ਕਿਉਂਕਿ ਕਲੰਕ ਅਤੇ ਸੀਮਤ ਪਹੁੰਚ ਕਾਰਨ ਬਹੁਤ ਸਾਰੇ ਮਰਦ ਮਦਦ ਲੈਣ ਤੋਂ ਝਿਜਕਦੇ ਹਨ। ਉਨ੍ਹਾਂ ਕਿਹਾ ਕਿ ਸਿਹਤਮੰਦ ਅਤੇ ਲਚਕੀਲੇ ਭਾਈਚਾਰਿਆਂ ਦੀ ਉਸਾਰੀ ਲਈ ਇਸ ਪਾੜੇ ਨੂੰ ਭਰਨਾ ਬਹੁਤ ਜ਼ਰੂਰੀ ਹੈ।




ਬ੍ਰਿਟਿਸ਼ ਕੋਲੰਬੀਆ ਵਿੱਚ ਇਹ ਘਾਟ ਬਹੁਤ ਅਹਿਮ ਹੈ ਕਿਉਂਕਿ ਕੈਨੇਡੀਅਨ ਮੈਨਜ਼ ਹੈਲਥ ਫਾਊਂਡੇਸ਼ਨ ਦੇ 2025 ਦੇ ਅਧਿਐਨ ਤੋਂ ਪਤਾ ਲੱਗਾ ਹੈ ਕਿ ਸੂਬੇ ਦੇ ਲਗਭਗ 67 ਫੀਸਦੀ ਬਾਲਗ ਮਰਦਾਂ ਨੇ ਕਦੇ ਵੀ ਮਾਨਸਿਕ ਸਿਹਤ ਸੇਵਾਵਾਂ ਦੀ ਵਰਤੋਂ ਨਹੀਂ ਕੀਤੀ ਹੈ। ਸਿਰਫ ਸਸਕੈਚਵਨ, ਮੈਨੀਟੋਬਾ ਅਤੇ ਓਨਟਾਰੀਓ ਵਿੱਚ ਹੀ ਇਹ ਪ੍ਰਤੀਸ਼ਤਤਾ ਵਧੇਰੇ ਸੀ। ਅਧਿਐਨ ਮੁਤਾਬਕ ਬੀਸੀ ਦੇ 60 ਫੀਸਦੀ ਮਰਦਾਂ ਨੇ ਤਣਾਅ ਦੇ ਉੱਚ ਪੱਧਰ ਤੋਂ ਪੀੜਤ ਹੋਣ ਦੀ ਰਿਪੋਰਟ ਦਿੱਤੀ ਹੈ ਅਤੇ 22 ਫੀਸਦੀ ਡਿਪਰੈਸ਼ਨ ਦੇ ਗੰਭੀਰ ਖਤਰੇ ਵਿੱਚ ਹਨ। ਆਰਚਵੇਅ ਵਿਖੇ ਸ਼ੁਰੂਆਤੀ ਸਾਲਾਂ ਅਤੇ ਕਾਊਂਸਲਿੰਗ ਦੀ ਐਸੋਸੀਏਟ ਡਾਇਰੈਕਟਰ ਮਾਰੀਆ ਕਾਰਗਨੇਲੀ ਨੇ ਕਿਹਾ ਕਿ ਤਣਾਅਗ੍ਰਸਤ ਮਰਦਾਂ ਲਈ ਮਾਨਸਿਕ ਸਿਹਤ ਪ੍ਰੋਗਰਾਮਾਂ ਤੱਕ ਆਸਾਨ ਪਹੁੰਚ ਪ੍ਰਦਾਨ ਕਰਨਾ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਦੱਸਿਆ ਕਿ ਇਹ ਫੰਡ ਵਿੱਤੀ ਰੁਕਾਵਟਾਂ ਨੂੰ ਦੂਰ ਕਰਨ ਅਤੇ ਲੋੜਵੰਦਾਂ ਨੂੰ ਸਮੇਂ ਸਿਰ ਮਾਨਸਿਕ ਸਿਹਤ ਸਹਾਇਤਾ ਪ੍ਰਦਾਨ ਕਰਨ ਵਿੱਚ ਅਹਿਮ ਯੋਗਦਾਨ ਪਾਉਣਗੇ। This report was written by Divroop Kaur as part of the Local Journalism Initiative.

ਸਾਨਿਚ ਵਾਇਰਿਜ਼ਮ ਮਾਮਲਾ

# ਪੀੜਤਾਂ ਨੂੰ ਸੱਚਾਈ ਜਾਣਨ ਦਾ ਪੂਰਾ ਹੱਕ : ਅਟਾਰਨੀ ਜਨਰਲ ਨਿੱਕੀ ਸ਼ਰਮਾ

ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਦੇ ਅਟਾਰਨੀ ਜਨਰਲ ਨਿੱਕੀ ਸ਼ਰਮਾ ਨੇ ਕਿਹਾ ਹੈ ਕਿ ਲੋਕਾਂ ਨੂੰ ਇਹ ਜਾਣਨ ਦਾ ਪੂਰਾ ਹੱਕ ਹੈ ਕਿ ਕੀ ਉਹ ਸਾਨਿਚ ਦੇ ਉਸ ਵਿਅਕਤੀ ਵੱਲੋਂ ਫਿਲਮਾਈਆਂ ਗਈਆਂ 652 ਔਰਤਾਂ ਅਤੇ ਕੁੜੀਆਂ ਵਿੱਚ ਸ਼ਾਮਲ ਹਨ ਜਾਂ ਨਹੀਂ। ਯਿਨ ਯੇਂਗ ਡੇਰੇਕ ਚੈਨ ਨਾਮਕ ਇਸ ਵਿਅਕਤੀ ਨੂੰ ਵਾਇਰਿਜ਼ਮ ਅਤੇ ਬਾਲ ਸੋਸ਼ਣ ਸਮੱਗਰੀ ਬਣਾਉਣ ਦਾ ਦੋਸ਼ੀ ਠਹਿਰਾਇਆ ਗਿਆ ਹੈ। ਸਾਨਿਚ ਪੁਲਿਸ ਅਨੁਸਾਰ ਚੈਨ ਕੋਲੋਂ ਬਰਾਮਦ ਕੀਤੇ ਗਏ ਉਪਕਰਣਾਂ ਵਿੱਚ ਹਜ਼ਾਰਾਂ ਫੋਟੋਆਂ ਅਤੇ 28 ਘੰਟਿਆਂ ਤੋਂ ਵੱਧ ਦੀ ਵੀਡੀਓ ਮਿਲੀ ਹੈ। ਇਹ ਸਮੱਗਰੀ 6 ਸਾਲਾਂ ਦੌਰਾਨ ਕਾਰੋਬਾਰੀ ਅਦਾਰਿਆਂ, ਬੀਚਾਂ ਅਤੇ ਨਿੱਜੀ ਘਰਾਂ ਦੀਆਂ ਖਿੜਕੀਆਂ ਰਾਹੀਂ ਪੀੜਤਾਂ ਦੀ ਸਹਿਮਤੀ ਤੋਂ ਬਿਨਾਂ ਬਣਾਈ ਗਈ ਸੀ। ਪੁਲਿਸ ਨੇ ਸਜ਼ਾ ਸੁਣਾਏ ਜਾਣ ਤੋਂ ਪਹਿਲਾਂ 40 ਪੀੜਤਾਂ ਦੀ ਪਛਾਣ ਕਰਕੇ ਉਹਨਾਂ ਨਾਲ ਸੰਪਰਕ ਕੀਤਾ ਸੀ। ਪਾਰਦਰਸ਼ਤਾ ਦੀ ਮੰਗ ਦੇ ਬਾਵਜੂਦ ਪੁਲਿਸ ਨੇ ਹੋਰ ਜਾਣਕਾਰੀ ਸਾਂਝੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਨਿੱਕੀ ਸ਼ਰਮਾ ਨੇ ਕਿਹਾ ਕਿ ਪੁਲਿਸ ਭਾਵੇਂ ਆਪਣੇ ਫੈਸਲੇ ਖੁਦ ਲੈਂਦੀ ਹੈ, ਪਰ ਪੀੜਤਾਂ ਨੂੰ ਤਾਕਤ ਦੇਣ ਲਈ ਉਹਨਾਂ ਨੂੰ ਜਾਣਕਾਰੀ ਪ੍ਰਦਾਨ ਕਰਨਾ ਇੱਕ ਅਹਿਮ ਕਦਮ ਹੋ ਸਕਦਾ ਹੈ।



ਵਿਕਟੋਰੀਆ ਸੈਕਸੁਅਲ ਅਸਾਲਟ ਸੈਂਟਰ ਦੀ ਕਾਰਜਕਾਰੀ ਨਿਰਦੇਸ਼ਕ ਸਮੰਥਾ ਲੋਪੀ ਨੇ ਵੀ ਕਿਹਾ ਕਿ ਪੁਲਿਸ ਲਈ ਪਾਰਦਰਸ਼ੀ ਹੋਣਾ ਬਹੁਤ ਜ਼ਰੂਰੀ ਹੈ, ਕਿਉਂਕਿ ਸਮਾਜ ਵਿੱਚ ਕਈ ਲੋਕ ਇਸ ਚਿੰਤਾ ਵਿੱਚ ਹਨ ਕਿ ਕੀ ਉਹ ਵੀ ਪੀੜਤਾਂ ਵਿੱਚ ਸ਼ਾਮਲ ਹਨ। ਚੈਨ ਨੂੰ ਅਪ੍ਰੈਲ 2024 ਵਿੱਚ ਗ੍ਰਿਫਤਾਰੀ ਤੋਂ ਬਾਅਦ ਸ਼ਰਤਾਂ 'ਤੇ ਰਿਹਾਅ ਕੀਤਾ ਗਿਆ ਸੀ, ਪਰ ਜਨਵਰੀ 2025 ਵਿੱਚ ਮੁੜ ਗ੍ਰਿਫਤਾਰ ਕਰ ਲਿਆ ਗਿਆ। ਪਿਛਲੇ ਹਫਤੇ ਉਸਨੂੰ 4.5 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ।

# ਵੈਨਕੂਵਰ ਵਿੱਚ ਓਵਰਡੋਜ਼ ਰੋਕਥਾਮ ਕੇਂਦਰ ਦਾ ਪ੍ਰੋਜੈਕਟ ਰੱਦ

ਮੇਅਰ ਅਤੇ ਕਾਰੋਬਾਰੀਆਂ ਦੇ ਵਿਰੋਧ ਮਗਰੋਂ ਬੀਸੀ ਦੇ ਸਿਹਤ ਮੰਤਰੀ ਵੱਲੋਂ 900 ਹੈਲਮਕਨ ਸਟਰੀਟ ਪ੍ਰੋਜੈਕਟ ਰੋਕਣ ਦਾ ਐਲਾਨ



ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਦੇ ਸਿਹਤ ਮੰਤਰੀ ਨੇ ਵੀਰਵਾਰ ਨੂੰ ਐਲਾਨ ਕੀਤਾ ਕਿ ਵੈਨਕੂਵਰ ਦੇ ਯੇਲਟਾਊਨ ਇਲਾਕੇ ਵਿੱਚ ਪ੍ਰਸਤਾਵਿਤ ਓਵਰਡੋਜ਼ ਰੋਕਥਾਮ ਕੇਂਦਰ ਨਹੀਂ ਬਣੇਗੀ। ਇਹ ਫੈਸਲਾ ਸ਼ਹਿਰ ਦੇ ਮੇਅਰ ਅਤੇ ਸਥਾਨਕ ਕਾਰੋਬਾਰੀ ਸਮੂਹਾਂ ਵੱਲੋਂ ਕੀਤੇ ਗਏ ਸਖ਼ਤ ਵਿਰੋਧ ਤੋਂ ਬਾਅਦ ਲਿਆ ਗਿਆ ਹੈ। ਇਹ ਸਾਈਟ 900 ਹੈਲਮਕਨ ਸਟਰੀਟ 'ਤੇ ਖੋਲ੍ਹੀ ਜਾਣੀ ਸੀ, ਜੋ ਵੈਨਕੂਵਰ ਦੇ ਡਾਊਨਟਾਊਨ ਖੇਤਰ ਵਿੱਚ ਸੇਵਾਵਾਂ ਪ੍ਰਦਾਨ ਕਰਨ ਲਈ ਨਵੀਂ ਜਗ੍ਹਾ ਵਜੋਂ ਚੁਣੀ ਗਈ ਸੀ।

ਇਸ ਪ੍ਰੋਜੈਕਟ ਦੀ ਲੀਜ਼ 1 ਜੂਨ ਤੋਂ ਸ਼ੁਰੂ ਹੋਣੀ ਸੀ। ਵੈਨਕੂਵਰ ਕੋਸਟਲ ਹੈਲਥ ਦਾ ਕਹਿਣਾ ਸੀ ਕਿ ਇਸ ਸਾਈਟ 'ਤੇ ਸਿਖਲਾਈ ਪ੍ਰਾਪਤ ਸਟਾਫ ਨੇ ਨਸ਼ਾ ਕਰਨ ਵਾਲੇ ਲੋਕਾਂ ਦੀ ਨਿਗਰਾਨੀ ਕਰਨੀ ਸੀ ਤਾਂ ਜੋ ਮੌਤਾਂ ਨੂੰ ਰੋਕਿਆ ਜਾ ਸਕੇ। ਵੈਨਕੂਵਰ ਦੇ ਮੇਅਰ ਕੇਨ ਸਿਮ ਅਤੇ ਸਥਾਨਕ ਕਾਰੋਬਾਰੀ ਐਸੋਸੀਏਸ਼ਨਾਂ ਨੇ ਇਲਜ਼ਾਮ ਲਾਇਆ ਕਿ ਇਸ ਜਗ੍ਹਾ ਦਾ ਐਲਾਨ ਕਰਨ ਤੋਂ ਪਹਿਲਾਂ ਉਨ੍ਹਾਂ ਨਾਲ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ। ਮੇਅਰ ਸਿਮ ਨੇ ਸ਼ਹਿਰੀ ਵਸੀਲਿਆਂ ਦੀ ਵਰਤੋਂ ਕਰਕੇ ਇਸ ਸਾਈਟ ਨੂੰ ਰੋਕਣ ਲਈ ਇੱਕ ਮਤਾ ਵੀ ਪਾਸ ਕੀਤਾ ਸੀ।

ਸਿਹਤ ਮੰਤਰੀ ਜੋਸੀ ਓਸਬੋਰਨ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਨੇ ਸ਼ਹਿਰ, ਸਥਾਨਕ ਕਾਰੋਬਾਰੀਆਂ ਅਤੇ ਭਾਈਚਾਰਕ ਭਾਈਵਾਲਾਂ ਦੀਆਂ ਚਿੰਤਾਵਾਂ ਸੁਣੀਆਂ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਵੈਨਕੂਵਰ ਕੋਸਟਲ ਹੈਲਥ ਇਸ ਸਮੇਂ 900 ਹੈਲਮਕਨ ਸਟਰੀਟ 'ਤੇ ਪ੍ਰੋਜੈਕਟ ਨਾਲ ਅੱਗੇ ਨਹੀਂ ਵਧੇਗਾ ਅਤੇ ਇਸ ਨੂੰ ਖੋਲ੍ਹਣ ਦੀ ਕੋਈ ਨਵੀਂ ਤਰੀਕ ਵੀ ਮਿੱਥੀ ਨਹੀਂ ਗਈ ਹੈ। ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਕੋਈ ਵੀ ਨਵੀਂ ਸਾਈਟ ਖੋਲ੍ਹਣ ਤੋਂ ਪਹਿਲਾਂ ਸਥਾਨਕ ਧਿਰਾਂ ਅਤੇ ਸ਼ਹਿਰ ਪ੍ਰਸ਼ਾਸਨ ਨਾਲ ਗੱਲਬਾਤ ਕਰੇਗੀ।

ਯੇਲਟਾਊਨ ਦੀ ਪੁਰਾਣੀ ਓਵਰਡੋਜ਼ ਪ੍ਰੀਵੈਨਸ਼ਨ ਸਾਈਟ ਨੂੰ ਜਨਤਕ ਸੁਰੱਖਿਆ ਚਿੰਤਾਵਾਂ ਅਤੇ ਸਥਾਨਕ ਨਿਵਾਸੀਆਂ ਦੇ ਵਿਰੋਧ ਕਾਰਨ ਇਸ ਸਾਲ ਦੇ ਸ਼ੁਰੂ ਵਿੱਚ ਬੰਦ ਕਰ ਦਿੱਤਾ ਗਿਆ ਸੀ। ਡਾਊਨਟਾਊਨ ਵੈਨਕੂਵਰ ਬਿਜ਼ਨਸ ਇੰਪਰੂਵਮੈਂਟ ਐਸੋਸੀਏਸ਼ਨ ਦੀ ਜੇਨ ਟੈਲਬੋਟ ਨੇ 5 ਮਈ ਨੂੰ ਕਿਹਾ ਸੀ ਕਿ ਮੈਂਬਰਾਂ ਲਈ ਸੁਰੱਖਿਆ ਸਭ ਤੋਂ ਅਹਿਮ ਮੁੱਦਾ ਹੈ।


ਉਨ੍ਹਾਂ ਕਿਹਾ ਕਿ ਗਲੀਆਂ ਵਿੱਚ ਖਰਾਬ ਹੋ ਰਹੇ ਹਾਲਾਤ ਕਾਰਨ ਕਾਰੋਬਾਰ ਚਲਾਉਣਾ ਮੁਸ਼ਕਲ ਹੋ ਗਿਆ ਹੈ। ਮੇਅਰ ਸਿਮ ਨੇ ਵੀ ਕਿਹਾ ਕਿ ਭਾਵੇਂ ਇਹ ਸੇਵਾਵਾਂ ਜਾਨਾਂ ਬਚਾਉਂਦੀਆਂ ਹਨ, ਪਰ ਸੂਬਾ ਸਰਕਾਰ ਨੂੰ ਨਸ਼ਾ ਛੁਡਾਊ ਅਤੇ ਰਿਕਵਰੀ ਵਿਕਲਪਾਂ ਵਿੱਚ ਵਧੇਰੇ ਨਿਵੇਸ਼ ਕਰਨਾ ਚਾਹੀਦਾ ਹੈ। This report was written by Divroop Kaur as part of the Local Journalism Initiative.


BADYAL BLUEBERRY FARM

BKS ENTERPRISES LTD.

ਵੈਨਕੂਵਰ, ਨਿਊਵੈਸਟ ਮੀਨਿਸਟਰ, ਸਰੀ, ਡੈਲਟਾ, ਅਤੇ ਬਰਨਬੀ ਤੋਂ ਬੇਰੀ ਤੋੜਨ ਵਾਲੇ

ਵਰਕਰਾਂ ਦੀ ਲੋੜ ਹੈ।



- ਕੰਮ ਜੁਲਾਈ ਦੇ ਪਹਿਲੇ ਹਫ਼ਤੇ ਸ਼ੁਰੂ ਹੋਵੇਗਾ।
- ਕੀਤੇ ਕੰਮ ਦੀਆਂ ਸਟੈਪਾਂ ਦਿੱਤੀਆਂ ਜਾਣਗੀਆਂ।
- ਤਨਖਾਹ ਦੋ ਹਫ਼ਤਿਆ ਬਾਅਦ ਮਿਲੇਗੀ।
- ਰਾਈਡ ਦਾ ਵੀ ਖਾਸ ਪ੍ਰਬੰਧ ਹੈ।

ਕਲਾਸ-1, 4 ਅਤੇ 5 ਵਾਲੇ ਡਰਾਈਵਰਾਂ ਦੀ ਲੋੜ ਹੈ।
ਚੰਗੀ ਤਨਖਾਹ ਦਿੱਤੀ ਜਾਵੇਗੀ।

ਬਲਿਊ ਬੇਰੀ ਸੀਜ਼ਨ ਤੋਂ ਬਾਅਦ ਨਰਸਰੀ ਲਈ ਦਸੰਬਰ ਤੱਕ ਔਰਤਾਂ ਅਤੇ ਆਦਮੀਆਂ ਦੀ ਜ਼ਰੂਰਤ ਹੈ। ਕੰਮ ਘੰਟਿਆਂ ਦੇ ਹਿਸਾਬ ਹੋਵੇਗਾ।

ਬਡਿਆਲ ਬਲਿਊ ਬੇਰੀ ਫਾਰਮ

-: ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਕੁਲਵਿੰਦਰ ਸਿੰਘ ਬਡਿਆਲ
ਵੈਨਕੂਵਰ ਲਈ
604-671-0642

ਕੁਲਦੀਪ ਸਿੰਘ ਰਾਏ
ਡੈਲਟਾ ਅਤੇ ਸਰੀ ਲਈ
778-549-9620

ਬਲਦੇਵ ਸਿੰਘ ਸੰਘਾ
ਨਿਊਵੈਸਟ ਅਤੇ ਬਰਨਬੀ ਲਈ
604-813-0909

# ਰਾਇਲ ਕੈਨੇਡੀਅਨ ਏਅਰ ਫੋਰਸ ਲਈ ਸਵੀਡਿਸ਼ ਕੰਪਨੀ 'ਸਾਬ' ਨਾਲ ਜਹਾਜ਼ਾਂ ਦਾ ਸੌਦਾ ਕੀਤਾ ਤੈਅ

## ਦੇਸ਼ ਨੂੰ 6 ਆਧੁਨਿਕ ਅਰਲੀ ਵਾਰਨਿੰਗ ਰਡਾਰ ਜਹਾਜ਼ਾਂ ਦੀ ਲੋੜ ਹੈ : ਫੈਡਰਲ ਸਰਕਾਰ

ਸਰੀ, (ਦਿਵਰੂਪ ਕੌਰ): ਫੈਡਰਲ ਸਰਕਾਰ ਨੇ ਰਾਇਲ ਕੈਨੇਡੀਅਨ ਏਅਰ ਫੋਰਸ ਲਈ ਨਿਗਰਾਨੀ ਜਹਾਜ਼ਾਂ ਦਾ ਇੱਕ ਨਵਾਂ ਬੇੜਾ ਖਰੀਦਣ ਲਈ ਸਵੀਡਿਸ਼ ਰੱਖਿਆ ਕੰਪਨੀ ਸਾਬ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ ਹੈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਬੁੱਧਵਾਰ ਨੂੰ ਓਟਾਵਾ ਵਿੱਚ ਕੈਨਸੈਕ ਰੱਖਿਆ ਪ੍ਰਦਰਸ਼ਨੀ ਦੌਰਾਨ ਇਹ ਜਾਣਕਾਰੀ ਦਿੱਤੀ। ਸਰਕਾਰ ਨੇ ਪਹਿਲਾਂ ਦੱਸਿਆ ਸੀ ਕਿ ਦੇਸ਼ ਨੂੰ 6 ਆਧੁਨਿਕ ਅਰਲੀ ਵਾਰਨਿੰਗ ਰਡਾਰ ਜਹਾਜ਼ਾਂ ਦੀ ਲੋੜ ਹੈ। ਇਹ ਜਹਾਜ਼ ਸਾਬ ਕੰਪਨੀ ਦੁਆਰਾ ਬੰਬਾਰਡੀਅਰ ਦੇ ਗਲੋਬਲ 6500 ਬਿਜ਼ਨਸ ਜੈੱਟ ਦੇ ਆਧਾਰ 'ਤੇ ਤਿਆਰ ਕੀਤੇ ਜਾਂਦੇ ਹਨ। ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਇਹ ਗਲੋਬਲਆਈ ਨਿਗਰਾਨੀ ਜਹਾਜ਼ 650 ਕਿਲੋਮੀਟਰ ਦੀ ਦੂਰੀ ਤੱਕ ਕਿਸੇ ਵੀ ਵਸਤੂ ਜਾਂ ਸਿਗਨਲ ਨੂੰ ਟਰੈਕ ਕਰਨ ਦੇ ਸਮਰੱਥ ਹਨ ਅਤੇ ਇਹ ਜਾਣਕਾਰੀ ਕੈਨੇਡੀਅਨ ਫੌਜ ਅਤੇ ਸਹਿਯੋਗੀਆਂ ਨਾਲ ਤੁਰੰਤ ਸਾਂਝੀ ਕੀਤੀ ਜਾ ਸਕੇਗੀ।



ਮਾਰਕ ਕਾਰਨੀ ਇਸ ਸਾਲਾਨਾ ਰੱਖਿਆ ਪ੍ਰਦਰਸ਼ਨੀ ਵਿੱਚ ਸ਼ਾਮਲ ਹੋਣ ਵਾਲੇ ਪਹਿਲੇ ਪ੍ਰਧਾਨ ਮੰਤਰੀ ਬਣੇ ਹਨ, ਜੋ ਉਹਨਾਂ ਦੇ ਦੇਸ਼ ਦੇ ਫੌਜੀ ਆਧੁਨਿਕੀਕਰਨ ਅਤੇ ਘਰੇਲੂ ਰੱਖਿਆ ਉਦਯੋਗ ਨੂੰ ਮਜ਼ਬੂਤ ਕਰਨ ਦੇ ਇਰਾਦੇ ਨੂੰ ਦਰਸਾਉਂਦਾ ਹੈ। ਕਾਰਲਟਨ ਯੂਨੀਵਰਸਿਟੀ ਦੇ ਰੱਖਿਆ ਮਾਹਰ ਪ੍ਰੋਫੈਸਰ ਫਿਲਿਪ ਲਾਗਾਸੇ ਅਨੁਸਾਰ, ਇਹ ਫੈਸਲਾ ਅਮਰੀਕੀ ਰੱਖਿਆ ਉਦਯੋਗ 'ਤੇ ਨਿਰਭਰਤਾ ਘਟਾਉਣ ਅਤੇ ਯੂਰਪੀਅਨ ਭਾਈਵਾਲਾਂ ਨਾਲ ਸਬੰਧ ਵਧਾਉਣ ਵੱਲ ਇੱਕ ਅਹਿਮ ਕਦਮ ਹੈ। ਇਹਨਾਂ ਜਹਾਜ਼ਾਂ ਵਿੱਚ 20 ਫੀਸਦੀ ਸਮੱਗਰੀ ਅਮਰੀਕੀ ਹੋਵੇਗੀ। ਬੰਬਾਰਡੀਅਰ ਇਹਨਾਂ ਜੈੱਟਾਂ ਦਾ ਨਿਰਮਾਣ ਟੋਰਾਂਟੋ ਖੇਤਰ ਵਿੱਚ ਕਰਦੀ ਹੈ, ਜਦਕਿ ਸਾਬ ਕੰਪਨੀ ਸਵੀਡਨ ਵਿੱਚ ਫੌਜੀ ਉਪਕਰਣ ਸਥਾਪਤ ਕਰਦੀ ਹੈ। ਪਰ ਹੁਣ ਸਾਬ ਇਹ ਕੰਮ ਕੈਨੇਡਾ ਵਿੱਚ ਹੀ ਕਰੇਗੀ ਤਾਂ ਜੋ ਇੱਥੋਂ ਨਿਰਯਾਤ ਨੂੰ ਵੀ ਹੁਲਾਰਾ ਦਿੱਤਾ ਜਾ ਸਕੇ। ਸਾਬ ਦੇ ਸੀਈਓ ਮਾਈਕਲ ਜੋਹਾਨਸਨ ਨੇ ਦੱਸਿਆ ਕਿ ਉਹ ਕੈਨੇਡਾ ਵਿੱਚ ਇੱਕ ਉਦਯੋਗਿਕ ਹੱਬ ਸਥਾਪਤ ਕਰਨਗੇ ਤਾਂ ਜੋ ਜਹਾਜ਼ਾਂ ਦਾ ਨਿਰਮਾਣ ਸਥਾਨਕ ਪੱਧਰ 'ਤੇ ਤੇਜ਼ੀ ਨਾਲ ਕੀਤਾ ਜਾ ਸਕੇ। ਕੈਨੇਡੀਅਨ ਰੱਖਿਆ ਮੰਤਰਾਲੇ ਨੇ ਇਸ ਸੌਦੇ ਲਈ ਅਮਰੀਕੀ ਕੰਪਨੀਆਂ ਬੋਇੰਗ ਅਤੇ ਐਲ3ਹੈਰਿਸ ਦੇ ਉਤਪਾਦਾਂ 'ਤੇ ਵੀ ਵਿਚਾਰ ਕੀਤਾ ਸੀ, ਪਰ ਅੰਤ ਵਿੱਚ ਸਵੀਡਿਸ਼ ਮਾਡਲ ਨੂੰ ਚੁਣਿਆ ਗਿਆ। ਫਾਈਟਰ ਜੈੱਟਾਂ ਦੀ ਖਰੀਦ ਸਬੰਧੀ ਅਜੇ ਕੋਈ ਅੰਤਿਮ ਫੈਸਲਾ ਨਹੀਂ ਹੋਇਆ ਹੈ, ਜਿੱਥੇ ਸਾਬ ਦਾ ਗ੍ਰਿਪਨ ਜਹਾਜ਼ ਅਮਰੀਕੀ ਐਫ-35 ਜਹਾਜ਼ ਨੂੰ ਟੱਕਰ ਦੇ ਰਿਹਾ ਹੈ। ਅਮਰੀਕਾ ਨਾਲ ਚੱਲ ਰਹੀ ਵਪਾਰਕ ਜੰਗ ਕਾਰਨ 88 ਐਫ-35 ਜਹਾਜ਼ਾਂ ਦਾ ਆਰਡਰ ਪਿਛਲੇ 1 ਸਾਲ ਤੋਂ ਸਿਆਸੀ ਸਮੀਖਿਆ ਦੇ ਘੇਰੇ ਵਿੱਚ ਹੈ। This report was written by Divroop Kaur as part of the Local Journalism Initiative.

## ਯੂਏਈ ਵਿੱਚ ਕੈਨੇਡੀਅਨ ਦੂਤਾਵਾਸ ਬਣਿਆ ਅਮਰੀਕੀ ਨਾਗਰਿਕਾਂ ਲਈ ਸਹਾਰਾ


# ਇਰਾਨ ਜੰਗ ਦੌਰਾਨ ਕੈਨੇਡੀਅਨ ਅਧਿਕਾਰੀਆਂ ਨੇ ਅਮਰੀਕੀਆਂ ਨੂੰ ਸੁਰੱਖਿਅਤ ਕੱਢਿਆ

ਸਰੀ, (ਦਿਵਰੂਪ ਕੌਰ): ਫੈਡਰਲ ਸਰਕਾਰ ਨੇ ਬੁੱਧਵਾਰ ਨੂੰ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਮਿਡਲ ਈਸਟ ਵਿੱਚ ਤਾਇਨਾਤ ਕੈਨੇਡੀਅਨ ਅਧਿਕਾਰੀਆਂ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਰਾਨ ਖਿਲਾਫ ਸ਼ੁਰੂ ਕੀਤੀ ਗਈ ਜੰਗ ਤੋਂ ਬਾਅਦ ਉੱਥੋਂ ਨਿਕਲਣ ਦੀ ਕੋਸ਼ਿਸ਼ ਕਰ ਰਹੇ ਅਮਰੀਕੀ ਨਾਗਰਿਕਾਂ ਦੀ ਹਰਸੰਭਵ ਮਦਦ ਕੀਤੀ। ਅਮਰੀਕਾ ਅਧਾਰਤ ਪ੍ਰਕਾਸ਼ਨ 'ਸੇਮਾਫੋਰ' ਦੁਆਰਾ ਸਾਹਮਣੇ ਲਿਆਂਦੀ ਗਈ ਇਸ ਜਾਣਕਾਰੀ ਵਿੱਚ ਦੱਸਿਆ ਗਿਆ ਹੈ ਕਿ ਇਹ ਸਹਾਇਤਾ ਉਸ ਸਮੇਂ ਪ੍ਰਦਾਨ ਕੀਤੀ ਗਈ ਜਦੋਂ ਅਮਰੀਕੀ ਅਧਿਕਾਰੀਆਂ ਕੋਲ ਆਪਣੇ ਨਾਗਰਿਕਾਂ ਲਈ ਨਵੇਂ ਜਾਂ ਨਵਿਆਏ ਗਏ ਪਾਸਪੋਰਟ ਜਾਰੀ ਕਰਨ ਲਈ ਕੋਈ ਢੁਕਵੀਂ ਜਗ੍ਹਾ ਮੌਜੂਦ ਨਹੀਂ ਸੀ, ਜੋ ਕਿ ਉਸ ਖੇਤਰ ਵਿੱਚੋਂ ਬਾਹਰ ਨਿਕਲਣ ਲਈ ਬਹੁਤ ਜ਼ਰੂਰੀ ਸਨ। ਰਿਪੋਰਟ ਦੇ ਅਨੁਸਾਰ ਸੰਯੁਕਤ ਅਰਬ ਅਮੀਰਾਤ ਭਾਵ ਯੂਏਈ ਵਿੱਚ ਮੌਜੂਦ ਕੈਨੇਡੀਅਨ ਅਧਿਕਾਰੀਆਂ ਨੇ ਅਮਰੀਕੀ ਕੌਂਸਲਰ ਸਟਾਫ ਨੂੰ ਕੈਨੇਡੀਅਨ ਦੂਤਾਵਾਸ ਦੇ ਚੈਕ-ਇਨ ਕਾਊਂਟਰ 'ਤੇ ਜਗ੍ਹਾ ਦਿੱਤੀ ਤਾਂ ਜੋ ਉਹ ਅਮਰੀਕੀ ਨਾਗਰਿਕਾਂ ਨੂੰ ਖੇਤਰ ਛੱਡਣ ਲਈ ਲੋੜੀਂਦੇ ਦਸਤਾਵੇਜ਼ ਤਿਆਰ ਕਰਕੇ ਦੇ ਸਕਣ। ਗਲੋਬਲ ਅਫੇਅਰਜ਼ ਕੈਨੇਡਾ ਨੇ ਇਸ ਸਬੰਧੀ ਕਿਹਾ ਹੈ ਕਿ ਭਾਵੇਂ ਉਹਨਾਂ ਦਾ ਮੁੱਖ ਮਕਸਦ ਵਿਦੇਸ਼ਾਂ ਵਿੱਚ ਮੌਜੂਦ ਕੈਨੇਡੀਅਨਾਂ ਨੂੰ ਕੌਂਸਲਰ ਸਹਾਇਤਾ ਪ੍ਰਦਾਨ ਕਰਨਾ ਹੁੰਦਾ ਹੈ, ਪਰ ਵਿਭਾਗ ਨੇ



ਮਿਡਲ ਈਸਟ ਵਿੱਚ ਚੱਲ ਰਹੇ ਮੌਜੂਦਾ ਸੰਘਰਸ਼ ਦੌਰਾਨ ਕਈ ਹੋਰ ਖੇਤਰਾਂ ਦੇ ਨਾਗਰਿਕਾਂ ਦੀ ਵੀ ਮਦਦ ਕੀਤੀ ਹੈ। ਵਿਭਾਗ ਦੇ ਬੁਲਾਰੇ ਥੀਡਾ ਇਥ ਨੇ ਇੱਕ ਬਿਆਨ ਵਿੱਚ ਲਿਖਿਆ ਕਿ ਕੈਨੇਡਾ ਨੇ ਅਮਰੀਕਾ, ਯੂਨਾਈਟਿਡ ਕਿੰਗਡਮ, ਜਾਪਾਨ ਅਤੇ ਹੋਰ ਕਈ ਭਾਈਵਾਲ ਦੇਸ਼ਾਂ ਦੇ ਨਾਗਰਿਕਾਂ ਨੂੰ ਆਪਣੀਆਂ ਉਡਾਣਾਂ ਵਿੱਚ ਸੀਟਾਂ ਦੀ ਪੇਸ਼ਕਸ਼ ਕੀਤੀ। ਕੈਨੇਡਾ ਨੇ ਇਰਾਨ ਦੇ ਨਾਲ ਲੱਗਦੇ ਅਹਿਮ ਸਰਹੱਦੀ ਲਾਂਘਿਆਂ 'ਤੇ ਕੌਂਸਲਰ ਯਤਨਾਂ ਨੂੰ ਸਫਲ ਬਣਾਉਣ ਲਈ ਆਸਟ੍ਰੇਲੀਆ, ਨਿਊਜ਼ੀਲੈਂਡ, ਯੂਨਾਈਟਿਡ ਕਿੰਗਡਮ, ਅਮਰੀਕਾ, ਫਰਾਂਸ ਅਤੇ ਜਾਪਾਨ ਵਰਗੇ ਸਹਿਯੋਗੀਆਂ ਨਾਲ ਨਜ਼ਦੀਕੀ ਤਾਲਮੇਲ ਬਣਾ ਕੇ ਕੰਮ ਕੀਤਾ। ਇਹ ਸਹਿਯੋਗ ਫਾਈਵ ਆਈਜ਼ ਭਾਈਵਾਲਾਂ ਵਿਚਕਾਰ ਲੰਬੇ ਸਮੇਂ ਤੋਂ ਚੱਲ ਰਹੇ ਪ੍ਰਬੰਧਾਂ 'ਤੇ ਅਧਾਰਤ ਹੈ ਜੋ ਐਮਰਜੈਂਸੀ ਪ੍ਰਬੰਧਨ ਅਤੇ ਸੁਰੱਖਿਆ 'ਤੇ ਤਾਲਮੇਲ ਨੂੰ ਮਜ਼ਬੂਤ ਕਰਦਾ ਹੈ। ਅਮਰੀਕੀ ਨਾਗਰਿਕਾਂ ਨੂੰ ਬਾਹਰ ਕੱਢਣ ਲਈ ਕੈਨੇਡਾ ਦਾ ਇਹ ਸਹਿਯੋਗ ਉਸ ਸਮੇਂ ਸਾਹਮਣੇ ਆਇਆ ਹੈ ਜਦੋਂ ਓਟਾਵਾ ਅਤੇ ਟਰੰਪ ਪ੍ਰਸ਼ਾਸਨ ਵਿਚਕਾਰ ਸਬੰਧ ਕਾਫੀ ਤਣਾਅਪੂਰਨ ਚੱਲ ਰਹੇ ਹਨ। ਕੈਨੇਡਾ ਦੇ ਕਈ ਸਹਿਯੋਗੀ ਦੇਸ਼ਾਂ ਨਾਲ ਐਮਰਜੈਂਸੀ ਵਿੱਚ ਕੌਂਸਲਰ ਸੇਵਾਵਾਂ ਸਾਂਝੀਆਂ ਕਰਨ ਦੇ ਸਮਝੌਤੇ ਹਨ, ਪਰ ਅਮਰੀਕਾ ਨਾਲ ਅਜਿਹਾ ਕੋਈ ਰਸਮੀ ਸਮਝੌਤਾ ਨਹੀਂ ਹੈ। ਰਿਪੋਰਟ ਵਿੱਚ ਇੱਕ ਅਣਪਛਾਤੇ ਅਮਰੀਕੀ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਅਮਰੀਕੀ ਨਾਗਰਿਕ ਉੱਥੇ ਫਸ ਗਏ ਸਨ ਕਿਉਂਕਿ ਉਹਨਾਂ ਦੇ ਪਾਸਪੋਰਟ ਅਮਰੀਕਾ ਵਿੱਚ ਪ੍ਰਿੰਟ ਹੋ ਕੇ ਆ ਗਏ ਸਨ ਪਰ ਉਹਨਾਂ ਨੂੰ ਵੰਡਣ ਲਈ ਕੋਈ ਜਗ੍ਹਾ ਨਹੀਂ ਸੀ। ਇਹ ਘਟਨਾ ਦੱਸਦੀ ਹੈ ਕਿ ਅਮਰੀਕੀ ਵਿਦੇਸ਼ ਵਿਭਾਗ ਇਸ ਜੰਗ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਸੀ, ਜਿਸ ਵਿੱਚ ਹੁਣ ਤੱਕ 3000 ਤੋਂ ਵੱਧ ਇਰਾਨੀ ਅਤੇ 13 ਅਮਰੀਕੀ ਸੈਨਿਕ ਮਾਰੇ ਜਾ ਚੁੱਕੇ ਹਨ। ਓਟਾਵਾ ਯੂਨੀਵਰਸਿਟੀ ਦੇ ਅੰਤਰਰਾਸ਼ਟਰੀ ਸਬੰਧਾਂ ਦੇ ਪ੍ਰੋਫੈਸਰ ਥਾਮਸ ਜੂਨੋ ਨੇ ਕਿਹਾ ਕਿ ਰਾਜਨੀਤਿਕ ਬਿਆਨਬਾਜ਼ੀ ਦੇ ਬਾਵਜੂਦ, ਕੈਨੇਡੀਅਨ ਅਤੇ ਅਮਰੀਕੀ ਅਧਿਕਾਰੀਆਂ ਵਿਚਕਾਰ ਹੇਠਲੇ ਪੱਧਰ 'ਤੇ ਕੰਮ ਦੇ ਸਬੰਧ ਬਹੁਤ ਵਧੀਆ ਹਨ। ਉਹਨਾਂ ਮੁਤਾਬਕ ਜੇਕਰ ਕੈਨੇਡਾ ਇਸ ਮੁਸ਼ਕਲ ਸਮੇਂ ਮਦਦ ਕਰਨ ਤੋਂ ਇਨਕਾਰ ਕਰ ਦਿੰਦਾ, ਤਾਂ ਇਹ ਬਹੁਤ ਨੁਕਸਾਨਦੇਹ ਸਾਬਤ ਹੁੰਦਾ। ਹਾਲਾਂਕਿ, ਇਹ ਦੇਖਣਾ ਬਾਕੀ ਹੈ ਕਿ ਟਰੰਪ ਦੇ ਸ਼ਾਸਨਕਾਲ ਵਿੱਚ ਇਹ ਸੰਬੰਧ ਕਦੋਂ ਤੱਕ ਇੰਨੇ ਮਜ਼ਬੂਤ ਰਹਿ ਸਕਦੇ ਹਨ। This report was written by Divroop Kaur as part of the Local Journalism Initiative.


ਨਗਰ ਲੰਮਾ ਜੱਟਪੁਰਾ ਦੀ ਸਮੂਹ ਸਾਧ ਸੰਗਤ ਵਲੋਂ ਅਖੰਡਪਾਠ ਸਾਹਿਬ 29 ਨੂੰ



ਨਗਰ ਲੰਮਾ ਜੱਟਪੁਰਾ ਦੀ ਸਮੂਹ ਸਾਧ ਸੰਗਤ ਵਲੋਂ ਗੁਰੂ ਦਸ਼ਮੇਸ਼ ਪਿਤਾ ਦੀਆਂ ਅਪਾਰ ਬਖਸ਼ਿਸ਼ਾਂ ਦੇ ਸੁਕਰਾਨੇ ਲਈ ਸਲਾਨਾ ਅਖੰਡਪਾਠ ਸਾਹਿਬ 29 30 31 ਮਈ ਨੂੰ ਗੁਰਦਵਾਰਾ ਸਾਹਿਬ ਯੌਰਕ ਸੈਂਟਰ ਸਰੀ ਵਿਖੇ ਕਰਵਾਇਆ ਜਾ ਰਿਹਾ ਹੈ। ਐਤਵਾਰ ਸਵੇਰੇ ਅਖੰਡਪਾਠ ਸਾਹਿਬ ਦੇ ਭੋਗ ਪੈਣਗੇ। ਸਮੇ ਸਿਰ ਪਹੁੰਚਣ ਦੀ ਕਿਰਪਾ ਕਰਨੀ।

ਨੋਟ: ਲੰਮਾ ਪਿੰਡ ਦਸ਼ਮੇਸ਼ ਪਿਤਾ 21 ਦਿਨ ਬਿਰਾਜਮਾਨ ਰਹੇ।

ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ :
ਮਾਸਟਰ ਸੁਰਜੀਤ ਸਿੰਘ ਲੰਮੇ 604-897-9034
ਅਵਤਾਰ ਸਿੰਘ ਗਰੇਵਾਲ ਜੱਟਪੁਰਾ 604-818-2899
ਦਰਸ਼ਨ ਸਿੰਘ ਢਿਲੋਂ ਲੰਮੇ 604-306-9897

FAST COMPUTER REPAIR



New Web Designing & Hosting Services
Onsite Service Available
Computer Repair & Upgrade
Spyware & Virus Removal
Same Day Service



Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444

# ਡਾਇਲਨ ਕਰੂਗਰ ਵੱਲੋਂ ਡੈਲਟਾ ਦੇ ਮੇਅਰ ਅਹੁਦੇ ਲਈ ਚੋਣ ਲੜਨ ਦਾ ਅਧਿਕਾਰਤ ਐਲਾਨ



ਸਰੀ, (ਦਿਵਰੂਪ ਕੌਰ): ਕਈ ਮਹੀਨਿਆਂ ਦੀਆਂ ਅਫਵਾਹਾਂ ਤੋਂ ਬਾਅਦ ਆਖਰਕਾਰ ਡਾਇਲਨ ਕਰੂਗਰ ਨੇ ਡੈਲਟਾ ਦੇ ਅਗਲੇ ਮੇਅਰ ਵਜੋਂ ਚੋਣ ਲੜਨ ਦਾ ਅਧਿਕਾਰਤ ਐਲਾਨ ਕਰ ਦਿੱਤਾ ਹੈ। ਕੈਸਕੇਡਜ਼ ਕੈਸੀਨੋ ਡੈਲਟਾ ਵਿਖੇ ਬੁੱਧਵਾਰ ਸ਼ਾਮ ਨੂੰ 2 ਵਾਰ ਕੌਂਸਲਰ ਰਹਿ ਚੁੱਕੇ ਕਰੂਗਰ ਨੇ ਆਪਣੀ ਵਨ ਡੈਲਟਾ ਟੀਮ ਦੀ ਮੁਹਿੰਮ ਸ਼ੁਰੂ ਕੀਤੀ। ਉਹਨਾਂ ਨੇ ਬੁਨਿਆਦੀ ਢਾਂਚੇ, ਜਨਤਕ ਸੁਰੱਖਿਆ, ਜ਼ਿੰਮੇਵਾਰ ਖਰਚਿਆਂ ਅਤੇ ਆਰਥਿਕ ਵਿਕਾਸ ਉੱਤੇ ਧਿਆਨ ਕੇਂਦਰਿਤ ਕਰਨ ਦਾ ਵਾਅਦਾ ਕੀਤਾ ਹੈ। ਕਰੂਗਰ ਨੇ ਕਿਹਾ ਕਿ ਡੈਲਟਾ ਕੈਨੇਡਾ ਦੇ ਸਭ ਤੋਂ ਬਿਹਤਰੀਨ ਭਾਈਚਾਰਿਆਂ ਵਿੱਚੋਂ ਇੱਕ ਹੈ ਅਤੇ ਉਹਨਾਂ ਦੀ ਟੀਮ ਇਸਨੂੰ ਹੋਰ ਅੱਗੇ ਲਿਜਾਣ ਦੀ ਸਮਰੱਥਾ ਰੱਖਦੀ ਹੈ।

ਕਰੂਗਰ ਨੇ ਆਪਣੀ ਟੀਮ ਦੇ 13 ਉਮੀਦਵਾਰਾਂ ਦਾ ਐਲਾਨ ਵੀ ਕੀਤਾ। ਸਿਟੀ ਕੌਂਸਲ ਲਈ ਜੈਨੀਫਰ ਜੋਹਲ, ਰੋਡ ਬਾਈਂਡਰ, ਡੇਨੀਅਲ ਬੋਇਸਵਰਟ, ਸਿਲਵੀਆ ਬਿਸ਼ਪ, ਸਾਰਾਹ ਗੈਲਪ ਅਤੇ ਪਵਨ ਜੋਸ਼ੀ ਚੋਣ ਮੈਦਾਨ ਵਿੱਚ ਹਨ। ਸਕੂਲ ਬੋਰਡ ਲਈ ਮੌਜੂਦਾ ਟਰੱਸਟੀ ਐਮਨ ਢਿੱਲੋਂ, ਮਾਸਾਕੋ ਗੂਚ ਅਤੇ ਵੈਲ ਵਿੰਡਸਰ ਦੇ ਨਾਲ ਜੈਸੀ ਬੀਅਰਮੈਨ, ਤਾਮਾਰਾ ਬਿਸੈੱਟ-ਲਾਜ਼ਾ, ਗੁਰਿੰਦਰ ਕਾਹਲੋਂ ਅਤੇ ਸੂਰਜ ਉੱਪਲ ਚੋਣ ਲੜਨਗੇ। ਆਪਣੇ ਬਿਆਨ ਵਿੱਚ ਕਰੂਗਰ ਨੇ ਮੌਜੂਦਾ ਮੇਅਰ ਉੱਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਹ ਆਮ ਨਿਵਾਸੀਆਂ ਦੀਆਂ ਸਮੱਸਿਆਵਾਂ ਤੋਂ ਦੂਰ ਹੋ ਗਏ ਹਨ। ਉਹਨਾਂ ਸਪੱਸ਼ਟ ਕੀਤਾ ਕਿ ਟੈਕਸਦਾਤਾਵਾਂ ਦਾ ਪੈਸਾ ਅੰਤਰਰਾਸ਼ਟਰੀ ਯਾਤਰਾਵਾਂ ਲਈ ਨਹੀਂ ਹੈ ਅਤੇ ਜਨਤਾ ਦੀ ਰਾਏ ਲੋਕਤੰਤਰ ਦਾ ਅਹਿਮ ਹਿੱਸਾ ਹੈ। ਇਸੇ ਲਈ ਵਨ ਡੈਲਟਾ ਟੀਮ ਸਿਟੀਜ਼ਨ ਕਮੇਟੀਆਂ ਨੂੰ ਮੁੜ ਬਹਾਲ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। This report was written by Divroop Kaur as part of the Local Journalism Initiative.

# ਗਾਜ਼ਾ ਲਈ ਰਾਹਤ ਸਮੱਗਰੀ ਲਿਜਾਣ ਵਾਲੇ ਕੈਨੇਡੀਅਨਾਂ ਦੀ ਵਤਨ ਵਾਪਸੀ

## ਗਲੋਬਲ ਅਫੇਅਰਜ਼ ਕੈਨੇਡਾ ਵੱਲੋਂ ਹਿਰਾਸਤ ਦੌਰਾਨ ਨਾਗਰਿਕਾਂ ਨਾਲ ਹੋਏ ਦੁਰਵਿਵਹਾਰ ਦੀ ਨਿੰਦਾ



ਸਰੀ, (ਦਿਵਰੂਪ ਕੌਰ): ਗਾਜ਼ਾ ਦੀ ਸਮੁੰਦਰੀ ਨਾਕਾਬੰਦੀ ਤੋੜਨ ਦੀ ਕੋਸ਼ਿਸ਼ ਕਰਨ ਵਾਲੇ ਫਲੋਟਿਲਾ ਵਿੱਚ ਸ਼ਾਮਲ ਕੁੱਝ ਕੈਨੇਡੀਅਨ ਨਾਗਰਿਕ ਇਸ ਹਫਤੇ ਦੇ ਅੰਤ ਤੱਕ ਕੈਨੇਡਾ ਪਰਤਣ ਵਾਲੇ ਹਨ। ਇਹਨਾਂ ਕੈਨੇਡੀਅਨਾਂ ਨੂੰ ਪਿਛਲੇ ਹਫਤੇ ਇਜ਼ਰਾਈਲੀ ਬਲਾਂ ਨੇ ਹਿਰਾਸਤ ਵਿੱਚ ਲਿਆ ਸੀ ਅਤੇ ਖਬਰਾਂ ਮੁਤਾਬਕ ਤੁਰਕੀ ਭੇਜੇ ਜਾਣ ਤੋਂ ਪਹਿਲਾਂ ਹਿਰਾਸਤ ਦੌਰਾਨ ਉਹਨਾਂ ਨਾਲ ਦੁਰਵਿਵਹਾਰ ਕੀਤਾ ਗਿਆ ਸੀ।

ਇਸ ਮੁਹਿੰਮ ਨੂੰ ਆਯੋਜਿਤ ਕਰਨ ਵਾਲੇ ਗਲੋਬਲ ਸੁਮੂਦ ਫਲੋਟਿਲਾ ਦਾ ਕਹਿਣਾ ਹੈ ਕਿ ਫਲੋਟਿਲਾ ਵਿੱਚ ਸ਼ਾਮਲ 12 ਵਿੱਚੋਂ 9 ਕੈਨੇਡੀਅਨ ਤੁਰਕੀ ਤੋਂ ਮਾਂਟਰੀਅਲ, ਟੋਰਾਂਟੋ ਅਤੇ ਵੈਨਕੂਵਰ ਦੇ ਹਵਾਈ ਅੱਡਿਆਂ ‘ਤੇ ਅੱਜ ਅਤੇ ਕੱਲ੍ਹ ਪਹੁੰਚ ਰਹੇ ਹਨ। ਬਾਕੀ 3 ਵਿੱਚੋਂ ਇੱਕ ਵਿਅਕਤੀ ਅਜੇ ਵੀ ਤੁਰਕੀ ਵਿੱਚ ਹੈ ਅਤੇ ਦੋ ਹੋਰ ਮੰਜ਼ਿਲਾਂ ਵੱਲ ਜਾ ਰਹੇ ਹਨ। ਸ਼ੁੱਕਰਵਾਰ ਨੂੰ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਦੱਸਿਆ ਕਿ ਤੁਰਕੀ ਦੇ ਅਧਿਕਾਰੀਆਂ ਤੋਂ ਮਿਲੀ ਜਾਣਕਾਰੀ ਮੁਤਾਬਕ ਕੈਨੇਡੀਅਨਾਂ ਨੂੰ ਹਿਰਾਸਤ ਦੌਰਾਨ ਭਾਰੀ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਅਤੇ ਉਹ ਤੁਰਕੀ ਵਿੱਚ ਡਾਕਟਰੀ ਇਲਾਜ ਲੈ ਰਹੇ ਹਨ।

ਇਜ਼ਰਾਈਲੀ ਜੇਲ੍ਹ ਅਧਿਕਾਰੀਆਂ ਨੇ ਕਿਸੇ ਵੀ ਤਰ੍ਹਾਂ ਦੇ ਦੁਰਵਿਵਹਾਰ ਤੋਂ ਇਨਕਾਰ ਕੀਤਾ ਹੈ। ਇਹ ਕੈਨੇਡੀਅਨ ਉਹਨਾਂ 41 ਕਿਸ਼ਤੀਆਂ ‘ਤੇ ਸਵਾਰ 420 ਵਿਅਕਤੀਆਂ ਵਿੱਚ ਸ਼ਾਮਲ ਸਨ ਜਿਨ੍ਹਾਂ ਨੂੰ ਇਜ਼ਰਾਈਲ ਨੇ ਉਸ ਸਮੇਂ ਰੋਕ ਲਿਆ ਸੀ ਜਦੋਂ ਉਹ ਗਾਜ਼ਾ ਲਈ ਪ੍ਰਤੀਕਾਤਮਕ ਮਾਤਰਾ ਵਿੱਚ ਰਾਹਤ ਸਮੱਗਰੀ ਲਿਜਾਣ ਦੀ ਕੋਸ਼ਿਸ਼ ਕਰ ਰਹੇ ਸਨ। ਸਹਾਇਤਾ ਸਮੂਹਾਂ ਦਾ ਕਹਿਣਾ ਹੈ ਕਿ ਅਕਤੂਬਰ 2023 ਦੇ ਹਮਲੇ ਤੋਂ ਬਾਅਦ ਇਜ਼ਰਾਈਲ ਵੱਲੋਂ ਲਾਈਆਂ ਪਾਬੰਦੀਆਂ ਕਾਰਨ ਗਾਜ਼ਾ ਵਿੱਚ ਮਨੁੱਖੀ ਸੰਕਟ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ।

ਕੈਨੇਡੀਅਨਾਂ ਨੂੰ ਹਿਰਾਸਤ ਵਿੱਚ ਲਏ ਜਾਣ ਤੋਂ ਬਾਅਦ ਇਜ਼ਰਾਈਲ ਦੇ ਕੌਮੀ ਸੁਰੱਖਿਆ ਮੰਤਰੀ ਇਟਾਮਾਰ ਬੈਨ-ਗਵੀਰ ਨੇ ਇੱਕ ਵੀਡੀਓ ਵੀ ਜਾਰੀ ਕੀਤੀ ਸੀ ਜਿਸ ਵਿੱਚ ਉਹ ਜ਼ਮੀਨ ‘ਤੇ ਗੋਡਿਆਂ ਭਾਰ ਬੈਠੇ ਕਾਰਕੁੰਨਾਂ ਦਾ ਮਜ਼ਾਕ ਉਡਾ ਰਹੇ ਸਨ। ਗਲੋਬਲ ਅਫੇਅਰਜ਼ ਕੈਨੇਡਾ ਨੇ ਕੈਨੇਡਾ ਵਿੱਚ ਇਜ਼ਰਾਈਲ ਦੇ ਰਾਜਦੂਤ ਇਡੋ ਮੋਏਡ ਨੂੰ ਤਲਬ ਕਰਕੇ ਨਾਗਰਿਕਾਂ ਨਾਲ ਹੋਏ ਮਾੜੇ ਸਲੂਕ ਦੀ ਸਖ਼ਤ ਨਿੰਦਾ ਕੀਤੀ ਹੈ ਅਤੇ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। This report was written by Divroop Kaur as part of the Local Journalism Initiative.


**Valley Agro Ltd.**

**604-591-8594** **#207a-8556 120 Street, Surrey, BC**

**ਸਾਨੂੰ ਸਰੀ-ਡੈਲਟਾ ਤੋਂ**

**ਬਲਿਊ ਬੇਰੀ ਪਿਕਰਾਂ ਦੀ ਲੋੜ**

ਸਾਡੇ ਕੋਲ ਬਲਿਊਬੇਰੀ ਅਤੇ ਸਿਆਲੂ ਬੇਰੀ ਦਾ ਕੰਮ ਵੀ ਹੈ।

ਤੁਹਾਡੀ ਤੋੜੀ ਹੋਈ ਬਲਿਊਬੇਰੀ ਪੂਰੀ ਇਮਾਨਦਾਰੀ ਨਾਲ ਜੋਖੀ ਜਾਵੇਗੀ।

- ਘਰੋਂ ਲਿਜਾਣ ਅਤੇ ਛੱਡਣ ਦਾ ਪੂਰਾ ਪ੍ਰਬੰਧ ਹੈ।
- ਕੀਤੇ ਕੰਮ ਦੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ।
- ਤਨਖਾਹ ਹਰ ਦੋ ਹਫ਼ਤੇ ਬਾਅਦ ਦਿੱਤੀ ਜਾਵੇਗੀ।

ਬੇਰੀ ਤੋੜਨ ਦਾ ਕੰਮ ਜੁਲਾਈ ਦੇ ਪਹਿਲੇ ਹਫ਼ਤੇ ਤੋਂ ਸ਼ੁਰੂ ਹੋਵੇਗਾ।



**ਰਵਿੰਦਰ ਕੌਰ ਰਾਏ**
604-897-6410

**ਸ੍ਰ. ਸੁਰਜੀਤ ਸਿੰਘ ਰੰਧਾਵਾ**
604-325-7072 ਜਾਂ 604-591-8594
ਜਾਂ ਈ-ਮੇਲ ਕਰੋ : vagro@telus.net

# ਪਾਈਪਲਾਈਨ ਅਤੇ ਪਾਥਵੇਜ਼ ਪ੍ਰੋਜੈਕਟ ਕੀ ਅਲਬਰਟਾ ਦਾ ਕਾਰਬਨ ਸਟੋਰੇਜ ਸੁਪਨਾ ਹਕੀਕਤ ਬਣੇਗਾ?

ਸੰਪਾਦਕੀ

ਅਜੋਕੇ ਸਮੇਂ ਵਿੱਚ ਊਰਜਾ ਉਤਪਾਦਨ ਅਤੇ ਵਾਤਾਵਰਣ ਸੁਰੱਖਿਆ ਵਿਚਕਾਰ ਸੰਤੁਲਨ ਬਣਾਉਣਾ ਇੱਕ ਅਹਿਮ ਚੁਣੌਤੀ ਬਣ ਗਿਆ ਹੈ। ਅਲਬਰਟਾ ਅਤੇ ਓਟਾਵਾ ਵਿਚਕਾਰ ਨਵੰਬਰ ਮਹੀਨੇ ਵਿੱਚ ਹੋਏ ਇੱਕ ਵਿਆਪਕ ਊਰਜਾ ਸਮਝੌਤੇ ਨੇ ਇਸ ਬਹਿਸ ਨੂੰ ਨਵਾਂ ਮੋੜ ਦਿੱਤਾ ਹੈ। ਇਸ ਸਮਝੌਤੇ ਦਾ ਮੂਲ ਆਧਾਰ ਬਹੁਤ ਸਪੱਸ਼ਟ ਹੈ ਕਿ ਪਾਥਵੇਜ਼ ਪ੍ਰੋਜੈਕਟ ਤੋਂ ਬਿਨਾਂ ਕੋਈ ਪਾਈਪਲਾਈਨ ਨਹੀਂ ਬਣੇਗੀ ਅਤੇ ਪਾਈਪਲਾਈਨ ਤੋਂ ਬਿਨਾਂ ਪਾਥਵੇਜ਼ ਦੀ ਹੋਂਦ ਸੰਭਵ ਨਹੀਂ ਹੈ। ਅਲਬਰਟਾ ਸਰਕਾਰ ਪੱਛਮੀ ਤੱਟ ਤੱਕ ਇੱਕ ਸੰਭਾਵਿਤ ਨਵੀਂ ਪਾਈਪਲਾਈਨ ਲਈ ਸ਼ੁਰੂਆਤੀ ਯੋਜਨਾਬੰਦੀ ਅਤੇ ਨਿਯਮਤ ਕੰਮਕਾਜ ਦੀ ਅਗਵਾਈ ਕਰ ਰਹੀ ਹੈ। ਇਸ ਪਾਈਪਲਾਈਨ ਦੀ ਸਮਰੱਥਾ 1 ਮਿਲੀਅਨ ਬੈਰਲ ਪ੍ਰਤੀ ਦਿਨ ਹੋਵੇਗੀ। ਇਸ ਦਾ ਮੁੱਖ ਉਦੇਸ਼ ਤੇਲ ਉਤਪਾਦਨ ਨੂੰ ਉਤਸ਼ਾਹਿਤ ਕਰਨਾ ਅਤੇ ਏਸ਼ੀਆਈ ਬਾਜ਼ਾਰਾਂ ਵਿੱਚ ਨਿਰਯਾਤ ਨੂੰ ਵਧਾਉਣਾ ਹੈ। ਪਰ ਇਸ ਆਰਥਿਕ ਮੁਨਾਫੇ ਦੇ ਬਦਲੇ ਵਿੱਚ ਓਟਾਵਾ ਨਾਲ ਹੋਏ ਸਮਝੌਤੇ ਵਿੱਚ ਇਹ ਸ਼ਰਤ ਰੱਖੀ ਗਈ ਹੈ ਕਿ ਇਸ ਪ੍ਰੋਜੈਕਟ ਕਾਰਨ ਪੈਦਾ ਹੋਣ ਵਾਲੇ ਕਾਰਬਨ ਨਿਕਾਸ ਨੂੰ ਠੋਸ ਤਰੀਕੇ ਨਾਲ ਘਟਾਉਣਾ ਪਵੇਗਾ।

ਇਸੇ ਸ਼ਰਤ ਨੂੰ ਪੂਰਾ ਕਰਨ ਲਈ ਪਾਥਵੇਜ਼ ਨਾਮਕ ਇੱਕ ਮਲਟੀਬਿਲੀਅਨ ਡਾਲਰ ਦੀ ਯੋਜਨਾ ਸਾਹਮਣੇ ਆਈ ਹੈ। ਇਸ ਯੋਜਨਾ ਦਾ ਮੁੱਖ ਟੀਚਾ 2045 ਤੱਕ ਤੇਲ ਉਦਯੋਗ ਵਿੱਚੋਂ ਹਰ ਸਾਲ 16 ਮਿਲੀਅਨ ਟਨ ਕਾਰਬਨ ਡਾਈਆਕਸਾਈਡ ਦੇ ਨਿਕਾਸ ਨੂੰ ਘਟਾਉਣਾ ਹੈ। ਇਹ ਪ੍ਰੋਜੈਕਟ ਪਿਛਲੇ 4 ਸਾਲਾਂ ਤੋਂ ਵਿਚਾਰ ਅਧੀਨ ਹੈ। ਇਸ ਦੇ ਬਾਵਜੂਦ ਪ੍ਰਸਤਾਵ ਪੇਸ਼ ਕਰਨ ਵਾਲੀਆਂ ਕੰਪਨੀਆਂ, ਸੂਬਾ ਸਰਕਾਰ ਅਤੇ ਫੈਡਰਲ ਸਰਕਾਰ ਅਜੇ ਤੱਕ ਇਹ ਤੈਅ ਨਹੀਂ ਕਰ ਸਕੀਆਂ ਹਨ ਕਿ ਇਸ ਪ੍ਰੋਜੈਕਟ ਦੀ ਲਾਗਤ ਅਤੇ ਜੋਖਮ ਨੂੰ ਕਿਵੇਂ ਸਾਂਝਾ ਕੀਤਾ ਜਾਵੇਗਾ। ਅਲਬਰਟਾ ਅਤੇ ਓਟਾਵਾ ਦੇ ਸਮਝੌਤੇ ਵਿੱਚ ਇੱਕ ਤਿੰਨ-ਪੱਖੀ ਸੌਦੇ ਤੱਕ ਪਹੁੰਚਣ ਲਈ 1 ਅਪ੍ਰੈਲ ਦੀ ਤਰੀਕ ਮਿੱਥੀ ਗਈ ਸੀ ਪਰ ਇਹ ਮਸਲਾ ਅਜੇ ਵੀ ਅਣਸੁਲਝਿਆ ਪਿਆ ਹੈ। ਇਹ ਦੇਰੀ ਦਰਸਾਉਂਦੀ ਹੈ ਕਿ ਜਦੋਂ ਗੱਲ ਆਰਥਿਕ ਜ਼ਿੰਮੇਵਾਰੀ ਚੁੱਕਣ ਦੀ ਆਉਂਦੀ ਹੈ ਤਾਂ ਸਰਕਾਰਾਂ ਅਤੇ ਕਾਰਪੋਰੇਟ ਘਰਾਣੇ ਇੱਕ ਦੂਜੇ ਵੱਲ ਦੇਖਣ ਲੱਗਦੇ ਹਨ।

ਪਾਥਵੇਜ਼ ਪ੍ਰੋਜੈਕਟ ਦਾ ਪ੍ਰਸਤਾਵ ਆਇਲ ਸੈਂਡਸ ਅਲਾਇੰਸ ਵੱਲੋਂ ਦਿੱਤਾ ਗਿਆ ਹੈ। ਇਸ ਗਠਜੋੜ ਵਿੱਚ ਕੈਨੇਡੀਅਨ ਨੈਚੁਰਲ ਰਿਸੋਰਸਿਜ਼ ਲਿਮਟਿਡ, ਸੇਨੋਵਸ ਐਨਰਜੀ ਇੰਕ, ਇੰਪੀਰੀਅਲ ਆਇਲ ਲਿਮਟਿਡ, ਸਨਕੋਰ ਐਨਰਜੀ ਇੰਕ ਅਤੇ ਕੋਨੋਕੋਫਿਲਿਪਸ ਕੈਨੇਡਾ ਵਰਗੀਆਂ 5 ਪ੍ਰਮੁੱਖ ਕੰਪਨੀਆਂ ਸ਼ਾਮਲ ਹਨ। ਕਲੀਨ ਪ੍ਰੋਸਪੈਰਿਟੀ ਨਾਮਕ ਜਲਵਾਯੂ ਨੀਤੀ ਸਮੂਹ ਦੇ ਨੀਤੀਗਤ ਮੀਤ ਪ੍ਰਧਾਨ ਬ੍ਰੈਂਡਨ ਫਰੈਂਕ ਦਾ ਕਹਿਣਾ ਹੈ ਕਿ ਕਾਰਬਨ ਕੈਪਚਰ ਅਤੇ ਸਟੋਰੇਜ ਸ਼ਾਇਦ ਅਲਬਰਟਾ ਵਿੱਚ ਜ਼ਿਆਦਾਤਰ ਉਦਯੋਗਿਕ ਡੀਕਾਰਬੋਨਾਈਜ਼ੇਸ਼ਨ ਲਈ ਸਭ ਤੋਂ ਵੱਧ ਲਾਗਤ-ਪ੍ਰਭਾਵਸ਼ਾਲੀ ਰਸਤਾ ਹੈ। ਪਰ ਇਸ ਰਸਤੇ ਉੱਤੇ ਚੱਲਣ ਦੀ ਕੀਮਤ ਕੌਣ ਅਦਾ ਕਰੇਗਾ, ਇਹ ਸਭ ਤੋਂ ਅਹਿਮ ਸਵਾਲ ਹੈ।

ਇਸ ਯੋਜਨਾ ਦੇ ਤਕਨੀਕੀ ਪਹਿਲੂਆਂ ਨੂੰ ਸਮਝਣਾ ਵੀ ਬਹੁਤ ਜ਼ਰੂਰੀ ਹੈ। ਕਾਰਬਨ ਕੈਪਚਰ ਦੀ ਪ੍ਰਕਿਰਿਆ ਤਹਿਤ ਪਾਥਵੇਜ਼ ਦੇ ਮੈਂਬਰ ਆਪਣੇ ਖੁਦ ਦੇ ਤੇਲ ਸਥਾਨਾਂ ਉੱਤੇ ਕਾਰਬਨ ਕੈਪਚਰ ਉਪਕਰਣ ਸਥਾਪਤ ਕਰਨ ਲਈ ਜ਼ਿੰਮੇਵਾਰ ਹੋਣਗੇ। ਬਾਇਲਰ, ਸਟੀਮ ਜਨਰੇਟਰ ਅਤੇ ਹੋਰ ਬਲਣ ਵਾਲੇ ਉਪਕਰਣਾਂ ਤੋਂ ਨਿਕਲਣ ਵਾਲੀਆਂ ਗੈਸਾਂ ਨੂੰ ਇਕੱਠਾ ਕੀਤਾ ਜਾਵੇਗਾ। ਇੱਕ ਰਸਾਇਣਕ ਪ੍ਰਕਿਰਿਆ ਰਾਹੀਂ ਕਾਰਬਨ ਡਾਈਆਕਸਾਈਡ ਨੂੰ ਵੱਖ ਕਰਕੇ ਉਸ ਨੂੰ ਤਰਲ ਰੂਪ ਵਿੱਚ ਬਦਲਿਆ ਜਾਵੇਗਾ। ਬ੍ਰੈਂਡਨ ਫਰੈਂਕ ਅਨੁਸਾਰ ਹਰ ਸਾਈਟ ਦੀ ਲਾਗਤ ਵੱਖਰੀ ਹੋਵੇਗੀ ਕਿਉਂਕਿ ਇਹ ਸਟੋਰੇਜ ਹੱਬ ਤੱਕ ਆਵਾਜਾਈ ਦੀ ਦੂਰੀ ਅਤੇ ਹਰੇਕ ਆਪ੍ਰੇਸ਼ਨ ਦੇ ਨਿਕਾਸ ਦੀ ਤੀਬਰਤਾ ਉੱਤੇ ਨਿਰਭਰ ਕਰੇਗਾ। ਇਹ ਪ੍ਰਕਿਰਿਆ ਕਹਿਣ ਨੂੰ ਆਸਾਨ ਲੱਗਦੀ ਹੈ ਪਰ ਜ਼ਮੀਨੀ ਪੱਧਰ ਉੱਤੇ ਇਸ ਨੂੰ ਲਾਗੂ ਕਰਨਾ ਬਹੁਤ ਗੁੰਝਲਦਾਰ ਅਤੇ ਮਹਿੰਗਾ ਸੌਦਾ ਹੈ।

ਆਵਾਜਾਈ ਦੇ ਮੋਰਚੇ ਉੱਤੇ ਆਇਲ ਸੈਂਡਸ ਅਲਾਇੰਸ ਵੱਲੋਂ ਮਾਰਚ ਮਹੀਨੇ ਵਿੱਚ ਪੇਸ਼ ਕੀਤੀ ਗਈ ਪ੍ਰੋਜੈਕਟ ਰੂਪਰੇਖਾ ਵਿੱਚ ਇੱਕ 650 ਕਿਲੋਮੀਟਰ ਤੋਂ ਵੱਧ ਲੰਬੇ ਪਾਈਪਲਾਈਨ ਨੈਟਵਰਕ ਦੀ ਤਜਵੀਜ਼ ਰੱਖੀ ਗਈ ਹੈ। ਇਹ ਨੈਟਵਰਕ ਫੋਰਟ ਮੈਕਮਰੇ ਖੇਤਰ ਤੋਂ ਕਾਰਬਨ ਡਾਈਆਕਸਾਈਡ ਨੂੰ ਦੱਖਣ ਵੱਲ ਕੋਲਡ ਲੇਕ ਖੇਤਰ ਵਿੱਚ ਸਥਿਤ ਇੱਕ ਸਟੋਰੇਜ ਹੱਬ ਤੱਕ ਲਿਆਵੇਗਾ। ਇਸ ਯੋਜਨਾ ਵਿੱਚ 13 ਵੱਖ-ਵੱਖ ਤੇਲ ਸਥਾਨਾਂ ਨੂੰ ਜੋੜਨ ਵਾਲੇ 16 ਛੋਟੇ ਹਿੱਸੇ ਸ਼ਾਮਲ ਹਨ। ਇਹ ਛੋਟੀਆਂ ਲਾਈਨਾਂ ਤਰਲ ਕਾਰਬਨ ਡਾਈਆਕਸਾਈਡ ਨੂੰ ਇੱਕ ਮੁੱਖ ਆਵਾਜਾਈ ਧਮਣੀ ਵਿੱਚ ਪਾਉਣਗੀਆਂ ਜੋ ਅੱਗੇ ਸਟੋਰੇਜ ਹੱਬ ਤੱਕ ਜਾਵੇਗੀ। ਇੱਥੇ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਇਸ ਰੂਪਰੇਖਾ ਵਿੱਚ ਨਿਕਾਸ ਨੂੰ ਫੜਨ ਲਈ ਵਿਅਕਤੀਗਤ ਪਲਾਂਟਾਂ ਵਿੱਚ ਲੋੜੀਂਦੇ ਨਿਵੇਸ਼ ਦਾ ਹਿਸਾਬ ਨਹੀਂ ਲਗਾਇਆ ਗਿਆ ਹੈ ਜੋ ਕਿ ਇਸ ਯੋਜਨਾ ਦੀ ਪਾਰਦਰਸ਼ਤਾ ਉੱਤੇ ਸਵਾਲ ਖੜ੍ਹੇ ਕਰਦਾ ਹੈ।

ਸਟੋਰੇਜ ਦੀ ਪ੍ਰਕਿਰਿਆ ਵੀ ਆਪਣੇ ਆਪ ਵਿੱਚ ਕਈ ਤਕਨੀਕੀ ਚੁਣੌਤੀਆਂ ਪੇਸ਼ ਕਰਦੀ ਹੈ। ਸਟੋਰੇਜ ਹੱਬ ਵਿਖੇ ਗੈਸ ਨੂੰ ਬੇਸਲ ਕੈਂਬਰੀਅਨ ਸੈਂਡਸਟੋਨ ਬਣਤਰ ਵਿੱਚ 1 ਤੋਂ 2 ਕਿਲੋਮੀਟਰ ਡੂੰਘਾਈ ਵਿੱਚ ਟੀਕਾ ਲਗਾ ਕੇ ਜ਼ਮੀਨ ਹੇਠਾਂ ਭੇਜਿਆ ਜਾਵੇਗਾ। ਸਪੰਜ ਵਰਗੇ ਇਸ ਰੇਤਲੇ ਪੱਥਰ ਵਿੱਚ ਖਾਲੀ ਥਾਵਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਕਾਰਬਨ ਡਾਈਆਕਸਾਈਡ ਨਾਲ ਭਰਿਆ ਜਾ ਸਕਦਾ ਹੈ। ਇਸ ਬਣਤਰ ਦੇ ਉੱਪਰ ਮੋਟਾ ਅਤੇ ਗੈਰ-ਪੋਰਸ ਚੱਟਾਨ ਨਮਕ ਮੌਜੂਦ ਹੈ ਜੋ ਕਾਰਬਨ ਡਾਈਆਕਸਾਈਡ ਨੂੰ ਜ਼ਮੀਨ ਵਿੱਚ ਬਣਾਈ ਰੱਖਣ ਲਈ ਇੱਕ ਰੁਕਾਵਟ ਵਜੋਂ ਕੰਮ ਕਰ ਸਕਦਾ ਹੈ। ਵਾਤਾਵਰਣ ਮਾਹਰ ਅਕਸਰ ਅਜਿਹੇ ਪ੍ਰੋਜੈਕਟਾਂ ਦੀ ਲੰਮੇ ਸਮੇਂ ਦੀ ਸੁਰੱਖਿਆ ਬਾਰੇ ਚਿੰਤਾ ਪ੍ਰਗਟ ਕਰਦੇ ਹਨ ਕਿਉਂਕਿ ਜ਼ਮੀਨ ਹੇਠਲੀ ਗੜਬੜੀ ਕਾਰਨ ਗੈਸ ਦੇ ਮੁੜ ਵਾਤਾਵਰਣ ਵਿੱਚ ਰਲਣ ਦਾ ਖਤਰਾ ਹਮੇਸ਼ਾ ਬਣਿਆ ਰਹਿੰਦਾ ਹੈ।

ਲਾਗਤ ਦਾ ਮੁੱਦਾ ਇਸ ਪੂਰੇ ਪ੍ਰੋਜੈਕਟ ਦੇ ਰਾਹ ਵਿੱਚ ਸਭ ਤੋਂ ਅਹਿਮ ਰੁਕਾਵਟ ਹੈ। ਹਾਲਾਂਕਿ ਗਠਜੋੜ ਨੇ ਕੋਈ ਨਵਾਂ ਅਨੁਮਾਨ ਪੇਸ਼ ਨਹੀਂ ਕੀਤਾ ਹੈ ਪਰ 2022 ਵਿੱਚ ਕਿਹਾ ਗਿਆ ਸੀ ਕਿ 2030 ਤੱਕ ਪਹਿਲੇ ਪੜਾਅ ਵਿੱਚ 16.5 ਬਿਲੀਅਨ ਡਾਲਰ ਦਾ ਨਿਵੇਸ਼ ਸ਼ਾਮਲ ਹੋਵੇਗਾ। ਕੰਪਨੀਆਂ, ਓਟਾਵਾ ਅਤੇ ਅਲਬਰਟਾ ਲਾਗਤ ਦੀ ਵੰਡ ਬਾਰੇ ਸਹਿਮਤੀ ਬਣਾਉਣ ਵਿੱਚ ਨਾਕਾਮ ਰਹੇ ਹਨ। ਸੇਨੋਵਸ ਦੇ ਸੀਈਓ ਜੋਨ ਮੈਕਕੇਂਜ਼ੀ ਨੇ ਅਪ੍ਰੈਲ ਵਿੱਚ ਇੱਕ ਇੰਟਰਵਿਊ ਦੌਰਾਨ ਸਪੱਸ਼ਟ ਕਿਹਾ ਸੀ ਕਿ ਉਹ ਪਾਥਵੇਜ਼ ਦੇ ਕੁਝ ਹਿੱਸੇ ਲਈ ਭੁਗਤਾਨ ਕਰ ਸਕਦੇ ਹਨ ਪਰ ਪੂਰਾ ਬੋਝ ਨਹੀਂ ਚੁੱਕ ਸਕਦੇ। ਇੱਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਅਰਬਾਂ ਡਾਲਰ ਦਾ ਮੁਨਾਫਾ ਕਮਾਉਣ ਵਾਲੀਆਂ ਇਹ ਕੰਪਨੀਆਂ ਆਪਣੇ ਹੀ ਪੈਦਾ ਕੀਤੇ ਪ੍ਰਦੂਸ਼ਣ ਨੂੰ ਸਾਫ ਕਰਨ ਦੀ ਪੂਰੀ ਜ਼ਿੰਮੇਵਾਰੀ ਲੈਣ ਤੋਂ ਕਿਉਂ ਭੱਜ ਰਹੀਆਂ ਹਨ।

ਸਰਕਾਰੀ ਸਬਸਿਡੀਆਂ ਅਤੇ ਟੈਕਸ ਛੋਟਾਂ ਦਾ ਢਾਂਚਾ ਵੀ ਆਲੋਚਨਾ ਦਾ ਵਿਸ਼ਾ ਹੈ। ਫੈਡਰਲ ਸਰਕਾਰ ਪਹਿਲਾਂ ਹੀ ਕਾਰਬਨ ਕੈਪਚਰ ਪ੍ਰੋਜੈਕਟਾਂ ਲਈ ਇੱਕ ਨਿਵੇਸ਼ ਟੈਕਸ ਕ੍ਰੈਡਿਟ ਦੀ ਪੇਸ਼ਕਸ਼ ਕਰਦੀ ਹੈ। ਉਦਯੋਗ ਦੇ ਖਿਡਾਰੀਆਂ ਦਾ ਕਹਿਣਾ ਹੈ ਕਿ ਇਹ ਮਦਦਗਾਰ ਤਾਂ ਹੈ ਪਰ ਲਾਗਤ ਨੂੰ ਪੂਰਾ ਕਰਨ ਲਈ ਕਾਫੀ ਨਹੀਂ ਹੈ। ਇਸ ਤੋਂ ਇਲਾਵਾ ਅਲਬਰਟਾ ਸਰਕਾਰ ਦਾ ਆਪਣਾ ਗ੍ਰਾਂਟ ਪ੍ਰੋਗਰਾਮ ਹੈ ਜੋ ਯੋਗ ਪੂੰਜੀ ਲਾਗਤਾਂ ਦਾ 12 ਫੀਸਦੀ ਕਵਰ ਕਰਦਾ ਹੈ। ਕੈਨੇਡਾ ਵਿੱਚ ਸਰਕਾਰੀ ਵਿੱਤੀ ਸਹਾਇਤਾ ਮੁੱਖ ਤੌਰ ਉੱਤੇ ਪੂੰਜੀ ਲਾਗਤ ਦੇ ਪੱਖ ਉੱਤੇ ਰਹੀ ਹੈ ਜੋ ਪ੍ਰੋਜੈਕਟਾਂ ਨੂੰ ਸ਼ੁਰੂ ਕਰਨ ਵਿੱਚ ਮਦਦ ਕਰਦੀ ਹੈ। ਇਸ ਦੇ ਉਲਟ ਅਮਰੀਕਾ ਵਿੱਚ ਕੰਪਨੀਆਂ ਸ਼ੁਰੂਆਤੀ ਉਸਾਰੀ ਦੀ ਲਾਗਤ ਖੁਦ ਚੁੱਕਦੀਆਂ ਹਨ ਅਤੇ ਉਨ੍ਹਾਂ ਨੂੰ ਚੱਲ ਰਹੇ ਕਾਰਜਾਂ ਲਈ ਖੁੱਲ੍ਹੇ ਦਿਲ ਨਾਲ ਟੈਕਸ ਕ੍ਰੈਡਿਟ ਮਿਲਦੇ ਹਨ। ਇਹ ਫਰਕ ਕੈਨੇਡੀਅਨ ਨੀਤੀਆਂ ਦੀ ਪ੍ਰਭਾਵਸ਼ੀਲਤਾ ਉੱਤੇ ਸਵਾਲੀਆ ਨਿਸ਼ਾਨ ਲਗਾਉਂਦਾ ਹੈ।

ਕਾਰਬਨ ਪ੍ਰਾਈਸਿੰਗ ਦੀ ਭੂਮਿਕਾ ਇਸ ਬਹਿਸ ਦਾ ਇੱਕ ਹੋਰ ਅਹਿਮ ਪਹਿਲੂ ਹੈ। ਕਲੀਨ ਪ੍ਰੋਸਪੈਰਿਟੀ ਦੀ ਖੋਜ ਪ੍ਰਬੰਧਕ ਕਲੋਏ ਮੈਕਐਲਹੋਨ ਦਾ ਕਹਿਣਾ ਹੈ ਕਿ ਸਰਕਾਰੀ ਮਦਦ ਤੋਂ ਮਿਲਣ ਵਾਲੀ ਪੂੰਜੀਗਤ ਲਾਗਤ ਦਾ ਸਵਾਗਤ ਹੈ ਪਰ ਪਾਥਵੇਜ਼ ਵਰਗੇ ਪੱਧਰ ਦੇ ਪ੍ਰੋਜੈਕਟ ਲਈ ਆਉਣ ਵਾਲੇ ਕਈ ਦਹਾਕਿਆਂ ਤੱਕ ਨਿਸ਼ਚਿਤਤਾ ਦੀ ਲੋੜ ਹੈ। ਅਲਬਰਟਾ ਅਤੇ ਫੈਡਰਲ ਸਰਕਾਰਾਂ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ 2040 ਤੱਕ 130 ਡਾਲਰ ਪ੍ਰਤੀ ਟਨ ਦੀ ਪ੍ਰਭਾਵੀ ਕਾਰਬਨ ਕੀਮਤ ਨੂੰ ਨਿਸ਼ਾਨਾ ਬਣਾਉਣ ਲਈ ਸਹਿਮਤੀ ਪ੍ਰਗਟਾਈ ਹੈ। ਇਹ ਕੀਮਤ ਕਾਰਬਨ ਕ੍ਰੈਡਿਟ ਅਤੇ ਆਫਸੈੱਟ ਦੇ ਬਾਜ਼ਾਰ ਮੁੱਲ ਨੂੰ ਦਰਸਾਉਂਦੀ ਹੈ।

ਕਈ ਵਾਤਾਵਰਣ ਸਮੂਹਾਂ ਨੇ ਇਸ ਸਮਾਂ ਸੀਮਾ ਦੀ ਸਖਤ ਆਲੋਚਨਾ ਕੀਤੀ ਹੈ। ਪੇਮਬਿਨਾ ਇੰਸਟੀਚਿਊਟ ਕਲੀਨ ਐਨਰਜੀ ਥਿੰਕ ਟੈਂਕ ਦੇ ਕਾਰਜਕਾਰੀ ਨਿਰਦੇਸ਼ਕ ਕ੍ਰਿਸ ਸੇਵਰਸਨ-ਬੇਕਰ ਨੇ ਸਪੱਸ਼ਟ ਕਿਹਾ ਹੈ ਕਿ ਇਹ ਕੀਮਤ ਅਨੁਸੂਚੀ ਪਾਥਵੇਜ਼ ਕਾਰਬਨ ਕੈਪਚਰ ਪ੍ਰੋਜੈਕਟ ਨੂੰ ਮੁੜ ਸੁਰਜੀਤ ਕਰਨ ਲਈ ਜ਼ਰੂਰੀ ਨਜ਼ਦੀਕੀ ਮਿਆਦ ਦੇ ਨਿੱਜੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਇੰਨੀ ਮਜ਼ਬੂਤ ਨਹੀਂ ਹੈ। 2040 ਤੱਕ ਦਾ ਇੰਤਜ਼ਾਰ ਕਰਨਾ ਜਲਵਾਯੂ ਸੰਕਟ ਦੀ ਗੰਭੀਰਤਾ ਨੂੰ ਅਣਦੇਖਾ ਕਰਨ ਦੇ ਬਰਾਬਰ ਹੈ। ਵਾਤਾਵਰਣ ਬਦਲਾਅ ਦੀ ਰਫਤਾਰ ਨੂੰ ਦੇਖਦਿਆਂ ਸਾਨੂੰ ਤੁਰੰਤ ਅਤੇ ਠੋਸ ਕਦਮ ਚੁੱਕਣ ਦੀ ਲੋੜ ਹੈ ਨਾ ਕਿ ਭਵਿੱਖ ਦੇ ਵਾਅਦਿਆਂ ਉੱਤੇ ਨਿਰਭਰ ਰਹਿਣ ਦੀ।

ਹਾਲਾਂਕਿ ਜਲਵਾਯੂ ਕਾਰਕੁਨਾਂ ਨੇ ਫੈਡਰਲ ਅਤੇ ਸੂਬਾਈ ਲਾਗੂਕਰਨ ਸਮਝੌਤੇ ਵਿੱਚ ਅੰਤਰ ਲਈ ਕਾਰਬਨ ਕੰਟਰੈਕਟਸ ਨੂੰ ਸ਼ਾਮਲ ਕਰਨ ਦਾ ਸਵਾਗਤ ਜ਼ਰੂਰ ਕੀਤਾ ਹੈ। ਇਹ ਕੰਟਰੈਕਟ ਇੱਕ ਤਰ੍ਹਾਂ ਦੀ ਬੀਮਾ ਪਾਲਿਸੀ ਵਜੋਂ ਕੰਮ ਕਰਦੇ ਹਨ ਜੋ ਆਉਣ ਵਾਲੇ ਸਾਲਾਂ ਵਿੱਚ ਕਾਰਬਨ ਪ੍ਰਾਈਸਿੰਗ ਪ੍ਰਣਾਲੀ ਵਿੱਚ ਸਾਫ਼ ਊਰਜਾ ਨਿਵੇਸ਼ਕਾਂ ਨੂੰ ਯਕੀਨ ਦਿਵਾਉਂਦੇ ਹਨ। ਜੇਕਰ ਸਰਕਾਰ ਦਾ ਕੋਈ ਵੀ ਪੱਧਰ ਆਪਣੀਆਂ ਵਚਨਬੱਧਤਾਵਾਂ ਨੂੰ ਬਰਕਰਾਰ ਰੱਖਣ ਵਿੱਚ ਅਸਫਲ ਰਹਿੰਦਾ ਹੈ ਜਾਂ ਆਪਣੀਆਂ ਜਲਵਾਯੂ ਨੀਤੀਆਂ ਨੂੰ ਰੱਦ ਕਰਦਾ ਹੈ ਤਾਂ ਹਰੇਕ ਪੱਧਰ ਇਨ੍ਹਾਂ ਕੰਟਰੈਕਟਸ ਲਈ ਪੂਰੀ ਦੇਣਦਾਰੀ ਲਵੇਗਾ। ਇਹ ਸ਼ਰਤ ਰਾਜਨੀਤਿਕ ਬਦਲਾਅ ਕਾਰਨ ਪੈਦਾ ਹੋਣ ਵਾਲੇ ਜੋਖਮਾਂ ਨੂੰ ਘਟਾਉਣ ਵਿੱਚ ਮਦਦਗਾਰ ਸਾਬਤ ਹੋ ਸਕਦੀ ਹੈ।

ਕਲੀਨ ਪ੍ਰੋਸਪੈਰਿਟੀ ਦੇ ਵਿਸ਼ਲੇਸ਼ਣ ਅਨੁਸਾਰ 130 ਤੋਂ 150 ਡਾਲਰ ਦੇ ਵਿਚਕਾਰ ਕਾਰਬਨ ਦੀਆਂ ਕੀਮਤਾਂ ਪਾਥਵੇਜ਼ ਪ੍ਰੋਜੈਕਟ ਦੇ ਕੁਝ ਹਿੱਸੇ ਜਾਂ ਪੂਰੇ ਪ੍ਰੋਜੈਕਟ ਨੂੰ ਵਿਹਾਰਕ ਬਣਾਉਣ ਲਈ ਕਾਫੀ ਹੋਣੀਆਂ ਚਾਹੀਦੀਆਂ ਹਨ। ਫਰੈਂਕ ਦਾ ਮੰਨਣਾ ਹੈ ਕਿ ਲਾਗੂਕਰਨ ਸਮਝੌਤਾ ਪਾਥਵੇਜ਼ ਪ੍ਰੋਜੈਕਟ ਨੂੰ ਆਰਥਿਕ ਬਣਾਉਣ ਦੀ ਦਿਸ਼ਾ ਵਿੱਚ ਭੌਤਿਕ ਤਰੱਕੀ ਨੂੰ ਦਰਸਾਉਂਦਾ ਹੈ। ਪਰ ਇੱਕ ਆਲੋਚਨਾਤਮਕ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਇਹ ਪੂਰੀ ਕਵਾਇਦ ਕਾਰਪੋਰੇਟ ਖੇਤਰ ਨੂੰ ਲਾਭ ਪਹੁੰਚਾਉਣ ਦੀ ਇੱਕ ਕੋਸ਼ਿਸ਼ ਜ਼ਿਆਦਾ ਲੱਗਦੀ ਹੈ। ਤੇਲ ਉਤਪਾਦਨ ਵਿੱਚ ਵਾਧਾ ਕਰਕੇ ਅਸੀਂ ਪਹਿਲਾਂ ਵਾਤਾਵਰਣ ਦਾ ਨੁਕਸਾਨ ਕਰ ਰਹੇ ਹਾਂ ਅਤੇ ਫਿਰ ਉਸੇ ਨੁਕਸਾਨ ਦੀ ਭਰਪਾਈ ਕਰਨ ਲਈ ਜਨਤਕ ਫੰਡਾਂ ਦੀ ਵਰਤੋਂ ਕਰਨ ਦੀ ਯੋਜਨਾ ਬਣਾ ਰਹੇ ਹਾਂ।

ਅੰਤ ਵਿੱਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਅਲਬਰਟਾ ਅਤੇ ਫੈਡਰਲ ਸਰਕਾਰ ਵਿਚਕਾਰ ਹੋਇਆ ਇਹ ਸਮਝੌਤਾ ਅਤੇ ਪਾਥਵੇਜ਼ ਪ੍ਰੋਜੈਕਟ ਅਜੇ ਵੀ ਕਈ ਸਵਾਲਾਂ ਦੇ ਘੇਰੇ ਵਿੱਚ ਹਨ। ਜਦੋਂ ਤੱਕ ਕੰਪਨੀਆਂ ਆਪਣੀ ਬਣਦੀ ਆਰਥਿਕ ਜ਼ਿੰਮੇਵਾਰੀ ਨਹੀਂ ਚੁੱਕਦੀਆਂ ਅਤੇ ਸਰਕਾਰਾਂ ਸਖਤ ਨਿਯਮ ਲਾਗੂ ਨਹੀਂ ਕਰਦੀਆਂ ਉਦੋਂ ਤੱਕ ਇਹ ਪ੍ਰੋਜੈਕਟ ਸਿਰਫ ਕਾਗਜ਼ਾਂ ਤੱਕ ਹੀ ਸੀਮਤ ਰਹਿਣ ਦੀ ਸੰਭਾਵਨਾ ਹੈ। ਵਾਤਾਵਰਣ ਦੀ ਰੱਖਿਆ ਲਈ ਸਾਨੂੰ ਅਜਿਹੀਆਂ ਨੀਤੀਆਂ ਦੀ ਲੋੜ ਹੈ ਜੋ ਸਿਰਫ ਤੇਲ ਕੰਪਨੀਆਂ ਦੇ ਮੁਨਾਫੇ ਨੂੰ ਨਹੀਂ ਸਗੋਂ ਆਉਣ ਵਾਲੀਆਂ ਨਸਲਾਂ ਦੇ ਭਵਿੱਖ ਨੂੰ ਵੀ ਸੁਰੱਖਿਅਤ ਕਰਨ। ਟੈਕਸਦਾਤਾਵਾਂ ਦੇ ਪੈਸੇ ਦੀ ਵਰਤੋਂ ਉਦਯੋਗਿਕ ਪ੍ਰਦੂਸ਼ਣ ਨੂੰ ਸਾਫ ਕਰਨ ਲਈ ਕਰਨਾ ਕੋਈ ਸਥਾਈ ਹੱਲ ਨਹੀਂ ਹੈ ਸਗੋਂ ਸਾਨੂੰ ਸਾਫ ਅਤੇ ਨਵਿਆਉਣਯੋਗ ਊਰਜਾ ਸਰੋਤਾਂ ਵੱਲ ਤੇਜ਼ੀ ਨਾਲ ਕਦਮ ਵਧਾਉਣ ਦੀ ਲੋੜ ਹੈ।


ਕੈਨੇਡੀਅਨ ਪੰਜਾਬ ਟਾਈਮਜ਼

Canadian Punjab Times

Funded by the Government of Canada | Financé par le gouvernement du Canada | Canada



- **Dr. Puran Singh**
  Writer
- **Divroop Kaur**
  Journalist
- **Brar Bhagta Bhai Ka**
  604-751-1113
- **Harkirat Kaur**
  Administrator
- **Paramjit Singh**
  Graphic Designer



Contact for Advertisement

**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**



**Canadian Punjab Times Inc.**

**(Punjabi Newspaper)**

Website :
**www.thepunjabtimes.ca**

E-mail :
**canadianpunjabtimes@gmail.com**



**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।

# ਦੁਨੀਆ ਦੇ ਸਭ ਤੋਂ ਬਿਹਤਰੀਨ ਦੇਸ਼ਾਂ ਦੀ ਸੂਚੀ ਵਿੱਚ ਕੈਨੇਡਾ ਪਛੜਿਆ

## ਗਲੋਬਲ ਰੈਂਕਿੰਗ 2025 'ਚ ਕੈਨੇਡਾ ਅਮਰੀਕਾ ਤੋਂ ਵੀ ਰਿਹਾ ਪਿੱਛੇ 19ਵੇਂ ਸਥਾਨ 'ਤੇ ਖਿਸਕਿਆ

ਸਰੀ, (ਦਿਵਰੂਪ ਕੌਰ): ਦੁਨੀਆ ਦੇ ਸਭ ਤੋਂ ਬਿਹਤਰੀਨ ਦੇਸ਼ਾਂ ਦੀ ਗਲੋਬਲ ਰੈਂਕਿੰਗ ਸੂਚੀ ਵਿੱਚ ਕੈਨੇਡਾ ਕਈ ਸਥਾਨ ਹੇਠਾਂ ਖਿਸਕ ਗਿਆ ਹੈ। ਇਸ ਤਾਜ਼ਾ ਸੂਚੀ ਵਿੱਚ ਕੈਨੇਡਾ ਆਪਣੇ ਗੁਆਂਢੀ ਦੇਸ਼ ਅਮਰੀਕਾ ਤੋਂ ਵੀ ਇੱਕ ਸਥਾਨ ਪਿੱਛੇ ਰਹਿ ਗਿਆ ਹੈ। ਯੂਐਸ ਨਿਊਜ਼ ਬੈਸਟ ਕੰਟਰੀਜ਼ ਰੈਂਕਿੰਗ ਅਨੁਸਾਰ 2025 ਦੀ ਸੂਚੀ ਵਿੱਚ ਕੈਨੇਡਾ 19ਵੇਂ ਸਥਾਨ 'ਤੇ ਆਇਆ ਹੈ ਜਦਕਿ ਅਮਰੀਕਾ 18ਵੇਂ ਸਥਾਨ 'ਤੇ ਹੈ। ਕੈਨੇਡਾ ਲਈ ਇਹ ਰੈਂਕਿੰਗ ਇੱਕ ਵੱਡੀ ਗਿਰਾਵਟ ਹੈ ਕਿਉਂਕਿ 2024 ਵਿੱਚ ਦੇਸ਼ ਚੌਥੇ ਅਤੇ 2023 ਵਿੱਚ ਦੂਜੇ ਸਥਾਨ 'ਤੇ ਸੀ। ਰੈਂਕਿੰਗ ਵਿੱਚ ਆਈ ਇਸ ਵੱਡੀ ਗਿਰਾਵਟ ਦਾ ਮੁੱਖ ਕਾਰਨ ਸੂਚੀ ਤਿਆਰ ਕਰਨ ਦੇ ਤਰੀਕੇ ਵਿੱਚ ਕੀਤਾ ਗਿਆ ਬਦਲਾਅ ਹੈ। ਪਿਛਲੇ ਸਾਲਾਂ ਦੌਰਾਨ ਇਹ ਰੈਂਕਿੰਗ ਲੋਕਾਂ ਦੀ ਧਾਰਨਾ ਉੱਤੇ ਅਧਾਰਤ ਹੁੰਦੀ ਸੀ। ਪਰ ਇਸ ਵਾਰ ਦੇਸ਼ਾਂ ਨੂੰ 8 ਵੱਖ-ਵੱਖ ਮਾਪਦੰਡਾਂ ਦੇ ਆਧਾਰ 'ਤੇ ਰੈਂਕ ਦਿੱਤਾ ਗਿਆ ਹੈ। ਇਹਨਾਂ ਵਿੱਚ ਗਵਰਨੈਂਸ, ਸਿਹਤ, ਬੁਨਿਆਦੀ ਢਾਂਚਾ, ਕੁਦਰਤੀ ਵਾਤਾਵਰਣ, ਮੌਕੇ, ਨਾਗਰਿਕ ਸਿਹਤ, ਸੱਭਿਆਚਾਰ ਅਤੇ ਸੈਰ ਸਪਾਟਾ, ਅਤੇ ਆਰਥਿਕ ਵਿਕਾਸ ਸ਼ਾਮਲ ਹਨ। ਇਸ ਨਵੇਂ ਤਰੀਕੇ ਕਾਰਨ ਕੈਨੇਡਾ ਦੀ ਸਥਿਤੀ ਕਾਫੀ ਪ੍ਰਭਾਵਿਤ ਹੋਈ ਹੈ ਅਤੇ ਦੇਸ਼ ਨੂੰ ਪਿਛਲੇ ਸਾਲਾਂ ਦੇ



ਮੁਕਾਬਲੇ ਕਾਫੀ ਨੁਕਸਾਨ ਝੱਲਣਾ ਪਿਆ ਹੈ। ਇਸ ਸੂਚੀ ਵਿੱਚ ਗਵਰਨੈਂਸ ਅਤੇ ਬੁਨਿਆਦੀ ਢਾਂਚੇ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਗਈ ਹੈ। ਕੈਨੇਡਾ ਗਵਰਨੈਂਸ ਵਿੱਚ 18ਵੇਂ ਅਤੇ ਬੁਨਿਆਦੀ ਢਾਂਚੇ ਵਿੱਚ 20ਵੇਂ ਸਥਾਨ 'ਤੇ ਰਿਹਾ ਹੈ। ਕੈਨੇਡਾ ਵਿੱਚ ਸਿਆਸੀ ਹਿੰਸਾ ਦੀ ਘਾਟ ਅਤੇ ਕਾਨੂੰਨ ਦੇ ਰਾਜ ਕਾਰਨ ਦੇਸ਼ ਨੂੰ ਚੰਗੇ ਅੰਕ ਮਿਲੇ ਹਨ। ਪਰ ਫੈਡਰਲ ਟੈਕਸ ਸਿਸਟਮ ਕਾਰਨ ਗਵਰਨੈਂਸ ਦਾ ਸਮੁੱਚਾ ਸਕੋਰ ਹੇਠਾਂ ਆ ਗਿਆ ਹੈ। ਬੁਨਿਆਦੀ ਢਾਂਚੇ ਦੇ ਮਾਮਲੇ ਵਿੱਚ ਕੈਨੇਡਾ ਨੂੰ ਬਿਜਲੀ ਦੀ ਪਹੁੰਚ ਲਈ ਪੂਰੇ ਅੰਕ ਮਿਲੇ ਹਨ ਪਰ ਨਵਿਆਉਣਯੋਗ ਬਿਜਲੀ ਦੇ ਮਾਮਲੇ ਵਿੱਚ ਦੇਸ਼ ਦਾ ਪ੍ਰਦਰਸ਼ਨ ਕਾਫੀ ਮਾੜਾ ਰਿਹਾ ਹੈ। ਇਸ ਕਾਰਨ ਇਹਨਾਂ ਅਹਿਮ ਖੇਤਰਾਂ ਵਿੱਚ ਕੈਨੇਡਾ ਹੋਰਾਂ ਦੇਸ਼ਾਂ ਤੋਂ ਪਛੜ ਗਿਆ ਹੈ। ਕੁਦਰਤੀ ਵਾਤਾਵਰਣ ਦੇ ਮਾਮਲੇ ਵਿੱਚ ਕੈਨੇਡਾ 63ਵੇਂ ਸਥਾਨ 'ਤੇ ਰਿਹਾ ਹੈ ਜੋ ਕਿ ਕਿਸੇ ਵੀ ਮਾਪਦੰਡ ਵਿੱਚ ਦੇਸ਼ ਦਾ ਸਭ ਤੋਂ ਹੇਠਲਾ ਰੈਂਕ ਹੈ। ਰੈਂਕਿੰਗ ਮੁਤਾਬਕ ਇਸਦਾ ਮੁੱਖ ਕਾਰਨ ਉੱਚ ਕਾਰਬਨ ਨਿਕਾਸ ਅਤੇ ਸ਼ਹਿਰੀ ਹਰੇ ਸਥਾਨਾਂ ਦੀ ਭਾਰੀ ਘਾਟ ਹੈ। ਦੂਜੇ ਪਾਸੇ ਸੱਭਿਆਚਾਰ ਅਤੇ ਸੈਰ ਸਪਾਟੇ ਲਈ ਕੈਨੇਡਾ ਨੂੰ ਦੁਨੀਆ ਵਿੱਚ 8ਵਾਂ ਸਥਾਨ ਮਿਲਿਆ ਹੈ ਜੋ ਇਸਦਾ ਸਭ ਤੋਂ ਵਧੀਆ ਰੈਂਕ ਹੈ। ਸਿਹਤ ਦੇ ਖੇਤਰ ਵਿੱਚ ਦੇਸ਼ 27ਵੇਂ ਸਥਾਨ 'ਤੇ ਰਿਹਾ ਹੈ। ਭਾਵੇਂ ਕੈਨੇਡਾ ਨੂੰ ਯੂਨੀਵਰਸਲ ਹੈਲਥ ਕਵਰੇਜ ਅਤੇ ਜੀਵਨ ਦਰ ਲਈ ਬਹੁਤ ਵਧੀਆ ਅੰਕ ਮਿਲੇ ਹਨ ਪਰ ਡਾਕਟਰਾਂ ਅਤੇ ਹਸਪਤਾਲ ਦੇ ਬਿਸਤਰਿਆਂ ਦੀ ਘਾਟ ਕਾਰਨ ਸਮੁੱਚਾ ਸਿਹਤ ਸਕੋਰ ਹੇਠਾਂ ਡਿੱਗ ਗਿਆ ਹੈ। ਇਹ ਸਾਰੇ ਅੰਕੜੇ ਦੱਸਦੇ ਹਨ ਕਿ ਕੈਨੇਡਾ ਨੂੰ ਆਪਣੇ ਕਈ ਅੰਦਰੂਨੀ ਮੁੱਦਿਆਂ ਵੱਲ ਧਿਆਨ ਦੇਣ ਦੀ ਸਖਤ ਲੋੜ ਹੈ। This report was written by Divroop Kaur as part of the Local Journalism Initiative.

# ਇਬੋਲਾ ਦੇ ਡਰ ਕਾਰਨ ਫੈਡਰਲ ਸਰਕਾਰ ਵੱਲੋਂ 24,000 ਯਾਤਰਾ ਦਸਤਾਵੇਜ਼ ਰੱਦ ਕਰਨ ਦਾ ਐਲਾਨ

ਸਰੀ, (ਦਿਵਰੂਪ ਕੌਰ): ਇਮੀਗ੍ਰੇਸ਼ਨ ਵਿਭਾਗ ਨੇ ਦੱਸਿਆ ਹੈ ਕਿ ਫੈਡਰਲ ਸਰਕਾਰ ਵੱਲੋਂ ਇਬੋਲਾ ਨੂੰ ਕੈਨੇਡਾ ਵਿੱਚ ਦਾਖਲ ਹੋਣ ਤੋਂ ਰੋਕਣ ਲਈ 24,000 ਤੋਂ ਜ਼ਿਆਦਾ ਯਾਤਰਾ ਦਸਤਾਵੇਜ਼ ਮੁਅੱਤਲ ਕੀਤੇ ਜਾ ਸਕਦੇ ਹਨ। ਸਰਕਾਰ ਨੇ ਕਾਂਗੋ, ਯੁਗਾਂਡਾ ਅਤੇ ਦੱਖਣੀ ਸੂਡਾਨ ਦੇ ਵਸਨੀਕਾਂ ਲਈ ਵੱਖ-ਵੱਖ ਇਮੀਗ੍ਰੇਸ਼ਨ ਅਤੇ ਯਾਤਰਾ ਦਸਤਾਵੇਜ਼ਾਂ ਉੱਤੇ 90 ਦਿਨਾਂ ਦੀ ਪਾਬੰਦੀ ਦਾ ਐਲਾਨ ਕੀਤਾ ਹੈ। ਇਹ ਪਾਬੰਦੀ ਬੁੱਧਵਾਰ ਰਾਤ 11:59 ਵਜੇ ਤੋਂ ਲਾਗੂ ਹੋ ਗਈ ਹੈ।

ਵਿਭਾਗ ਦੇ ਬੁਲਾਰੇ ਅਨੁਸਾਰ 19 ਮਈ ਤੱਕ ਕਾਂਗੋ ਦੇ ਲਗਭਗ 12,600 ਅਤੇ ਯੁਗਾਂਡਾ ਦੇ 11,500 ਵਸਨੀਕਾਂ ਕੋਲ ਵੈਧ ਯਾਤਰਾ ਦਸਤਾਵੇਜ਼ ਸਨ। ਇਸ ਤੋਂ ਇਲਾਵਾ ਦੱਖਣੀ ਸੂਡਾਨ ਦੇ 470 ਵਸਨੀਕਾਂ ਕੋਲ ਵੀ ਅਜਿਹੇ ਦਸਤਾਵੇਜ਼ ਮੌਜੂਦ ਸਨ। ਇਹ ਕਾਰਵਾਈ ਕੌਮੀਅਤ ਦੀ ਬਜਾਏ ਰਿਹਾਇਸ਼ ਵਾਲੇ ਦੇਸ਼ ਦੇ ਆਧਾਰ ਉੱਤੇ ਕੀਤੀ ਗਈ ਹੈ। ਪ੍ਰਭਾਵਿਤ ਦਸਤਾਵੇਜ਼ਾਂ ਵਿੱਚ ਇਲੈਕਟ੍ਰਾਨਿਕ ਯਾਤਰਾ ਪ੍ਰਮਾਣ ਪੱਤਰ ਅਤੇ ਅਸਥਾਈ ਤੇ ਸਥਾਈ ਨਿਵਾਸੀ ਵੀਜ਼ੇ ਸ਼ਾਮਲ ਹਨ। ਹਾਲਾਂਕਿ ਪਾਸਪੋਰਟ ਅਤੇ ਪੀਆਰ ਕਾਰਡਾਂ ਦੀ ਪ੍ਰੋਸੈਸਿੰਗ ਜਾਰੀ ਰਹੇਗੀ।

ਇਬੋਲਾ ਪ੍ਰਭਾਵਿਤ ਖੇਤਰਾਂ ਤੋਂ ਕੈਨੇਡਾ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ 21 ਦਿਨਾਂ ਲਈ ਕੁਆਰੰਟੀਨ ਵਿੱਚ ਰਹਿਣਾ ਪਵੇਗਾ ਅਤੇ ਇਹ ਨਿਯਮ 29 ਅਗਸਤ ਤੱਕ ਲਾਗੂ ਰਹੇਗਾ। ਫੀਫਾ ਵਿਸ਼ਵ ਕੱਪ ਕਾਰਨ ਅੰਤਰਰਾਸ਼ਟਰੀ ਯਾਤਰਾ ਵਿੱਚ ਹੋਣ ਵਾਲੇ ਇਜ਼ਾਫੇ ਨੂੰ ਦੇਖਦਿਆਂ ਸਰਕਾਰ ਸਿਹਤ ਸਥਿਤੀ ਉੱਤੇ ਨਜ਼ਰ ਰੱਖ ਰਹੀ ਹੈ। ਇਹ ਪਹਿਲੀ ਵਾਰ ਹੈ ਜਦੋਂ ਸਰਕਾਰ ਨੇ ਆਪਣੇ ਬਾਰਡਰ ਕਾਨੂੰਨ ਬਿੱਲ ਸੀ 12 ਦੀ ਵਰਤੋਂ ਕਰਕੇ ਇੰਨੇ ਦਸਤਾਵੇਜ਼ ਮੁਅੱਤਲ ਕੀਤੇ ਹਨ। ਆਲੋਚਕਾਂ ਨੇ ਜਨਤਕ ਹਿੱਤ ਦੀ ਵਿਆਪਕ ਪਰਿਭਾਸ਼ਾ ਕਾਰਨ ਸਰਕਾਰ ਵੱਲੋਂ ਇਸ ਸ਼ਕਤੀ ਦੀ ਦੁਰਵਰਤੋਂ ਹੋਣ ਦਾ ਖਦਸ਼ਾ ਪ੍ਰਗਟਾਇਆ ਹੈ। This report was written by Divroop Kaur as part of the Local Journalism Initiative.









# ਸਿਆਸੀ ਪ੍ਰਯੋਗਾਂ ਦੀ ਪ੍ਰਯੋਗਸ਼ਾਲਾ: 'ਸ਼ੇਰਾਂ-ਬਾਜ਼ਾਂ' ਨੂੰ 'ਕਾਕਰੋਚ' ਬਣਾਉਣ ਦਾ ਮਨੋਵਿਗਿਆਨਕ ਜਾਲ

ਬਘੇਲ ਸਿੰਘ ਧਾਲੀਵਾਲ
99142-58142

ਭਾਰਤ ਦੀ ਰਾਜਨੀਤੀ ਵਿੱਚ ਪਿਛਲੇ ਡੇਢ ਕੁ ਦਹਾਕੇ ਦੌਰਾਨ ਅਜਿਹੇ ਕਈ ਪ੍ਰਯੋਗ ਹੋਏ ਹਨ, ਜਿਸ ਦੌਰਾਨ ਲੋਕ-ਭਾਵਨਾਵਾਂ ਨੂੰ ਕੈਸ਼ ਕਰਨ ਦੇ ਸਫ਼ਲ ਤਜਰਬੇ ਸਾਹਮਣੇ ਆਏ। ਇਹ ਸਭ ਕੁਝ ਅਚਾਨਕ ਨਹੀਂ ਹੁੰਦਾ, ਬਲਕਿ ਇਸ ਦੇ ਪਿੱਛੇ 'ਡੀਪ ਸਟੇਟ' ਅਤੇ ਵੱਡੀਆਂ ਸਿਆਸੀ ਤਾਕਤਾਂ ਦੀ ਇੱਕ ਸੋਚੀ-ਸਮਝੀ ਰਣਨੀਤੀ ਕੰਮ ਕਰ ਰਹੀ ਹੁੰਦੀ ਹੈ। ਸਾਲ 2011 ਵਿੱਚ 'ਭ੍ਰਿਸ਼ਟਾਚਾਰ ਵਿਰੋਧੀ ਲਹਿਰ' ਖੜ੍ਹੀ ਕੀਤੀ ਗਈ। ਇਹ ਸਿਰਫ਼ ਇੱਕ ਅੰਦੋਲਨ ਨਹੀਂ ਸੀ, ਬਲਕਿ ਦੇਸ਼ ਦੇ ਪਾਵਰ ਸੈਂਟਰ ਨੂੰ ਬਦਲਣ ਦਾ ਇੱਕ ਵੱਡਾ ਪ੍ਰਯੋਗ ਸੀ। ਇਸੇ ਅੰਦੋਲਨ ਦੇ ਭਾਵਨਾਤਮਿਕ ਜੋਸ਼ ਵਿੱਚੋਂ ਦੋ ਵੱਡੀਆਂ ਰਾਜਨੀਤਿਕ ਤਾਕਤਾਂ ਨਿਕਲੀਆਂ। ਇੱਕ ਪਾਸੇ ਭਾਰਤੀ ਜਨਤਾ ਪਾਰਟੀ ਨੇ ਕਾਂਗਰਸ ਨੂੰ ਜੜ੍ਹੋਂ ਉਖਾੜ ਕੇ ਕੇਂਦਰ ਦੀ ਸੱਤਾ ਹਾਸਲ ਕੀਤੀ। ਦੂਜੇ ਪਾਸੇ, ਹੱਥ ਵਿੱਚ ਝਾੜੂ ਲੈ ਕੇ 'ਆਮ ਆਦਮੀ' ਦੇ ਕਪਟੀ ਲਾਰੇ ਅਤੇ ਨਾਅਰੇ ਹੇਠ ਆਮ ਆਦਮੀ ਪਾਰਟੀ ਹੋਂਦ ਵਿੱਚ ਆਈ।

ਇਸ ਲਹਿਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਵਾਰਸਾਂ ਦੇ ਹੱਥਾਂ ਵਿੱਚੋਂ ਤਿੰਨ ਫੁੱਟੀ ਕਿਰਪਾਨ ਛੁਡਵਾ ਕੇ ਝਾੜੂ ਫੜਾ ਦਿੱਤੇ। ਪੰਜਾਬ ਦੇ ਲੋਕਾਂ ਨੂੰ 'ਵੀ.ਆਈ.ਪੀ. ਕਲਚਰ' ਖ਼ਤਮ ਕਰਨ ਅਤੇ ਇਮਾਨਦਾਰੀ ਨਾਲ ਭਰਮਾਇਆ ਗਿਆ, ਪਰ ਕੁਝ ਹੀ ਸਾਲਾਂ ਵਿੱਚ ਬਦਲਾਅ ਦੇ ਦਾਅਵੇਦਾਰ ਖ਼ੁਦ ਵੱਡੇ-ਵੱਡੇ ਕਾਫ਼ਲਿਆਂ ਅਤੇ ਸਾਇਰਨਾਂ ਵਾਲੀ ਪੁਰਾਣੀ ਚਾਲਾਕ ਰਾਜਨੀਤੀ ਦਾ ਹਿੱਸਾ ਬਣ ਗਏ।

ਅੱਜ ਫਿਰ ਸੋਸ਼ਲ ਮੀਡੀਆ ਦੇ ਰਾਹੀਂ 'ਕਾਕਰੋਚ ਜਨਤਾ ਪਾਰਟੀ' ਨਾਮ ਦੀ ਇੱਕ ਨਵੀਂ ਡਿਜੀਟਲ ਲਹਿਰ ਨੂੰ ਰਾਤੋ-ਰਾਤ ਖੜ੍ਹਾ ਕੀਤਾ ਗਿਆ ਹੈ। ਜਿਸ ਪਾਰਟੀ ਦਾ ਨਾਮ ਕੱਲ੍ਹ ਤੱਕ ਕਿਸੇ ਨੇ ਨਹੀਂ ਸੁਣਿਆ ਸੀ, ਉਹ ਅਚਾਨਕ ਲੱਖਾਂ ਫਾਲੋਅਰਜ਼ ਅਤੇ ਮੈਂਬਰਾਂ ਵਾਲੀ ਪਾਰਟੀ ਕਿਵੇਂ ਬਣ ਗਈ?

ਕਿਹਾ ਜਾ ਰਿਹਾ ਹੈ ਕਿ ਭਾਰਤ ਦੇ ਚੀਫ਼ ਜਸਟਿਸ ਵੱਲੋਂ ਨੌਜਵਾਨਾਂ ਲਈ 'ਕਾਕਰੋਚ' ਵਰਗਾ ਨਕਾਰਾਤਮਕ ਸ਼ਬਦ ਵਰਤਿਆ ਗਿਆ ਸੀ, ਜਿਸ ਦੇ ਵਿਰੋਧ ਵਜੋਂ ਨੌਜਵਾਨਾਂ ਨੇ ਵਿਅੰਗ ਅਤੇ ਮੀਮਜ ਰਾਹੀਂ ਇਸ ਨੂੰ ਆਪਣੀ ਪਛਾਣ ਬਣਾ ਲਿਆ। ਪਰ ਇਸ ਦੇ ਪਿੱਛੇ ਦੀ ਸਿਆਸਤ ਬਹੁਤ ਡੂੰਘੀ ਹੈ:

ਇਸ ਮੁਹਿੰਮ ਦੇ ਸੰਸਥਾਪਕ ਅਭਿਜੀਤ ਦਿਪਕੇ ਦੇ ਪਿਛੋਕੜ ਅਤੇ ਆਮ ਆਦਮੀ ਪਾਰਟੀ ਨਾਲ ਉਨ੍ਹਾਂ ਦੇ ਪੁਰਾਣੇ ਸਬੰਧਾਂ ਨੇ ਕਈ ਸ਼ੰਕੇ ਪੈਦਾ ਕੀਤੇ ਹਨ। ਮਨੀਸ਼ ਸਿਸੋਦੀਆ ਵਰਗੇ ਆਗੂਆਂ ਵੱਲੋਂ ਇਸ ਦੇ ਪੱਖ ਵਿੱਚ ਬਿਆਨ ਦੇਣਾ ਅਤੇ ਨੀਟ-ਯੂਜੀ ਪੇਪਰ ਲੀਕ ਮਾਮਲੇ ਤੋਂ ਤੁਰੰਤ ਬਾਅਦ ਇਸ ਦਾ ਸਰਗਰਮ ਹੋਣਾ ਸਿਆਸੀ ਰੋਡਮੈਪ ਵੱਲ ਇਸ਼ਾਰਾ ਕਰਦਾ ਹੈ। ਸਾਬਕਾ ਅਫ਼ਸਰਸ਼ਾਹ ਆਸ਼ੀਸ਼ ਜੋਸ਼ੀ ਵਰਗੇ ਲੋਕਾਂ ਵੱਲੋਂ ਇਸ ਦੀ ਨਿਰਪੱਖਤਾ 'ਤੇ ਸਵਾਲ ਚੁੱਕਦਿਆਂ ਅਸਤੀਫ਼ਾ ਦੇਣਾ ਇਸ ਗੱਲ ਦਾ ਸਬੂਤ ਹੈ।

ਦੂਜੇ ਪਾਸੇ, ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਆਰ.ਐਸ.ਐਸ. ਜਾਂ ਭਾਜਪਾ ਦੇ ਵਿਰੋਧੀ ਸਪੇਸ ਨੂੰ ਖ਼ਤਮ ਕਰਨ ਅਤੇ ਨੌਜਵਾਨਾਂ ਦੇ ਗੁੱਸੇ ਨੂੰ ਕਿਸੇ ਹੋਰ ਪਾਸੇ ਮੋੜਨ ਦੀ ਖੇਡ ਵੀ ਹੋ ਸਕਦੀ ਹੈ, ਤਾਂਕਿ ਅਸਲ ਵਿਦਰੋਹ ਨੂੰ ਡਿਜੀਟਲ ਮੀਮਜ਼ ਤੱਕ ਸੀਮਤ ਕੀਤਾ ਜਾ ਸਕੇ।

ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਕਿਸੇ ਗਾਲ੍ਹ ਜਾਂ ਬੇਇੱਜ਼ਤੀ ਨੂੰ ਆਪਣੀ ਪਛਾਣ ਬਣਾਉਣਾ ਕੋਈ ਸਿਆਣਪ ਹੈ? ਕਾਕਰੋਚ ਗਟਰ ਦਾ ਇੱਕ ਗੰਦਾ ਕੀੜਾ ਹੈ, ਜਿਸ ਨੂੰ ਲੋਕ ਜ਼ਹਿਰ ਪਾ ਕੇ ਮਾਰਦੇ ਹਨ। ਫਿਰ ਇੱਕ ਗ਼ੈਰਤਮੰਦ ਕੌਮ ਦਾ ਨੌਜਵਾਨ ਆਪਣੇ ਆਪ ਨੂੰ ਇਸ ਨਾਮ ਨਾਲ ਕਿਵੇਂ ਜੋੜ ਸਕਦਾ ਹੈ?

## ਇਹ ਇੱਕ ਬਹੁਤ ਗਹਿਰਾ ਮਨੋਵਿਗਿਆਨਕ ਹਮਲਾ ਹੈ:

ਨੌਜਵਾਨਾਂ ਨੂੰ ਇਹ ਸਮਝਾਇਆ ਜਾ ਰਿਹਾ ਹੈ ਕਿ ਉਹ ਸਿਸਟਮ ਅੱਗੇ ਲਾਚਾਰ ਹਨ, ਇਸ ਲਈ ਆਪਣੀ ਬੇਇੱਜ਼ਤੀ ਨੂੰ ਹੀ ਮਾਣ ਸਮਝ ਕੇ ਸਵੀਕਾਰ ਕਰ ਲੈਣ।

ਵਿਗਿਆਨ ਮੁਤਾਬਕ ਕਾਕਰੋਚ ਦੇ ਸਰੀਰ ਵਿੱਚ ਛੋਟੇ ਨਰਵ ਸੈਂਟਰ ਹੁੰਦੇ ਹਨ, ਜਿਸ ਕਾਰਨ ਉਹ ਬਿਨਾਂ ਸਿਰ ਜਾਂ ਬਿਨਾਂ ਦਿਮਾਗ ਦੇ ਵੀ ਸਾਹ ਲੈ ਸਕਦਾ ਹੈ। ਅੱਜ ਦੇ ਸਿਆਸੀ ਪ੍ਰਬੰਧਕ ਜਨਤਾ ਨੂੰ ਵੀ ਅਜਿਹੀ ਹੀ ਭੀੜ ਬਣਾਉਣਾ ਚਾਹੁੰਦੇ ਹਨ—ਜੋ ਬਿਨਾਂ ਸੋਚੇ-ਸਮਝੇ, ਸਿਰਫ਼ ਖੈਰਾਤ (ਮੁਫ਼ਤ ਰਾਸ਼ਨ/ਸਬਸਿਡੀਆਂ) ਦੇ ਆਸਰੇ ਜਿਊਂਦੀ ਰਹੇ। ਦੇਸ਼ ਦੀ 140 ਕਰੋੜ ਦੀ ਆਬਾਦੀ ਵਿੱਚੋਂ 100 ਕਰੋੜ ਤੋਂ ਵੱਧ ਲੋਕ ਸਰਕਾਰੀ ਖੈਰਾਤ 'ਤੇ ਨਿਰਭਰ ਕਰ ਦਿੱਤੇ ਗਏ ਹਨ। ਇਹ 'ਕਾਕਰੋਚ ਮਾਨਸਿਕਤਾ' ਲੋਕਾਂ ਨੂੰ ਮਿਹਨਤ ਜਾਂ ਬੁੱਧੀ ਦੀ ਵਰਤੋਂ ਕਰਨ ਤੋਂ ਰੋਕ ਕੇ ਸਿਰਫ਼ 'ਲਾਭਪਾਤਰੀ' ਬਣਾ ਕੇ ਰੱਖਣਾ ਚਾਹੁੰਦੀ ਹੈ।

ਪੰਜਾਬ ਦੀ ਧਰਤੀ ਕੋਈ ਆਮ ਧਰਤੀ ਨਹੀਂ ਹੈ; ਇਹ ਗੁਰੂ ਸਾਹਿਬਾਨਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ।

**ਗੁਰੂ ਗੋਬਿੰਦ ਸਿੰਘ ਜੀ ਦਾ ਫ਼ਲਸਫ਼ਾ:**

ਦਸਵੇਂ ਪਾਤਸ਼ਾਹ ਨੇ ਮੁਰਦਾ ਜ਼ਮੀਰਾਂ ਵਿੱਚ ਜਾਨ ਪਾਈ ਸੀ। ਉਨ੍ਹਾਂ ਨੇ ਡਰੇ ਹੋਏ ਲੋਕਾਂ ਨੂੰ 'ਸਿੰਘ' (ਸ਼ੇਰ) ਬਣਾਇਆ, ਜਿਸ ਦਾ ਅਰਥ ਹੀ ਆਜ਼ਾਦੀ, ਦਲੇਰੀ ਅਤੇ ਖ਼ੁਦਦਾਰੀ ਹੈ।

ਗੁਰੂ ਸਾਹਿਬ ਨੇ ਸਿੱਖਾਂ ਨੂੰ ਬਾਜ਼ ਪਰਵਿਰਤੀ ਨਾਲ ਜਿਊਣ ਦੀ ਪ੍ਰੇਰਣਾ ਦਿੱਤੀ। ਬਾਜ਼ ਕਦੇ ਗੁਲਾਮ ਨਹੀਂ ਰਹਿੰਦਾ, ਉਹ ਪਿੰਜਰੇ ਵਿੱਚ ਰਹਿਣ ਨਾਲੋਂ ਮਰਨਾ ਬਿਹਤਰ ਸਮਝਦਾ ਹੈ ਅਤੇ ਹਮੇਸ਼ਾ ਉੱਚੀ ਉਡਾਣ ਭਰਦਾ ਹੈ। ਕਾਕਰੋਚ ਦੇ ਗੁਪਤ ਏਜੰਡੇ ਨੂੰ ਸਮਝਿਆ ਜਾਵੇ ਕਿਉਂਕਿ ਇਤਿਹਾਸ ਗਵਾਹ ਹੈ ਕਿ ਭਾਰਤ ਵਿੱਚ ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਵਰਤ ਕੇ ਬਹੁਤ ਵੱਡੇ ਰਾਜਨੀਤਿਕ ਖੇਡ ਖੇਡੇ ਗਏ ਹਨ। ਪੰਜਾਬ ਲਈ ਸਭ ਤੋਂ ਵੱਡਾ ਖਤਰਾ ਇਹ ਹੈ ਕਿ ਇੱਥੋਂ ਦੀ ਨੌਜਵਾਨੀ ਪਹਿਲਾਂ ਹੀ ਬੇਰੁਜ਼ਗਾਰੀ, ਨਸ਼ਿਆਂ, ਮਾਈਗ੍ਰੇਸ਼ਨ ਅਤੇ ਮਾਨਸਿਕ ਤਣਾਅ ਨਾਲ ਜੂਝ ਰਹੀ ਹੈ। ਐਸੇ ਮਾਹੌਲ ਵਿੱਚ ਜੇਕਰ ਕੋਈ ਨਵੀਂ ਲਹਿਰ ਉਹਨਾਂ ਨੂੰ ਬਗਾਵਤ ਦੇ ਨਾਮ 'ਤੇ ਆਪਣੇ ਨਾਲ ਜੋੜਦੀ ਹੈ ਤਾਂ ਨੌਜਵਾਨ ਬੜੀ ਤੇਜ਼ੀ ਨਾਲ ਪ੍ਰਭਾਵਿਤ ਹੋ ਸਕਦੇ ਹਨ ਪਰ ਬਗਾਵਤ ਅਤੇ ਭਟਕਣ ਵਿੱਚ ਬਹੁਤ ਵੱਡਾ ਫਰਕ ਹੁੰਦਾ ਹੈ। ਗੁਰੂ ਸਾਹਿਬਾਨਾਂ ਨੇ ਵੀ ਜ਼ੁਲਮ ਦੇ ਖ਼ਿਲਾਫ਼ ਬਗਾਵਤ ਕਰਨ ਦੀ ਤਾਕੀਦ ਕੀਤੀ ਸੀ,ਉਹ ਬਗਾਵਤ ਇਨਸਾਨੀ ਅਜ਼ਾਦੀ ਲਈ ਸੀ,ਉਹ ਖੁਦਾਰੀ ਲਈ ਸੀ ਪਰ ਜੇਕਰ ਕੋਈ ਭਾਵਨਾਤਮਕ ਲਹਿਰ ਤੁਹਾਡੀ ਪਛਾਣ ਹੀ ਇੱਕ ਗੰਦੇ ਕੀੜੇ ਨਾਲ ਜੋੜ ਕੇ ਕਰਦੀ ਹੋਵੇ,ਤਾਂ ਫਿਰ ਜ਼ਰੂਰ ਇਹ ਸੋਚਣ ਦੀ ਲੋੜ ਹੈ ਕਿ ਤੁਹਾਨੂੰ ਮਾਨਸਿਕ ਤੌਰ ਤੇ ਹੋਰ ਹੇਠਾਂ ਕਿਉਂ ਸੁੱਟਿਆ ਜਾ ਰਿਹਾ ਹੈ। ਪੰਜਾਬ ਦੀ ਨੌਜਵਾਨੀ ਨੂੰ ਯਾਦ ਰੱਖਣਾ ਪਵੇਗਾ ਕਿ ਉਹ ਗੁਰੂਆਂ ਦੇ ਵਾਰਸ ਹਨ।ਉਹ ਬਾਬਾ ਦੀਪ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਅਤੇ ਹਰੀ ਸਿੰਘ ਨਲੂਏ,ਰਣਜੀਤ ਦੀ ਖਾਲਸ਼ਾਹੀ ਜਾਹੋ ਜਲਾਲ ਨਾਲ ਲਬਰੇਜ ਧਰਤੀ ਦੇ ਪੁੱਤਰ ਹਨ।ਉਹਨਾਂ ਦੀ ਪਛਾਣ ਸਿੰਘ,ਸਿਰਦਾਰ ਅਤੇ ਬਾਜ ਹੈ, ਕਾਕਰੋਚ ਬਿਲਕੁਲ ਵੀ ਨਹੀਂ।

ਅੱਜ ਸੋਸ਼ਲ ਮੀਡੀਆ ਦੇ ਟਰੈਂਡਾਂ ਰਾਹੀਂ ਪੰਜਾਬ ਦੇ ਨੌਜਵਾਨਾਂ ਅੰਦਰ ਕਾਕਰੋਚ ਬਣਨ ਵਾਲੀ ਮਾਨਸਿਕਤਾ ਪੈਦਾ ਕੀਤੀ ਜਾ ਰਹੀ ਹੈ। ਦਿੱਲੀ ਅੰਦੋਲਨ ਦੌਰਾਨ ਲਾਲ ਕਿਲ੍ਹੇ ਦੀ ਘਟਨਾ ਤੋਂ ਬਾਅਦ ਜਿਸ ਤਰ੍ਹਾਂ ਮਰਹੂਮ ਦੀਪ ਸਿੱਧੂ ਖ਼ਿਲਾਫ਼ ਇੱਕ ਝੂਠਾ ਬਿਰਤਾਂਤ ਸਿਰਜ ਕੇ ਪਲਾਂ ਵਿੱਚ ਉਸ ਦੇ ਅਕਸ ਨੂੰ ਲੋਕ-ਦੁਸ਼ਮਣ ਵਾਲੀ ਬਣਾ ਦਿੱਤਾ ਗਿਆ ਸੀ, ਉਹ ਇਸੇ ਡਿਜੀਟਲ ਖੇਡ ਦਾ ਹਿੱਸਾ ਸੀ, ਜਦਕਿ ਉਸ ਨੇ ਪੰਜਾਬ-ਪ੍ਰਸਤੀ ਬਦਲੇ ਆਪਣੀ ਜਾਨ ਤੱਕ ਗੁਆ ਦਿੱਤੀ।

## ਸੁਆਲ ਇਹ ਹੈ ਕਿ ਕੀ ਦੇਸ਼ ਵਿੱਚ ਕੋਈ ਵੱਡੀ ਉਥਲ-ਪੁਥਲ ਹੋਵੇਗੀ?

ਇਹ ਸੱਚ ਹੈ ਕਿ ਦੇਸ਼ ਦੇ ਨੌਜਵਾਨਾਂ ਅੰਦਰ ਡਿਗਰੀਆਂ ਹੱਥ ਵਿੱਚ ਲੈ ਕੇ ਸੜਕਾਂ 'ਤੇ ਘੁੰਮਣ ਕਾਰਨ, ਨੀਟ ਵਰਗੇ ਪੇਪਰ ਲੀਕ ਹੋਣ ਕਾਰਨ ਅਤੇ ਬੇਰੁਜ਼ਗਾਰੀ ਕਾਰਨ ਇੱਕ ਡੂੰਘਾ ਗੁੱਸਾ ਅਤੇ ਬੇਚੈਨੀ ਹੈ। ਜਦੋਂ ਰਵਾਇਤੀ ਵਿਰੋਧੀ ਪਾਰਟੀਆਂ ਜਨਤਾ ਦੀ ਆਵਾਜ਼ ਨਹੀਂ ਬਣਦੀਆਂ, ਤਾਂ ਅਜਿਹੇ ਡਿਜੀਟਲ ਪਲੇਟਫਾਰਮ (ਜਿਵੇਂ ਸੀਜੇਪੀ) ਗੁੱਸਾ ਕੱਢਣ ਦਾ ਜ਼ਰੀਆ ਬਣਦੇ ਹਨ।

ਭਾਰਤ ਸਰਕਾਰ ਵੱਲੋਂ ਇਸ ਪਾਰਟੀ ਦੇ ਐਕਸ ਖਾਤੇ 'ਤੇ ਪਾਬੰਦੀ ਲਗਾਉਣਾ ਇਹ ਦੱਸਦਾ ਹੈ ਕਿ ਸੱਤਾਧਾਰੀ ਧਿਰ ਵੀ ਇਸ ਤੋਂ ਅਸਹਿਜ ਹੈ। ਇਹ ਬੇਚੈਨੀ ਭਵਿੱਖ ਵਿੱਚ ਕਿਸੇ ਵੱਡੀ ਸਿਆਸੀ ਉਥਲ-ਪੁਥਲ ਦਾ ਸੰਕੇਤ ਜ਼ਰੂਰ ਹੈ। ਪਰ ਇਸ ਨਾਲ ਕੋਈ ਜ਼ਮੀਨੀ ਕ੍ਰਾਂਤੀ ਆਉਣ ਵਾਲੀ ਨਹੀਂ ਹੈ। ਇਸ ਬੇਚੈਨੀ ਦਾ ਲਾਭ ਭਗਵੇਂ ਉਠਾਉਣਗੇ।

## ਸੁਆਲ ਇਹ ਹੈ ਕਿ ਪੰਜਾਬ ਨੂੰ ਇਸ ਬਿਰਤਾਂਤ ਤੋਂ ਬਚਣ ਦੀ ਕਿਉਂ ਲੋੜ ਹੈ?

ਪੰਜਾਬ ਪਹਿਲਾਂ ਹੀ ਕਈ ਰਾਜਨੀਤਿਕ ਪ੍ਰਯੋਗਾਂ ਦੀ ਮਾਰ ਝੱਲ ਚੁੱਕਾ ਹੈ। ਕਦੇ ਨਸ਼ਿਆਂ ਅਤੇ ਪੈਸੇ ਦੀ ਰਾਜਨੀਤੀ ਨਾਲ ਨੌਜਵਾਨੀ ਨੂੰ ਤਬਾਹ ਕੀਤਾ ਗਿਆ, ਕਦੇ 'ਬਦਲਾਅ' ਦੇ ਨਾਮ 'ਤੇ ਵੋਟਾਂ ਬਟੋਰੀਆਂ ਗਈਆਂ। ਹਰ ਵਾਰ ਪੰਜਾਬ ਨੇ ਵਿਸ਼ਵਾਸ ਕੀਤਾ ਅਤੇ ਹਰ ਵਾਰ ਧੋਖਾ ਮਿਲਿਆ।

ਪੰਜਾਬ ਦੇ ਨੌਜਵਾਨ ਪਹਿਲਾਂ ਹੀ ਬੇਰੁਜ਼ਗਾਰੀ, ਮਾਈਗ੍ਰੇਸ਼ਨ (ਵਿਦੇਸ਼ ਜਾਣ ਦਾ ਰੁਝਾਨ) ਅਤੇ ਮਾਨਸਿਕ ਤਣਾਅ ਨਾਲ ਜੂਝ ਰਹੇ ਹਨ। ਅਜਿਹੇ ਵਿੱਚ ਬਗਾਵਤ ਦੇ ਨਾਮ 'ਤੇ ਕਿਸੇ ਵੀ ਡਿਜੀਟਲ ਲਹਿਰ ਦੇ ਪਿੱਛੇ ਅੱਖਾਂ ਬੰਦ ਕਰਕੇ ਲੱਗ ਜਾਣਾ ਵੱਡੀ ਭੁੱਲ ਹੋਵੇਗੀ।

ਪੰਜਾਬ ਦੀ ਗ਼ੈਰਤਮੰਦ ਜੁਆਨੀ ਨੂੰ ਇਹ ਯਾਦ ਰੱਖਣਾ ਪਵੇਗਾ ਕਿ ਉਹ, ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਜੱਸਾ ਸਿੰਘ ਆਹਲੂਵਾਲੀਆ, ਬਾਬਾ ਬਘੇਲ ਸਿੰਘ, ਮਹਾਰਾਜਾ ਰਣਜੀਤ ਸਿੰਘ ਅਤੇ ਜਰਨੈਲ ਹਰੀ ਸਿੰਘ ਨਲੂਆ ਦੀ ਵਿਰਾਸਤ ਦੇ ਵਾਰਸ ਹਨ। ਉਹ ਗੁਰੂ ਕੇ ਨਾਦੀ ਪੁੱਤਰ, ਪੁਤਰੀਆਂ ਹਨ, ਜਿਨ੍ਹਾਂ ਨੇ ਵੱਡੇ-ਵੱਡੇ ਸਾਮਰਾਜਾਂ ਦੇ ਮੂੰਹ ਮੋੜ ਦਿੱਤੇ ਸਨ। ਜੇਕਰ ਪੰਜਾਬ ਦੀ ਜੁਆਨੀ ਦੁਬਾਰਾ ਗੁਮਰਾਹ ਹੋ ਕੇ ਕਿਸੇ ਦਿੱਲੀ ਜਾਂ ਵਿਦੇਸ਼ਾਂ ਤੋਂ ਚੱਲਣ ਵਾਲੀ ਡਿਜੀਟਲ 'ਕਾਕਰੋਚ ਰਾਜਨੀਤੀ' ਦੇ ਜਾਲ ਵਿੱਚ ਫਸ ਗਈ, ਤਾਂ ਪੰਜਾਬ ਸਿਰਫ਼ ਇੱਕ ਨਵੀਂ ਸਿਆਸੀ ਲੈਬ ਬਣ ਕੇ ਰਹਿ ਜਾਵੇਗਾ। ਪੰਜਾਬ ਨੂੰ ਕਾਕਰੋਚ ਬਣਨ ਦੀ ਬਜਾਏ ਆਪਣੀ ਖ਼ੁਦਮੁਖਤਿਆਰ ਰਾਜਨੀਤਕ ਅਤੇ ਬੌਧਿਕ ਤਾਕਤ ਨੂੰ ਮਜ਼ਬੂਤ ਕਰਨ ਦੀ ਲੋੜ ਹੈ।

SINCE : 2007
ਕੈਨੇਡੀਅਨ ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
ਪਾਠਕਾਂ ਦੇ ਵਿਸ਼ਵਾਸ਼ ਦਾ 18ਵਾਂ ਸਾਲ



24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ

ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ

It's Time To Grow Your Business
Advertise with us...

ਕੈਨੇਡੀਅਨ ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ

: canadianpunjabtimes@gmail.com
Contact : 604-338-7310

# ਜੂਨ 84

## ਫੌਜੀ ਹਮਲੇ ਲਈ ਸ਼ਹੀਦੀ ਪੁਰਬ ਵਾਲਾ ਦਿਹਾੜਾ ਹੀ ਕਿਉਂ ਚੁਣਿਆ ਗਿਆ ?



ਗੁਰਪ੍ਰੀਤ ਸਿੰਘ ਮੰਡਿਆਣੀ

ਫੌਜ ਵੱਲੋਂ "ਬਲਿਊ ਸਟਾਰ" ਦੇ ਨਾਂ ਹੇਠ ਸਾਕਾ ਵਰਤਾਉਣ ਲਈ ਚੁਣੇ ਗਏ ਦਿਨ ਬਾਰੇ ਅੱਜ ਤੱਕ ਕੋਈ ਤਸੱਲੀ ਬਖ਼ਸ਼ ਸਰਕਾਰੀ ਬਿਆਨ ਸਾਹਮਣੇ ਨਹੀਂ ਆਇਆ। 3 ਜੂਨ 1984 ਨੂੰ ਗੁਰੂ ਅਰਜਨ ਪਾਤਸ਼ਾਹ ਦਾ ਸ਼ਹੀਦੀ ਪੁਰਬ ਸੀ ਇਹ ਦਿਹਾੜਾ ਮਨਾਉਣ ਖ਼ਾਤਰ ਹਜ਼ਾਰਾਂ ਦੀ ਤਾਦਾਦ ਵਿੱਚ ਸੰਗਤਾਂ ਦਰਬਾਰ ਸਾਹਿਬ ਇਕੱਠੀਆਂ ਹੁੰਦੀਆਂ ਆਈਆਂ ਸਨ ਤੇ 3 ਜੂਨ '84 ਨੂੰ ਵੀ ਆਈਆਂ। ਜਿਨ੍ਹਾਂ 'ਚੋਂ ਵਧੇਰੇ ਗਿਣਤੀ ਵਿੱਚ ਦੂਰ-ਦੁਰਾਡਿਓਂ ਆਉਣ ਵਾਲੀਆਂ ਸੰਗਤਾਂ ਹੁੰਦੀਆਂ ਸਨ ਤੇ ਉਹ ਰਾਤ ਵੀ ਦਰਬਾਰ ਸਾਹਿਬ ਵਿੱਚ ਹੀ ਬਿਤਾਉਂਦੀਆਂ ਆਈਆਂ ਸਨ। 3 ਜੂਨ ਸ਼ਾਮ ਨੂੰ ਕਰਫਿਉ ਲੱਗ ਗਿਆ ਜਿਸ ਕਰਕੇ ਸਾਰੀਆਂ ਸੰਗਤਾਂ ਇੱਥੇ ਹੀ ਘਿਰ ਗਈਆਂ। ਇਸ ਗੱਲ ਦਾ ਫੌਜ, ਖ਼ੁਫ਼ੀਆ ਏਜੰਸੀਆਂ ਤੇ ਸਰਕਾਰ ਸਮੇਤ ਸਭ ਨੂੰ ਇਲਮ ਸੀ ਕਿ ਇਸ ਦਿਨ ਕੀਤੇ ਗਏ ਫੌਜੀ ਹਮਲੇ ਵਿੱਚ ਹਜ਼ਾਰਾਂ ਬੇਗੁਨਾਹ ਬੱਚੇ, ਬੁੱਢੇ ਤੇ ਔਰਤਾਂ ਮਾਰੇ ਜਾ ਸਕਦੇ ਹਨ। ਇਸ ਦੇ ਬਾਵਜੂਦ ਵੀ ਇਹ ਦਿਨ ਹੀ ਕਿਉਂ ਚੁਣਿਆ ਗਿਆ। ਸਰਕਾਰ ਵੱਲੋਂ ਜਾਰੀ ਕੀਤੇ ਗਏ ਵਾਈਟ ਪੇਪਰ ਵਿੱਚ ਵੀ ਇਸ ਗੱਲ ਦੀ ਕੋਈ ਵਜ਼ਾਹਤ ਨਜ਼ਰ ਨਹੀਂ ਆਉਂਦੀ।

ਫੌਜੀ ਹੱਲੇ ਦੇ ਮੁਰੈਲੀ ਰਹੇ ਜਨਰਲ ਕੁਲਦੀਪ ਸਿੰਘ ਬਰਾੜ ਆਪਦੇ ਵੱਲੋਂ ਲਿਖੀ ਗਈ ਕਿਤਾਬ 'ਓਪਰੇਸ਼ਨ ਬਲੂ ਸਟਾਰ ਅਸਲ ਕਹਾਣੀ' ਦੇ ਮੁੱਢ ਵਿੱਚ ਸਫ਼ਾ 17 'ਤੇ ਦੱਸਦਾ ਹੈ ਕਿ ਇਸ ਗੱਲ ਦਾ ਮੈਂ ਅਗਾਂਹ ਜਾ ਕੇ ਜਵਾਬ ਦੇਵਾਂਗਾ ਕਿ ਇਹ ਦਿਨ ਹੀ ਕਿਉਂ ਚੁਣਿਆ ਗਿਆ। ਅਗਾਂਹ ਜਾ ਕੇ ਜਿਹੜਾ ਉਹਨੇ ਜਵਾਬ ਦਿੱਤਾ ਹੈ ਉਹ ਕੱਚੀ ਕਉਡੀ ਵਰਗਾ ਵੀ ਨਹੀਂ। ਸਫ਼ਾ 81 'ਤੇ ਉਹ ਇਸ ਜਵਾਬ ਦਿੰਦਾ ਹੋਇਆ ਲਿਖਦਾ ਹੈ ਕਿ 'ਬਲੂ ਸਟਾਰ ਕਾਰਵਾਈ ਤੋਂ ਪਿੱਛੋਂ ਹੋਈ ਚਰਚਾ ਦੌਰਾਨ ਇਸ ਦੇ ਜਿਹੜੇ ਪੱਖ ਉਤੇ ਸਭ ਤੋਂ ਜ਼ਿਆਦਾ ਬਹਿਸ ਹੋਈ ਉਹ ਇਸ ਨੂੰ ਆਰੰਭ ਕਰਨ ਦੀ ਤਾਰੀਖ ਹੈ। ਸਰਕਾਰ ਨੂੰ ਉਸ ਦੇ ਇਸ ਫੈਸਲੇ ਵਾਸਤੇ ਦੋਸ਼ੀ ਠਹਿਰਾਇਆ ਗਿਆ ਹੈ ਕਿ ਉਸਨੇ ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਦੇ ਮੌਕੇ ਫੌਜ ਨੂੰ ਦਰਬਾਰ ਸਾਹਿਬ ਅੰਦਰ ਭੇਜਣ ਦਾ ਹੁਕਮ ਦਿੱਤਾ ਜਿਸ ਦੇ ਫਲਸਰੂਪ ਸ਼ਰਧਾਲੂਆਂ ਦੀ ਬਹੁਤ ਵੱਡੀ ਗਿਣਤੀ ਅੰਦਰ ਫਸ ਗਈ ਅਤੇ ਉਹਨਾਂ ਵਿੱਚੋਂ ਕਈਆਂ ਦੀਆਂ ਕਾਰਵਾਈ ਦੌਰਾਨ ਜਾਨਾਂ ਗਈਆਂ। ਮੈਨੂੰ ਇਹ ਮੰਨਣ ਵਿੱਚ ਕੋਈ ਝਿਜਕ ਨਹੀਂ ਕਿ ਮੈਂ ਜ਼ੋਰਦਾਰ ਢੰਗ ਨਾਲ ਮਹਿਸੂਸ ਕਰਦਾ ਹਾਂ ਕਿ ਇਹ ਇਲਜ਼ਾਮ ਸਰਾਸਰ ਅਕਾਲੀ ਆਗੂਆਂ ਉਤੇ ਲਗਦਾ ਹੈ ਜਿਨ੍ਹਾਂ ਨੇ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਵਸ 3 ਜੂਨ ਨੂੰ ਰਾਜ ਵਿਆਪੀ ਮੋਰਚਾ ਲਾਉਣ ਦਾ ਐਲਾਨ ਕੀਤਾ। ਜਿਸ ਵੇਲੇ ਪੰਜਾਬ ਵਿੱਚ ਹਿੰਸਾ ਤੇ ਲਾਕਾਨੂੰਨੀ ਸਹਿਣਯੋਗ ਹੱਦਾਂ-ਬੰਨੇ ਟੱਪ ਗਈ ਸੀ ਅਤੇ ਵੱਖਵਾਦੀ ਸਰਗਰਮੀਆਂ ਆਪਣੀ ਸਿਖਰ ਉਤੇ ਸਨ, ਲੌਂਗੋਵਾਲ ਵੱਲੋਂ ਐਲਾਨੇ ਮੋਰਚੇ ਨੇ ਮਾਮਲੇ ਦੀ ਗੰਭੀਰਤਾ ਵਿੱਚ ਹੋਰ ਵਾਧਾ ਹੀ ਕੀਤਾ ਅਤੇ "ਸ੍ਰੀਮਤੀ" ਇੰਦਰਾ ਗਾਂਧੀ ਲਈ ਹੋਰ ਕੋਈ ਚਾਰਾ ਨਾ ਰਹਿਣ ਦਿੱਤਾ। ਅਕਾਲੀਆਂ ਨੂੰ ਇਸ ਗੱਲ ਵਾਸਤੇ ਪ੍ਰੇਰਿਆ ਕਿਉਂ ਨਾ ਜਾ ਸਕਿਆ ਕਿ ਉਹ ਆਪਣਾ ਮੋਰਚਾ ਕੁਝ ਦਿਨ ਬਾਅਦ ਵਿੱਚ ਲਾ ਲੈਣ ?'

ਬਰਾੜ ਆਪਣੇ ਇਸ ਜਵਾਬ ਵਿੱਚ ਇਹ ਦੱਸਦਾ ਹੈ ਕਿ ਕਿਉਂਕਿ ਅਕਾਲੀਆਂ ਨੇ 3 ਜੂਨ ਨੂੰ ਰਾਜ ਵਿਆਪੀ ਮੋਰਚਾ ਲਾਉਣ ਦਾ ਐਲਾਨ ਕੀਤਾ। ਇੱਥੇ ਉਹ ਮੋਰਚੇ ਦੀ ਕਿਸਮ ਦੱਸਣੀ ਭੁੱਲਿਆ ਨਹੀਂ ਬਲਕਿ ਚਲਾਕੀ ਨਾਲ ਲਕੋ ਗਿਆ ਹੈ। ਅਕਾਲੀ ਦਲ ਦਾ ਧਰਮ ਯੁੱਧ ਮੋਰਚਾ ਤਾਂ ਪਹਿਲਾਂ ਹੀ ਚੱਲ ਰਿਹਾ ਸੀ ਇਸ ਵਿੱਚ ਉਹਨੇ ਇੱਕ ਨਵਾਂ ਐਕਸ਼ਨ ਐਲਾਨਿਆ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ 3 ਜੂਨ ਨੂੰ ਉਹ ਪੰਜਾਬ ਵਿੱਚੋਂ ਬਾਹਰਲੇ ਸੂਬਿਆਂ ਨੂੰ ਭੇਜੇ ਜਾ ਰਹੇ ਅਨਾਜ ਦੀ ਸਪਲਾਈ ਨੂੰ ਰੋਕਣਗੇ। ਪੰਜਾਬ ਵਿੱਚੋਂ ਅਨਾਜ ਦੀ ਸਪਲਾਈ ਕੁਝ ਦਿਨਾਂ ਵਾਸਤੇ ਰੁਕਣ ਨਾਲ ਦੇਸ਼ ਨੂੰ ਕੋਈ ਫੌਰੀ ਆਫ਼ਤ ਨਹੀਂ ਸੀ ਆਉਣ ਲੱਗੀ। ਅਨਾਜ ਦੀ ਸਪਲਾਈ ਰੋਕਣ ਦੀ ਸਵਿੱਚ ਵੀ ਕੋਈ ਦਰਬਾਰ ਸਾਹਿਬ ਵਿੱਚ ਨਹੀਂ ਸੀ ਲੱਗੀ ਹੋਈ ਜੋ ਕਿ ਉਥੇ ਜਾ ਕੇ ਹੀ ਕੱਟਣੀ ਪੈਣੀ ਸੀ। ਜਿੱਥੇ-ਜਿੱਥੇ ਅਨਾਜ ਦੀ ਸਪਲਾਈ ਰੋਕੀ ਜਾਂਦੀ ਸਰਕਾਰ ਉਥੇ ਤਾਕਤ ਵਰਤ ਸਕਦੀ ਸੀ। ਨਾਲੇ ਸਾਰੇ ਦੇਸ਼ ਵਿੱਚ 6 ਮਹੀਨਿਆਂ ਜੋਗਾ ਅੰਨ ਭੰਡਾਰ ਹਮੇਸ਼ਾਂ ਮੌਜੂਦ ਰਹਿੰਦਾ ਹੈ। ਸੋ ਇਹ ਬਹਾਨਾ ਕਿਸੇ ਵੀ ਤਰੀਕੇ ਨਾਲ ਯੋਗ ਨਹੀਂ ਮੰਨਿਆ ਜਾ ਸਕਦਾ। ਬਰਾੜ ਲਿਖਦਾ ਹੈ ਕਿ ਅਕਾਲੀ ਮੋਰਚੇ ਨੇ ਮਸਲੇ ਦੀ ਗੰਭੀਰਤਾ ਵਿੱਚ ਹੋਰ ਵਾਧਾ ਕੀਤਾ ਹੈ ਅਤੇ ਇੰਦਰਾ ਗਾਂਧੀ ਕੋਲ ਹੋਰ ਕੋਈ ਚਾਰਾ ਨਾ ਰਹਿਣ ਦਿੱਤਾ। ਬਰਾੜ ਨੇ 'ਹੋਰ ਕੋਈ ਚਾਰਾ' ਦਾ ਅਰਥ ਤਾਂ ਨਹੀਂ ਦੱਸਿਆ ਪਰ ਜਦੋਂ ਉਹ 3 ਜੂਨ ਦਾ ਦਿਨ ਚੁਣੇ ਜਾਣ ਦਾ ਜਵਾਬ ਦੇ ਰਿਹਾ ਹੈ ਤਾਂ ਇਹਦਾ ਅਰਥ ਇਹੀ ਸਮਝਿਆ ਜਾ ਸਕਦਾ ਹੈ ਕਿ ਇੰਦਰਾ ਗਾਂਧੀ ਕੋਲ ਫੌਜੀ ਹਮਲੇ ਖ਼ਾਤਰ 3 ਜੂਨ ਦਾ ਦਿਨ ਮੁਕਰਰ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਪਾਠਕ ਖ਼ੁਦ ਸਮਝ ਸਕਦੇ ਹਨ ਕਿ ਬਰਾੜ ਵੱਲੋਂ ਕੀਤੀ ਗਈ ਇਹ ਵਜ਼ਾਹਤ ਕਿੰਨੀ ਕੱਚੀ ਪਿੱਲੀ ਹੈ ਕਿਉਂਕਿ ਅਨਾਜ ਦੀ ਸਪਲਾਈ ਰੋਕਣ ਦੀ ਕਾਰਵਾਈ ਦੀ ਤੁਲਨਾ ਦੇਸ਼ 'ਤੇ ਕਿਸੇ ਬਾਹਰੀ ਹਮਲੇ ਦੇ ਖ਼ਤਰੇ ਨਾਲ ਨਹੀਂ ਕੀਤੀ ਜਾ ਸਕਦੀ ਕਿ ਜਿਸ ਖ਼ਾਤਰ ਫੌਜ ਨੂੰ ਐਨਾ ਫੌਰੀ ਐਕਸ਼ਨ ਲੈਣਾ ਪੈਂਦਾ ਕਿ ਕਿਸੇ ਤਰੀਕ-ਤਰੂਕ ਦੀ ਪ੍ਰਵਾਹ ਨਾ ਕੀਤੀ ਜਾਂਦੀ।

ਚਲੋ ਤਰੀਕ ਦੀ ਵੀ ਗੱਲ ਛੱਡੋ ਜੇ ਸਰਕਾਰ ਦੀ ਨਜ਼ਰ ਵਿੱਚ ਆਮ ਲੋਕਾਂ ਨੂੰ ਫੌਜੀ ਹਮਲੇ ਦੀ ਮਾਰ ਹੇਠ ਆਉਣ ਤੋਂ ਬਚਾਉਣ ਦਾ ਮਕਸਦ ਮੂਹਰੇ ਹੁੰਦਾ ਤਾਂ ਸੰਗਤਾਂ ਨੂੰ ਕਰਫਿਊ ਲਾ ਕੇ ਜਾਂ ਕਿਸੇ ਹੋਰ ਤਰੀਕੇ ਨਾਲ ਸ਼ਹੀਦੀ ਪੁਰਬ ਵਾਲੇ ਦਿਨ ਉਥੇ ਇਕੱਠਾ ਹੋਣੋਂ ਰੋਕ ਸਕਦੀ ਸੀ। ਕਰਫਿਊ ਲਗਾਉਣ ਦੀ ਬਜਾਏ ਸੰਗਤਾਂ ਦੇ ਆਉਣ ਵੇਲੇ ਕੋਈ ਕਰਫਿਊ ਨਹੀਂ ਸੀ ਬਲਕਿ ਸੰਗਤਾਂ ਦੇ ਵਾਪਸ ਆਉਣ ਵੇਲੇ ਕਰਫਿਊ ਲਾਇਆ ਗਿਆ। ਸਰਕਾਰ ਕੋਲ ਸੰਗਤਾਂ ਨੂੰ ਹਮਲੇ ਤੋਂ ਪਹਿਲਾਂ ਦਰਬਾਰ ਸਾਹਿਬ ਆਉਣੋਂ ਰੋਕਣ ਦੀ ਵਿਉਂਤਬੰਦੀ ਕਰਨ ਦਾ ਪੂਰਾ ਸਮਾਂ ਸੀ। ਕਿਉਂਕਿ ਸਰਕਾਰ ਨੇ ਤਾਂ ਹਮਲੇ ਦਾ ਸਾਰਾ ਟਾਈਮ ਟੇਬਲ ਕਈ ਹਫ਼ਤੇ ਪਹਿਲਾਂ ਹੀ ਬਣਾ ਲਿਆ ਸੀ। ਫੌਜੀ ਕੁਮਕ 29 ਮਈ ਤੋਂ ਹੀ ਅੰਮ੍ਰਿਤਸਰ ਛਾਉਣੀ ਵਿੱਚ ਦੂਰ-ਦਰਾਉਂਡਿਓਂ ਚੱਲ ਕੇ ਆਉਣੀ ਸ਼ੁਰੂ ਹੋ ਗਈ ਸੀ। 9 ਇਨਫੈਂਟਰੀ ਬ੍ਰਿਗੇਡ ਦੀਆਂ ਕੁਝ ਟੁੱਕੜੀਆਂ 465 ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਮੇਰਠ ਤੋਂ ਅੰਮ੍ਰਿਤਸਰ ਪੁੱਜ ਚੁੱਕੀਆਂ ਸਨ। ਇਹਦਾ ਭਾਵ ਇਹ ਕਿ ਇਹ ਫੌਜ 27 ਮਈ ਨੂੰ ਮੇਰਠੋਂ ਚੱਲੀ ਹੋਵੇਗੀ। ਘੱਟੋ-ਘੱਟ 2 ਦਿਨ ਉਹਨੇ ਤਿਆਰੀ ਵਿੱਚ ਵੀ ਲਾਏ ਹੋਣਗੇ। ਘੱਟੋ ਘੱਟ 1 ਦਿਨ ਪਹਿਲਾਂ ਇਸ ਦਾ ਅਫ਼ਸਰਾਂ ਨੇ ਫੈਸਲਾ ਲੈ ਲਿਆ ਹੋਵੇਗਾ। ਇਸ ਦਾ ਮਤਲਬ ਇਹ ਬਣਿਆ ਕਿ ਫੌਜੀ ਆਪ੍ਰੇਸ਼ਨ ਦੀ ਸ਼ੁਰੂਆਤ ਘੱਟੋ ਘੱਟ 24 ਮਈ ਨੂੰ ਹੀ ਸ਼ੁਰੂ ਹੋ ਗਈ ਸੀ। ਜੇ 3 ਤੇ 4 ਜੂਨ ਦੀ ਰਾਤ ਨੂੰ ਹੀ ਫੌਜ ਵੱਲੋਂ ਹਮਲਾ ਕੀਤੇ ਜਾਣ ਦੀ ਕੋਈ ਮਜਬੂਰੀ ਵੀ ਸੀ ਤਾਂ 3 ਜੂਨ ਨੂੰ ਸ਼ਹੀਦੀ ਪੁਰਬ ਦੇ ਮੱਦੇਨਜ਼ਰ ਸੰਗਤਾਂ ਨੂੰ ਉਥੇ ਇਕੱਠੀਆਂ ਹੋਣ ਤੋਂ ਰੋਕਣ ਖ਼ਾਤਰ ਕੋਈ ਤਰੀਕਾ ਅਖ਼ਤਿਆਰ ਕਰਨ ਖ਼ਾਤਰ ਸਰਕਾਰ ਕੋਲ ਕਾਫ਼ੀ ਸਮਾਂ ਸੀ। ਬਰਾੜ ਸਣੇ ਕਿਸੇ ਹੋਰ ਨੇ ਵੀ ਸਰਕਾਰੀ ਪੱਧਰ 'ਤੇ ਅਜਿਹਾ ਤਰੀਕਾ ਏ ਕਾਰ ਅਖਤਿਆਰ ਨਾ ਕਰ ਸਕਣ ਦੀ ਕੋਈ ਵਜ਼ਾਹਤ ਨਹੀਂ ਕੀਤੀ ਗਈ।

> "ਦਰਬਾਰ ਸਾਹਿਬ ਕੰਪਲੈਕਸ ਵਿੱਚ ਸ਼ਰਧਾਲੂਆਂ ਨੂੰ ਵੱਡੀ ਗਿਣਤੀ ਵਿੱਚ ਇਕੱਠੇ ਹੋਣ ਦੇਣ ਦਾ ਮਨੋਰਥ ਉਨ੍ਹਾਂ ਨੂੰ ਖਾੜਕੂਆਂ ਦੀ ਸ਼੍ਰੇਣੀ ਵਿੱਚ ਦਿਖਾ ਕੇ ਫੌਜ ਇਹ ਸਾਬਤ ਕਰਨਾ ਚਾਹੁੰਦੀ ਸੀ ਕਿ ਉਨ੍ਹਾਂ ਦਾ ਮੁਕਾਬਲਾ ਹਜ਼ਾਰਾਂ ਹਥਿਆਰਬੰਦ ਖਾੜਕੂਆਂ ਨਾਲ ਹੋਇਆ ਤਾਂ ਹੀ ਉਨ੍ਹਾਂ ਨੂੰ ਦਰਬਾਰ ਸਾਹਿਬ ਵਿੱਚ ਦਾਖ਼ਲ ਹੋਣ ਵਾਸਤੇ ਪੂਰਾ ਇੱਕ ਬ੍ਰਿਗੇਡ ਝੋਕਣਾ ਪਿਆ।"

ਪੰਜਾਬ ਵਿੱਚ ਇਸ ਦੌਰਾਨ 7 ਡਵੀਜ਼ਨ ਫੌਜ ਦੀ ਤਾਇਨਾਤੀ ਕੀਤੀ ਗਈ ਸੀ। ਜੋ ਕਿ ਜ਼ਿਆਦਾਤਰ ਪੰਜਾਬ ਦੇ ਬਾਹਰੋਂ ਢੋਈ ਗਈ। ਇਹ ਸੜਕਾਂ ਰਾਹੀਂ ਹੀ ਆਈ। ਜੋ ਕਿ ਹਰੇਕ ਜਣੇ-ਖਣੇ ਨੂੰ ਨਜ਼ਰ ਪੈਂਦੀ ਸੀ। ਪੰਜਾਬ ਅਤੇ ਦੇਸ਼ ਦੇ ਹੋਰ ਸਾਰੇ ਅਖ਼ਬਾਰਾਂ ਨੇ ਪੰਜਾਬ ਵਿੱਚ ਆ ਰਹੀ ਫੌਜ ਬਾਰੇ ਕੋਈ ਖ਼ਬਰ ਨਸ਼ਰ ਨਹੀਂ ਕੀਤੀ। ਉਨੀ ਦਿਨੀਂ ਤਾਰਾਂ ਵਾਲੇ ਟੈਲੀਫੋਨ ਵੀ ਟਾਵੇਂ ਟੱਲੇ ਕੀ ਹੁੰਦੇ ਸਨ। ਕੋਈ ਮੋਬਾਈਲ ਫੋਨ ਨਹੀਂ ਸੀ ਹੁੰਦਾ। ਕੋਈ ਪ੍ਰਾਈਵੇਟ ਟੀ.ਵੀ. ਚੈਨਲ ਦੀ ਹੋਂਦ ਨਹੀਂ ਸੀ। ਗੈਰ ਸਰਕਾਰੀ ਖ਼ਬਰ ਦਾ ਇੱਕੋ ਇੱਕ ਸਾਧਨ ਅਖ਼ਬਾਰ ਹੀ ਹੁੰਦੇ ਸਨ ਜਿਨ੍ਹਾਂ ਨੇ ਪੰਜਾਬ ਵਿੱਚ ਆ ਰਹੀ ਫੌਜ ਦੀ ਜਾਣਕਾਰੀ ਨੂੰ ਲੋਕਾਂ ਤੋਂ ਜਾਣਬੁੱਝ ਕੇ ਲਕੋ ਕੇ ਰੱਖਿਆ। ਜੇ ਇਸ ਗੱਲ ਦੀ ਜਾਣਕਾਰੀ ਮਿਲ ਜਾਂਦੀ ਤਾਂ ਸ਼ਹੀਦੀ ਪੁਰਬ 'ਤੇ ਸੰਗਤਾਂ ਦਾ ਇਕੱਠ ਬਹੁਤ ਥੋੜ੍ਹਾ ਹੋਣਾ ਸੀ। ਉਸ ਵੇਲੇ ਇੰਡੀਅਨ ਐਕਸਪ੍ਰੈਸ ਅਖ਼ਬਾਰ ਦੇ ਉਘੇ ਪੱਤਰਕਾਰ ਰਹੇ ਕੰਵਰ ਸੰਧੂ (ਅੱਜ ਕੱਲ੍ਹ ਵਿਧਾਇਕ) ਨੇ ਆਪਣੀ ਡਾਕੂਮੈਂਟਰੀ ਵਿੱਚ ਦੱਸਿਆ ਹੈ ਕਿ 'ਮੈਂ ਫੌਜ ਦੀ ਆਮਦ ਸਬੰਧੀ 30 ਮਈ ਨੂੰ ਇੱਕ ਖ਼ਬਰ ਆਪਣੇ ਅਖ਼ਬਾਰ ਨੂੰ ਘੱਲੀ ਤੇ ਅਖ਼ਬਾਰ ਦੇ ਦਿੱਲੀ ਵਿਚਲੇ ਹੈਡਕੁਆਟਰ ਨੇ ਖ਼ਬਰ ਇਹ ਕਹਿ ਕੇ ਰੋਕ ਲਈ ਹੈ ਕਿ ਇਸ ਵਿੱਚ ਕੋਈ ਸੱਚਾਈ ਨਹੀਂ। ਸੰਧੂ ਆਖਦੇ ਹਨ ਕਿ ਉਨ੍ਹਾਂਨੇ ਦੁਬਾਰਾ 1 ਜੂਨ ਨੂੰ ਦੁਬਾਰਾ ਖ਼ਬਰ ਘੱਲੀ ਤੇ ਦਿੱਲੀ ਹੈਡ ਆਫਿਸ ਨੇ ਇਹ ਕਹਿ ਕੇ ਖ਼ਬਰ ਛਾਪਣੋਂ ਨਾਂਹ ਕਰ ਦਿੱਤੀ ਕਿ ਇਹ ਖ਼ਬਰ ਅਫਵਾਹਾਂ 'ਤੇ ਅਧਾਰਤ ਹੈ। ਸੰਧੂ ਦਾ ਕਹਿਣਾ ਹੈ ਕਿ ਜੇ ਅਜਿਹੀਆਂ ਖ਼ਬਰਾਂ ਛਪ ਜਾਂਦੀਆਂ ਤਾਂ ਕੁਝ ਜਾਨੀ ਨਕਸਾਨ ਹੋਣੋਂ ਬਚ ਸਕਦਾ ਸੀ। ਉਨ੍ਹਾਂ ਕਿਹਾ ਕਿ ਮੈਨੂੰ ਇਹ ਕਹਿਣ ਵਿੱਚ ਕੋਈ ਝਿੱਜਕ ਨਹੀਂ ਕਿ ਪੰਜਾਬ ਦਾ ਅਤੇ ਕੌਮੀ ਮੀਡੀਆ ਇਸ ਦਾ ਨੋਟਿਸ ਲੈਣ ਵਿੱਚ ਨਾਕਾਮ ਰਿਹਾ ਹੈ।' ਸੰਧੂ ਦਾ ਪੰਜਾਬ ਅਤੇ ਕੌਮੀ ਮੀਡੀਆ ਨੂੰ 'ਨਾਕਾਮ' ਕਹਿਣਾ ਅਸਲ 'ਚ ਇਨ੍ਹਾਂ ਦੇ ਕਸੂਰ ਨੂੰ ਘਟਾਉਣਾ ਹੀ ਹੈ। ਨਾਕਾਮ ਲਫ਼ਜ ਉਥੇ ਵਰਤਿਆ ਜਾਂਦਾ ਹੈ ਜਿੱਥੇ ਕੋਈ ਜਣਾ ਕੋਈ ਕੰਮ ਕਰਨ ਖ਼ਾਤਰ ਆਪਣੇ ਵੱਲੋਂ ਪੂਰਾ ਜ਼ੋਰ ਲਾ ਰਿਹਾ ਹੋਵੇ ਪਰ ਇਸ ਦੇ ਬਾਵਜੂਦ ਕੰਮ ਸਿਰੇ ਨਾ ਚੜ੍ਹ ਸਕੇ ਤਾਂ ਉਸ ਨੂੰ ਨਾਕਾਮ ਆਖਿਆ ਜਾਂਦਾ ਹੈ। ਪਰ ਜੇ ਕੋਈ ਜਾਣਬੁੱਝ ਕੇ ਕੰਮ ਕਰਨਾ ਹੀ ਨਾ ਚਾਹੇ ਤਾਂ ਇਹ ਆਖਿਆ ਜਾਂਦਾ ਹੈ ਕਿ ਫਲਾਣੇ ਨੇ ਇਹ ਕੰਮ ਨਹੀਂ ਕੀਤਾ। ਜਦੋਂ ਇੰਡੀਅਨ ਐਕਸਪ੍ਰੈਸ ਨੇ ਕੰਵਰ ਸੰਧੂ ਵੱਲੋਂ ਭੇਜੀਆਂ ਖ਼ਬਰਾਂ ਨਹੀਂ ਛਾਪੀਆਂ ਤਾਂ ਇਸ ਵਿੱਚ ਉਹਦੇ ਅਖ਼ਬਾਰ ਦੀ ਨਾਕਾਮੀ ਨਹੀਂ ਸੀ ਬਲਕਿ ਇਹ ਕਹਿਣਾ ਬੇਈਮਾਨੀ ਸੀ ਤੇਰੀਆਂ ਖ਼ਬਰਾਂ ਵਿੱਚ ਕੋਈ ਸੱਚਾਈ ਨਹੀਂ। ਹਾਲਾਂਕਿ ਸੱਚਾਈ ਤਾਂ ਫੌਜੀ ਲਸ਼ਕਰਾਂ ਦੀ ਸ਼ਕਲ ਵਿੱਚ ਸੜਕਾਂ 'ਤੇ ਤੁਰੀ ਜਾਂਦੀ ਸਭ ਨੂੰ ਦਿੱਸ ਰਹੀ ਸੀ। ਟੈਂਕਾਂ ਅਤੇ ਤੋਪਾਂ ਲੱਦੀ ਫੌਜ ਦੀਆਂ ਸੈਂਕੜੇ ਗੱਡੀਆਂ ਵਾਲੇ ਕਾਫਲੇ ਅੰਮ੍ਰਿਤਸਰ ਵੱਲ ਮੂੰਹ ਕਰੀ ਜਾ ਰਹੇ ਸਨ। ਇਹ ਕੰਮ ਇੱਕ ਦਿਨ ਵਿੱਚ ਨਹੀਂ ਹੋ ਗਿਆ ਬਲਕਿ ਇਹ 28 ਮਈ ਤੋਂ ਸ਼ੁਰੂ ਹੋ ਕੇ 3 ਜੂਨ ਤੱਕ ਵੀ ਜਾਰੀ ਸੀ। ਜਦ ਐਡਾ ਭਾਰੀ ਕੀੜੀ ਕਟਕ ਭਾਰਤ ਦੇ ਸਭ ਤੋਂ ਉਘੇ ਨੈਸ਼ਨਲ ਹਾਈਵੇਅ ਨੰਬਰ ਇੱਕ ਤੋਂ ਲਗਾਤਾਰ ਕਈ ਦਿਨ ਗੁਜ਼ਰਦਾ ਰਿਹਾ ਹੋਵੇ ਤੇ ਫਿਰ ਇੰਡੀਅਨ ਐਕਸਪ੍ਰੈਸ ਵਰਗੇ ਜ਼ਿੰਮੇਵਾਰ ਅਖ਼ਬਾਰ ਵੱਲੋਂ ਇਸ ਨੂੰ ਅਫ਼ਵਾਹਾਂ ਦੇ ਅਧਾਰਤ 'ਤੇ ਦੱਸਣਾ ਤੇ ਫਿਰ ਇੱਕ ਜ਼ਿੰਮੇਵਾਰ ਪੱਤਰਕਾਰ ਵੱਲੋਂ ਅਖ਼ਬਾਰਾਂ ਦੀ ਇਸ ਮੱਕਾਰੀ ਨੂੰ ਨਾਕਾਮੀ ਕਹਿਣਾ ਕਿਸੇ ਵੀ ਤਰੀਕੇ ਨਾਲ ਜਾਇਜ਼ ਨਹੀਂ। ਅਖ਼ਬਾਰਾਂ ਵੱਲੋਂ ਫੌਜੀ ਆਮਦ ਦੀਆਂ ਖ਼ਬਰਾਂ ਨਾ ਛਾਪਣ ਪਿੱਛੇ ਭਾਰਤ ਸਰਕਾਰ ਨੂੰ ਦਿੱਤਾ ਜਾ ਰਿਹਾ ਉਹ ਅਣ ਐਲਾਨਿਆ ਸਹਿਯੋਗ ਸੀ ਜਿਸ ਦੀ ਮੰਗ ਭਾਰਤ ਸਰਕਾਰ ਨੇ ਅਖ਼ਬਾਰਾਂ ਤੋਂ ਕੀਤੀ ਸੀ ਤੇ ਉਨ੍ਹਾਂ ਨੇ ਖੁਸ਼ੀ-ਖੁਸ਼ੀ ਇਸ 'ਤੇ ਫੁੱਲ ਚੜ੍ਹਾਏ ਸੀ। ਭਾਰਤ ਦੇ ਸੂਚਨਾ ਤੇ ਪ੍ਰਸਾਰਨ ਮੰਤਰੀ ਐਚ.ਕੇ.ਐਲ. ਭਗਤ ਨੇ 1984 ਵਾਲੀ ਮਈ ਦੇ ਸ਼ੁਰੂ 'ਚ ਅਖ਼ਬਾਰਾਂ ਦੇ ਐਡੀਟਰਾਂ ਨਾਲ ਮੀਟਿੰਗਾਂ ਸ਼ੁਰੂ ਕਰ ਦਿੱਤੀਆਂ ਸਨ। ਇਨ੍ਹਾਂ ਵਿੱਚ ਦੇਸ਼ ਨੂੰ ਏਕਤਾ ਅਤੇ ਅਖੰਡਤਾ ਵਾਲੇ ਫਰੰਟ 'ਤੇ ਦਰਪੇਸ਼ ਖਤਰੇ ਨਾਲ ਨਿਬੜਨ ਖ਼ਾਤਰ ਅਖ਼ਬਾਰਾਂ ਤੋਂ ਸਹਿਯੋਗ ਮੰਗਿਆ ਸੀ। ਸੋ ਇਸੇ ਸਹਿਯੋਗ ਦਾ ਹੀ ਨਤੀਜਾ ਸੀ ਕਿ ਕੰਵਰ ਸੰਧੂ ਵੱਲੋਂ ਭੇਜੀਆਂ ਖ਼ਬਰਾਂ ਨੂੰ ਇੰਡੀਅਨ ਐਕਸਪ੍ਰੈਸ ਦੇ ਹੈਡਕੁਆਟਰ ਨੇ ਝੂਠੀਆਂ ਕਹਿ ਕੇ ਛਾਪਣੋਂ ਇਨਕਾਰ ਕਰ ਦਿੱਤਾ ਸੀ। ਬਕੌਲ ਕੰਵਰ ਸੰਧੂ ਜੇ ਇਹ ਖ਼ਬਰਾਂ ਛਪ ਜਾਂਦੀਆਂ ਤਾਂ ਦਰਬਾਰ ਸਾਹਿਬ ਵਿੱਚ ਹੋਇਆ ਜਾਨੀ ਨੁਕਸਾਨ ਘਟ ਸਕਦਾ ਸੀ। ਫੌਜੀ ਹਮਲੇ ਤੋਂ ਬਾਅਦ ਪਾਰਲੀਮੈਂਟ ਵਿੱਚ ਸੂਚਨਾ ਅਤੇ ਪ੍ਰਸਾਰਣ ਮੰਤਰੀ ਉਸੇ ਐਚ.ਕੇ.ਐਲ. ਭਗਤ ਨੇ ਅਖ਼ਬਾਰਾਂ ਵੱਲੋਂ ਇਸ ਸਬੰਧ 'ਚ ਨਿਭਾਏ ਰੋਲ ਦੀ ਭਰਪੂਰ ਸ਼ਲਾਘਾ ਕੀਤੀ। ਇਹਤੋਂ ਇਸ ਗੱਲ ਦੀ ਤਸਦੀਕ ਹੁੰਦੀ ਹੈ ਕਿ ਭਾਰਤੀ ਅਖ਼ਬਾਰ ਪੂਰੀ ਤਰ੍ਹਾਂ ਨਾਲ ਸਰਕਾਰ ਦੇ ਆਖੇ ਲੱਗਣ ਵਾਲੀ ਸੰਧੀ 'ਤੇ ਖਰੇ ਉਤਰੇ। ਦੂਜੇ ਅਰਥਾਂ ਵਿੱਚ ਇਹ ਗੱਲ ਸਾਬਿਤ ਹੁੰਦੀ ਹੈ ਕਿ ਉਨ੍ਹਾਂ ਨੇ ਉਹੀ ਕੁਝ ਛਾਪਿਆ ਤੇ ਉਹੀ ਕੁਝ ਲਕੋਇਆ ਜਿਸ ਕਿਸਮ ਦੀ ਹਦਾਇਤ ਸਰਕਾਰ ਨੇ ਉਨ੍ਹਾਂ ਨੂੰ ਸਹਿਯੋਗ ਦੇ ਨਾਂਅ ਥੱਲ੍ਹੇ ਦਿੱਤੀ ਸੀ। ਹੁਣ ਪਾਠਕ ਖ਼ੁਦ ਅੰਦਾਜ਼ਾ ਲਾ ਲੈਣ ਕਿ ਸਰਕਾਰ ਅਤੇ ਅਖ਼ਬਾਰਾਂ ਵੱਲੋਂ ਇਸ ਗੁਪਤ ਸੰਧੀ ਦਾ ਸਿੱਖ ਸੰਗਤ ਦੇ ਜਾਨ ਮਾਲ 'ਤੇ ਕੀ ਅਸਰ ਪਿਆ।

ਇਸ ਗੱਲ ਦੀ ਵੱਡੀ ਸੰਭਾਵਨਾ ਹੈ ਕਿ ਫੌਜ ਖ਼ੁਦ ਚਾਹੁੰਦੀ ਸੀ ਕਿ ਫੌਜੀ ਹਮਲੇ ਵੇਲੇ ਵੱਧ ਤੋਂ ਵੱਧ ਲੋਕਾਂ ਦਾ ਇਕੱਠ ਹੋਵੇ। ਆਮ ਸੰਗਤਾਂ ਨੂੰ ਵੀ ਖਾੜਕੂਆਂ ਦੀ ਗਿਣਤੀ ਵਿੱਚ ਸ਼ਾਮਲ ਕਰਕੇ ਇਹ ਦੱਸਿਆ ਜਾ ਸਕੇ ਕਿ ਫੌਜ ਦਾ ਮੁਕਾਬਲਾ ਹਜ਼ਾਰਾਂ ਦੀ ਗਿਣਤੀ ਵਾਲੇ ਖਾੜਕੂ ਦਲ ਨਾਲ ਹੋਇਆ ਹੈ। ਜਿਵੇਂ ਕਿ ਤੁਸੀਂ ਉਪਰ ਪੜ੍ਹ ਆਏ ਹੋ ਕਿ ਹਮਲੇ ਲਈ 3 ਜੂਨ ਦੀ ਤਰੀਕ ਚੁਣਨ ਪਿੱਛੇ ਕੋਈ ਮਜਬੂਰੀ ਨਹੀਂ ਸੀ ਤੇ ਨਾ ਹੀ ਇਸ ਦਿਨ ਇਹ ਚਾਹਿਆ ਗਿਆ ਕਿ ਆਮ ਲੋਕ ਘੱਟ ਤੋਂ ਘੱਟ ਗਿਣਤੀ ਵਿੱਚ ਦਰਬਾਰ ਸਾਹਿਬ ਇਕੱਠੇ ਹੋਣ। ਫੌਜ ਨੇ ਹਮਲੇ ਤੋਂ ਬਾਅਦ ਜੋ ਮਾਰੇ ਗਿਆਂ ਦੀ ਗਿਣਤੀ ਦੱਸੀ ਉਸ ਵਿੱਚ 5 ਬੱਚਿਆਂ, 30 ਔਰਤਾਂ ਸਣੇ 492 ਹਲਾਕ ਦੱਸੇ ਗਏ। ਗ੍ਰਿਫ਼ਤਾਰੀਆਂ ਵਿੱਚ 309 ਬੱਚੇ ਤੇ ਔਰਤਾਂ ਸਣੇ 1592 ਗ੍ਰਿਫ਼ਤਾਰ ਹੋਏ ਦੱਸੇ ਗਏ। ਸਰਕਾਰੀ ਰੇਡਿਓ ਨੇ ਹਲਾਕ ਅਤੇ ਗ੍ਰਿਫ਼ਤਾਰਾਂ ਨੂੰ ਖਾੜਕੂਆਂ ਦੀ ਹੀ ਸ਼੍ਰੇਣੀ ਵਿੱਚ ਰੱਖਦਿਆਂ ਇਹ ਦੱਸਿਆ ਗਿਆ ਕਿ ਲਗਭਗ 500 ਉਗਰਵਾਦੀ ਹਲਾਕ ਅਤੇ 1500 ਉਗਰਵਾਦੀ ਗ੍ਰਿਫ਼ਤਾਰ ਕੀਤੇ ਗਏ ਹਨ। ਗੁਰੂ ਰਾਮਦਾਸ ਸਰਾਂ ਵਿੱਚ ਗੋਲੀਆਂ ਦਾ ਛੱਟਾ ਦੇ ਕੇ ਅਤੇ ਹੱਥ ਪਿੱਛੇ ਬੰਨ੍ਹ ਕੇ ਆਮ ਸ਼ਰਧਾਲੂਆਂ ਨੂੰ ਮਾਰਨ ਪਿੱਛੇ ਇਹੀ ਮਕਸਦ ਵੀ ਹੋ ਸਕਦਾ ਹੈ ਕਿ ਮਾਰੇ ਗਏ ਇਨ੍ਹਾਂ ਲੋਕਾਂ ਨੂੰ ਖਾੜਕੂਆਂ ਦੇ ਖਾਤੇ ਵਿੱਚ ਪਾ ਕੇ ਇਹ ਦੱਸਿਆ ਜਾ ਸਕੇ ਕਿ ਫੌਜ ਦਾ ਮੁਕਾਬਲਾ ਖਾੜਕੂਆਂ ਦੀ ਵੱਡੀ ਗਿਣਤੀ ਨਾਲ ਹੋਇਆ ਹੈ। ਆਮ ਸ਼ਰਧਾਲੂਆਂ ਨੂੰ ਖਾੜਕੂ ਦੱਸ ਕੇ ਗ੍ਰਿਫ਼ਤਾਰ ਕਰਨਾ ਵੀ ਇਹੀ ਸਾਬਤ ਕਰਦਾ ਹੈ ਕਿ ਫੌਜ ਚਾਹੁੰਦੀ ਸੀ ਕਿ ਬਾਹਰੀ ਦੁਨੀਆਂ ਨੂੰ ਇਹ ਦੱਸਿਆ ਜਾ ਸਕੇ ਕਿ ਫੌਜ ਨੂੰ ਐਵੇਂ ਹੀ ਐਨਾ ਜਾਨੀ ਨੁਕਸਾਨ ਨਹੀਂ ਹੋ ਗਿਆ ਬਲਕਿ ਉਨ੍ਹਾਂ ਦਾ ਮੁਕਾਬਲਾ ਲਗਭਗ 2000 ਖਾੜਕੂਆਂ ਨਾਲ ਹੋਇਆ। ਇਹ ਤਾਂ ਹੀ ਸੰਭਵ ਸੀ ਜੇ ਉਨ੍ਹਾਂ ਸ਼ਰਧਾਲੂਆਂ ਦਾ ਵੱਧ ਤੋਂ ਵੱਧ ਇਕੱਠ ਹੋਵੇ।

# ਓਪਰੇਸ਼ਨ ਬਲਿਊ ਸਟਾਰ ਦੀਆਂ ਯਾਦਾਂ ਵਿਚੋਂ ਕੁਝ ਅਭੁੱਲ ਯਾਦਾਂ



ਯਾਦ ਅਤੇ ਉਮੀਦ ਇਕੋ ਹੀ ਤਸਵੀਰ ਦੇ ਦੋ ਪਾਸੇ ਦਾ ਮੂੰਹ ਅਗਾਂਹ ਵੱਲ ਨੂੰ। ਇਕ ਅੱਜ ਦੀ ਗੱਲ ਕਰਦਾ ਹੈ ਅਤੇ ਦੂਜੇ ਵਿਚ ਆਉਣ ਵਾਲਾ ਕੱਲ੍ਹ ਛੁਪਿਆ ਹੁੰਦਾ ਹੈ। ਯਾਦ ਇਕ ਤਰ੍ਹਾਂ ਦਾ ਇਤਿਹਾਸ ਹੈ ਜਿਹੜਾ ਸਾਡੇ ਦਿਮਾ.ਗਾਂ ਵਿਚ ਸਾਂਭਿਆ ਜਾਂਦਾ ਹੈ। ਯਾਦ ਇਕ ਚਿੱਤਰਕਾਰ ਦੀ ਤਰ੍ਹਾਂ ਵੀ ਹੁੰਦੀ ਹੈ ਜੋ ਬੀਤੇ ਦਾ ਵੀ ਅਤੇ ਅੱਜ ਦਾ ਵੀ ਨਕਸ਼ਾ ਖਿੱਚਦੀ ਹੈ।

ਫੌਜੀ ਬੂਟਾਂ ਨੇ 3 ਜੂਨ 1984 ਨੂੰ ਸ੍ਰੀ ਹਰਿਮੰਦਰ ਸਾਹਿਬ ਵੱਲ ਆਪਣਾ ਮਾਰਚ ਸ਼ੁਰੂ ਕਰ ਦਿੱਤਾ ਸੀ। ਵੈਸੇ ਮਈ ਦੇ ਆਖਰੀ ਪੰਦਰਵਾੜੇ ਵਿਚ ਹੀ ਫੌਜ ਦੇ ਕਈ ਦਸਤੇ ਸ੍ਰੀ ਅੰਮ੍ਰਿਤਸਰ ਪਹਿਲਾਂ ਹੀ ਪਹੁੰਚ ਚੁੱਕੇ ਸਨ ਅਤੇ ਫੌਜੀ ਅਫਸਰ ਇਸ ਗੱਲ ਦਾ ਜਾਇਜ਼ਾ ਲੈ ਰਹੇ ਸਨ ਕਿ ਉਹਨਾਂ ਨੇ ਕਿਸ ਥਾਂ 'ਤੇ ਪੁਜ਼ੀਸ਼ਨਾਂ ਲੈਣੀਆਂ ਹਨ। ਪੰਜ ਦਰਿਆਵਾਂ ਦੀ ਸਾਰੀ ਧਰਤੀ ਕਰਫਿਊ ਦੀ ਲਪੇਟ ਵਿਚ ਸੀ। ਨਾ ਕੋਈ ਪਿੰਡ ਤੇ ਨਾ ਕੋਈ ਸ਼ਹਿਰ ਕਰਫਿਊ ਦੇ ਘੇਰੇ ਵਿਚੋਂ ਬਾਹਰ ਸੀ। ਅਜਿਹਾ ਪੰਜਾਬ ਵਿਚ ਪਹਿਲੀ ਵਾਰ ਹੋਇਆ ਸੀ ਅਤੇ ਸ਼ਾਇਦ ਦੁਨੀਆਂ ਵਿਚ ਇਹੋ ਜਿਹੀ ਮਿਸਾਲ ਪਹਿਲੀ ਵਾਰ ਸੀ ਜਦੋਂ ਇਕ ਇਤਿਹਾਸਕ ਸੂਬੇ ਵਿਚ ਦੋ ਕਰੋੜ ਦੀ ਵੱਸੋਂ ਉੱਤੇ ਘਰਾਂ ਵਿਚੋਂ ਬਾਹਰ ਨਿਕਲਣ 'ਤੇ ਪਾਬੰਦੀ ਲਾ ਦਿੱਤੀ ਗਈ ਸੀ। ਅਖ਼ਬਾਰਾਂ ਆਪਣੇ ਦਫ਼ਤਰ ਬੰਦ ਕਰ ਰਹੀਆਂ ਸਨ ਅਤੇ ਅਸੀਂ ਪੱਤਰਕਾਰ ਆਪਣੇ ਘਰਾਂ ਵੱਲ ਜਾਣ ਦੀ ਤਿਆਰੀ ਕਰ ਰਹੇ ਸੀ। ਅੰਮ੍ਰਿਤਸਰ ਤੋਂ ਸਾਡੇ ਵਿਸ਼ੇਸ਼ ਪ੍ਰਤੀਨਿਧ ਪੀ.ਪੀ.ਐਸ. ਗਿੱਲ ਦੀ ਇਕ ਨਿਊਜ਼ ਸਟੋਰੀ ਟੈਲੀਪ੍ਰਿੰਟਰ ਉੱਤੇ ਟਿਕ ਟਿਕ ਕਰ ਰਹੀ ਸੀ ਪਰ ਛੇਤੀ ਹੀ ਸਾਰਾ ਕੁਝ ਇਕਦਮ ਬੰਦ ਸੀ ਜਿਵੇਂ ਹਰ ਜਿਊਂਦੀ ਤੇ ਨਿਰਜੀਵ ਚੀਜ਼ 'ਤੇ ਪਹਿਰਾ ਲੱਗ ਗਿਆ ਹੋਵੇ। ਸ੍ਰੀ ਦਰਬਾਰ ਸਾਹਿਬ ਵਿਚ ਆਉਣ ਵਾਲੇ ਭਿਆਨਕ ਕੱਲ੍ਹ ਦੇ ਸਾਰੇ ਦਰਦਨਾਕ ਦ੍ਰਿਸ਼ ਧੁੰਦਲੇ ਰੂਪ ਵਿਚ ਫਿਲਮ ਦੀ ਕਿਸੇ ਰੀਲ ਵਾਂਗ ਨਜ਼ਰਾਂ ਤੋਂ ਅੱਗੜ-ਪਿੱਛੜ ਲੰਘਦੇ ਜਾ ਰਹੇ ਸਨ। ਚੰਡੀਗੜ੍ਹ ਦੀਆਂ ਸੜਕਾਂ ਉੱਤੇ ਸਕੂਟਰ ਸ਼ਾਮਲ ਸੀ। ਸਕੂਟਰ ਉੱਤੇ ਜਾਂਦਿਆਂ ਮੈਂ ਵੇਖਿਆ ਕਿ 22 ਸੈਕਟਰ ਦੇ ਗੁਰਦੁਆਰੇ ਅੱਗੇ ਗਿਣਤੀ ਦੇ ਕੁਝ ਸਿੰਘ ਹੌਲੀ-ਹੌਲੀ ਗੱਲਾਂ ਕਰ ਰਹੇ ਸਨ। ਉਹਨਾਂ ਦੇ ਚਿਹਰਿਆਂ ਉੱਤੇ ਡੂੰਘੀ ਉਦਾਸੀ ਅਤੇ ਬੇਬਸੀ ਦੀ ਝਲਕ ਸਾਫ਼ ਵੇਖੀ ਜਾ ਸਕਦੀ ਸੀ। ਉਹਨਾਂ ਸਮਿਆਂ ਵਿਚ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਬਾਹਰੋਂ-ਬਾਹਰੋਂ ਵੇਖਿਆਂ ਕੁਝ ਵੀ ਵੱਖਰਾ-ਵੱਖਰਾ ਨਹੀਂ ਦਿਸਦਾ ਸੀ ਪਰ ਅੰਦਰੋ-ਅੰਦਰੀ ਦੋਵਾਂ ਦਰਮਿਆਨ ਵੰਡ ਦੀ ਇਕ ਡੂੰਘੀ ਲਕੀਰ ਖਿੱਚੀ ਗਈ ਸੀ। ਟੀ.ਵੀ. ਉਤੇ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਭਾਸ਼ਣ ਮਗਰੋਂ ਦੋਵਾਂ ਨੇ ਮਿੰਟਾਂ ਸਕਿੰਟਾਂ ਵਿਚ ਆਪਣੇ-ਆਪਣੇ ਮਨਾਂ ਵਿਚ ਇਕ ਵੱਡੀ ਕੰਧ ਉਸਾਰ ਲਈ ਸੀ। ਜੇ ਦੋਵੇਂ ਕੌਮਾਂ ਦੀ ਉਹਨਾਂ ਘੜੀਆਂ ਪਲਾਂ ਵਿਚ ਅੰਦਰੂਨੀ ਮਾਨਸਿਕ ਸਥਿਤੀ ਦਾ ਨਿਰਪੱਖ ਅਨੁਮਾਨ ਲਾਇਆ ਜਾਵੇ ਤਾਂ ਇਹ ਅਣਦਿਸਦੀ ਕੰਧ ਕੰਕਰੀਟ ਤੋਂ ਵੀ ਪੱਕੀ ਅਤੇ ਮਜ਼ਬੂਤ ਲੱਗਦੀ ਸੀ। ਹਾਲਾਤ ਨੂੰ ਵੇਖਣ ਦਾ ਨਜ਼ਰੀਆ ਦੋਵਾਂ ਕੌਮਾਂ ਵਿਚ ਇਕ ਦੂਜੇ ਤੋਂ ਉਲਟ ਸੀ।

## ਵਕਤ ਕੀ ਤਰਹਿ ਆਜ ਦਬੇ ਪਾਂਵ ਯੇ ਕੌਨ ਆਏ ਹੈਂ ?

ਸਿੱਖਾਂ ਵਾਸਤੇ ਪੱਕੀਆਂ ਤੇ ਭਰੋਸੇਯੋਗ ਖ਼ਬਰਾਂ ਲਈ ਬੀ.ਬੀ.ਸੀ. ਹੀ ਇਕੋ ਇਕ ਸਾਧਨ ਰਹਿ ਗਿਆ ਸੀ ਪਰ ਕਿਉਂਕਿ ਵਿਦੇਸ਼ੀ ਪੱਤਰਕਾਰਾਂ ਨੂੰ ਵੀ ਪੰਜਾਬ ਛੱਡ ਦੇਣ ਲਈ ਕਹਿ ਦਿੱਤਾ ਗਿਆ ਸੀ, ਇਸ ਲਈ ਰੇਡੀਓ ਤੇ ਦੂਰਦਰਸ਼ਨ ਦੀਆਂ ਮਨਘੜ੍ਹਤ ਤੇ ਕੱਚੀਆਂ-ਪੱਕੀਆਂ ਖ਼ਬਰਾਂ ਨੂੰ ਹਰ ਕੋਈ ਪੁਣ-ਛਾਣ ਕੇ ਆਪਣੇ-ਆਪਣੇ ਹਿਸਾਬ ਨਾਲ ਕੱਚੇ ਪਿੱਲੇ ਨਤੀਜੇ ਕੱਢ ਕੇ ਤਸੱਲੀਆਂ ਹਾਸਲ ਕਰ ਰਿਹਾ ਸੀ। ਨਿੰਮੋਝੂਣ ਹੋਈਆਂ ਉਦਾਸ ਨਿਗਾਹਾਂ ਮਨ ਦੀ ਸਵਾਰੀ ਕਰਕੇ ਉਸ ਥਾਂ ਵੱਲ ਟਿਕੀਆਂ ਹੋਈਆਂ ਸਨ ਜਿਥੇ ਰੱਬ ਦੀ ਸਿਫ਼ਤ ਸਾਲਾਹ ਵਾਲੇ ਕੀਰਤਨ ਦੀ ਥਾਂ ਗੋਲੀਆਂ ਦਾ ਮੀਂਹ ਵਰ੍ਹ ਰਿਹਾ ਸੀ। ਹਰ ਸਿੱਖ ਇਹ ਜਾਣਨ ਲਈ ਹੱਦੋਂ ਵੱਧ ਉਤਾਵਲਾ ਸੀ ਕਿ ਓਥੇ ਕੀ ਹੋ ਰਿਹਾ ਹੈ ? ਸਿੰਘ ਸੂਰਮੇ ਮੁਕਾਬਲਾ ਕਰ ਰਹੇ ਹਨ ? ਉਨ੍ਹਾਂ ਮਰਦਾਂ, ਇਸਤਰੀਆਂ, ਬਜ਼ੁਰਗਾਂ ਤੇ ਬੱਚਿਆਂ ਨਾਲ ਕੀ ਭਾਣਾ ਬੀਤਿਆ ਹੋਇਆ ਹੋਵੇਗਾ ਜੋ ਪੰਜਵੇਂ ਗੁਰੂ ਦਾ ਸ਼ਹੀਦੀ ਦਿਵਸ ਮਨਾਉਣ ਲਈ ਇਕੱਠੇ ਹੋਏ ਹਨ ? ਅਜਿਹੀ ਹਾਲਤ ਵਿਚ ਕਿੰਨੇ ਕੁ ਘਰਾਂ ਨੂੰ ਸੁੱਖੀ-ਸਾਂਦੀ ਪਰਤ ਸਕਣਗੇ ? 'ਨਵੇਂ ਅਬਦਾਲੀ' ਨੇ ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਦੀ ਪਾਵਨ ਇਮਾਰਤ ਦਾ ਕੀ ਹਾਲ ਕਰ ਦਿੱਤਾ ਹੋਵੇਗਾ ? ਗੱਲ ਕੀ ਉਸ ਸਮੇਂ ਸਾਰੀ ਕੌਮ ਦੀਆਂ ਯਾਦਾਂ ਵਿਚ ਪਿੱਛਲਾ ਸਿੱਖ ਇਤਿਹਾਸ ਸਾਕਾਰ ਹੋ ਰਿਹਾ ਸੀ। ਸਾਰੀ ਕੌਮ ਦੇ ਦਿਲ ਸੁਚੇਰੇ ਰੂਪ ਵਿਚ ਉਹਨਾਂ ਸਿੰਘਾਂ ਨਾਲ ਅਰਦਾਸ ਵਿਚ ਜੁੜੇ ਹੋਏ ਸਨ ਜਿਨ੍ਹਾਂ ਨੇ ਦੁਨੀਆਂ ਦੀ ਇਸ ਅਸਾਂਵੀਂ ਜੰਗ ਵਿਚ ਭਾਰਤੀ ਫੌਜ ਦੇ ਭਾਰੀ ਲਸ਼ਕਰਾਂ ਨੂੰ 60 ਘੰਟਿਆਂ ਤਕ ਰੋਕ ਕੇ ਰੱਖਿਆ ਸੀ।....ਤੇ ਫਿਰ ਜੰਗ ਖ਼ਤਮ ਹੋਈ। ਸੈਂਸਰ ਦੇ ਭਾਰ ਹੇਠੋਂ ਦੱਬੀਆਂ ਖ਼ਬਰਾਂ ਵਿਚੋਂ ਵੀ ਜਦੋਂ ਲੋਕਾਂ ਨੇ ਸੱਚ ਪੜ੍ਹਿਆ ਤੇ ਅੱਖੀਂ ਵੇਖਿਆ ਉਸ ਨਾਲ ਸਾਰੀ ਕੌਮ ਇਕ ਵਾਰ ਤਾਂ ਸੁੰਨ-ਮਸੁੰਨ ਹੋ ਕੇ ਰਹਿ ਗਈ ਸੀ। ਹਜ਼ਾਰਾਂ ਨੌਜਵਾਨ ਆਪਣੀਆਂ ਪੜ੍ਹਾਈਆਂ ਛੱਡ ਕੇ ਉਹਨਾਂ ਰਸਤਿਆਂ 'ਤੇ ਪੈ ਗਏ ਸਨ ਜਿਨ੍ਹਾਂ ਰਸਤਿਆਂ ਉਤੇ ਤੁਰਨ ਦੇ ਦਰਦ ਦੀ ਸਾਚੀ ਸਾਖੀ ਹੁਣ ਇਤਿਹਾਸ ਦਾ ਹਿੱਸਾ ਹੈ। ਪਰ ਇਹ ਸਾਡੀਆਂ ਯਾਦਾਂ ਵਿਚ ਸਾਡੇ ਸਾਹਾਂ ਦੇ ਨਾਲ ਹੀ ਮੁੱਕੇਗੀ। ਅਮਰੀਕਾ ਦੀ ਇਕ ਮਹਾਨ ਕਲਾਕਾਰ ਗ੍ਰੈਂਡਮਾ ਮੌਜ਼ਿਜ਼ (1860-1961) ਯਾਦ ਦੀ ਬਰਕਤ ਤੇ ਮਹਾਨਤਾ ਬਾਰੇ ਬੜੀ ਖ਼ੂਬਸੂਰਤ ਪਰਿਭਾਸ਼ਾ ਕਰਦੀ ਹੋਈ ਸਾਨੂੰ ਦੱਸਦੀ ਹੈ ਕਿ ਯਾਦ ਅਤੇ ਉਮੀਦ ਇਕੋ ਹੀ ਤਸਵੀਰ ਦੇ ਦੋ ਪਾਸੇ ਦਾ ਮੂੰਹ ਅਗਾਂਹ ਵੱਲ ਨੂੰ। ਇਕ ਅੱਜ ਦੀ ਗੱਲ ਕਰਦਾ ਹੈ ਅਤੇ ਦੂਜੇ ਵਿਚ ਆਉਣ ਵਾਲਾ ਕੱਲ੍ਹ ਛੁਪਿਆ ਹੁੰਦਾ ਹੈ। ਯਾਦ ਇਕ ਤਰ੍ਹਾਂ ਦਾ ਇਤਿਹਾਸ ਹੈ ਜਿਹੜਾ ਸਾਡੇ ਦਿਮਾ.ਗਾਂ ਵਿਚ ਸਾਂਭਿਆ ਜਾਂਦਾ ਹੈ। ਯਾਦ ਇਕ ਚਿੱਤਰਕਾਰ ਦੀ ਤਰ੍ਹਾਂ ਵੀ ਹੁੰਦੀ ਹੈ ਜੋ ਬੀਤੇ ਦਾ ਵੀ ਅਤੇ ਅੱਜ ਦਾ ਵੀ ਨਕਸ਼ਾ ਖਿੱਚਦੀ ਹੈ। ਆਪਣੇ ਦੇਸ਼ ਦੀਆਂ ਬਹੁਤੀਆਂ ਅਖ਼ਬਾਰਾਂ ਨੇ ਮੌਤ ਦੇ ਇਸ ਤਾਂਡਵ ਨਾਚ ਦੀ 'ਸਫਲਤਾ' 'ਤੇ ਇਕ-ਦੂਜੇ ਨੂੰ ਵਧਾਈਆਂ ਦਿੱਤੀਆਂ ਅਤੇ ਸ੍ਰੀ ਦਰਬਾਰ ਸਾਹਿਬ ਉਤੇ ਧਾਵਾ ਬੋਲਣ ਵਾਲੇ ਇਕ ਜਰਨੈਲ ਕੇ.ਐਸ. ਬਰਾੜ ਨੇ ਤਾਂ ਇਹ ਖ਼ੁਦ ਮੰਨਿਆ ਕਿ ਇਕ ਕੌਮ ਦੇ ਕੁਝ ਲੋਕ ਖੁਸ਼ੀ ਵਿਚ ਫੌਜੀਆਂ ਨੂੰ ਮਠਿਆਈਆਂ ਵੰਡਣ ਲਈ ਵੀ ਆਏ। ਇੰਝ ਹਾਲਾਤ ਦਾ ਸੱਚ ਸੱਚਮੁਚ ਹੀ ਕਿਨਾਰੇ 'ਤੇ ਚਲਾ ਗਿਆ ਸੀ। ਪਰ ਦੂਜੇ ਪਾਸੇ ਵਿਦੇਸ਼ੀ ਅਖ਼ਬਾਰਾਂ ਸੱਚ ਨੂੰ ਜੱਗ ਜਾਹਰ ਕਰਨ ਲਈ ਇਕ ਦੂਜੇ ਤੋਂ ਅੱਗੇ ਜਾ ਰਹੀਆਂ ਸਨ। ਉਹਨਾਂ ਵਿਚੋਂ ਹੀ ਇਕ ਪ੍ਰਸਿੱਧ ਅਖ਼ਬਾਰ 'ਡੇਲੀ ਐਕਸਪ੍ਰੈਸ' ਲੰਡਨ ਵਲੋਂ 19 ਜੂਨ 1984 ਨੂੰ ਸ੍ਰੀ ਦਰਬਾਰ ਸਾਹਿਬ ਦੀ ਸਥਿਤੀ ਬਾਰੇ ਅਤੇ ਸਿੱਖ ਕੌਮ ਦੇ ਭਵਿੱਖ ਬਾਰੇ ਕੁਝ ਇਸ ਤਰ੍ਹਾਂ ਦੀ ਖ਼ਬਰ ਦਿੱਤੀ ਗਈ: "ਹਰਿਮੰਦਰ ਦੇ ਅਸ਼ਾਂਤ ਵਾਤਾਵਰਣ ਨੂੰ ਸ਼ਾਂਤ ਕਰਨ ਲਈ ਵੀ ਕੋਈ ਵੀ ਅਰਦਾਸ ਨਹੀਂ ਹੋ ਰਹੀ....ਸੰਗੀਤ ਦੇ ਸਾਜ਼ ਜੋ ਕਿ ਸਦੀਆਂ ਤੋਂ ਆਪਣੀਆਂ ਅਨਹਦ ਧੁਨਾਂ ਨਾਲ ਅੰਮ੍ਰਿਤ ਦੀ ਵਰਖਾ ਕਰਦੇ ਆ ਰਹੇ ਸਨ, ਹੁਣ ਪੂਰੀ ਤਰ੍ਹਾਂ ਖ਼ਾਮੋਸ਼ ਹਨ। ਓਥੇ ਕੋਈ ਵੀ ਸ਼ਰਧਾਲੂ ਨਹੀਂ ਸਿਰਫ਼ ਫੌਜ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਕਰਨ ਵਾਲਾ ਕੋਈ ਨਹੀਂ ਰਹਿ ਗਿਆ। ਇਹ ਤਾਂ ਇਸ ਤਰ੍ਹਾਂ ਹੈ ਜਿਵੇਂ ਵੈਟੀਕਨ (ਈਸਾਈਆਂ ਦਾ ਸਰਬਉੱਚ ਧਾਰਮਿਕ ਸਥਾਨ) ਪੋਪ ਤੋਂ ਬਿਨਾਂ ਹੋਵੇ। ਹਰਿਮੰਦਰ ਦੇ ਸਾਹਮਣੇ ਅਕਾਲ ਤਖ਼ਤ ਖ਼ਾਮੋਸ਼ ਹੈ। ਇੰਦਰਾ ਗਾਂਧੀ ਨੇ ਇਹ ਕੁਕਰਮ ਕਰਕੇ ਆਉਣ ਵਾਲੀ ਨਸਲ ਲਈ ਇਕ ਕੌੜੀ ਫਸਲ ਤਿਆਰ ਕਰ ਲਈ ਹੈ।" ਲੰਡਨ ਤੋਂ ਛਪਦੇ 'ਟਾਈਮਜ਼' ਨੇ 21 ਜੂਨ 1984 ਵਾਲੇ ਦਿਨ ਸੰਤ ਜਰਨੈਲ ਸਿੰਘ ਨੂੰ ਕੁਝ ਇਸ ਤਰ੍ਹਾਂ ਸ਼ਰਧਾਂਜਲੀ ਦਿੱਤੀ: "ਸਿੱਖ ਸ਼ਹੀਦਾਂ ਦੀ ਲੰਮੀ ਕਤਾਰ ਵਿਚ ਸੰਤ ਜਰਨੈਲ ਸਿੰਘ ਨੇ ਆਪਣਾ ਨਾਂਅ ਜੋੜ ਕੇ ਪਿਛਲੇ ਹਫ਼ਤੇ ਗੋਲੀਆਂ ਦੀ ਬੁਛਾੜ ਵਿਚ ਜੋ ਸ਼ਹੀਦੀ ਪਾਈ ਹੈ ਉਹ ਹਿੰਦੁਸਤਾਨ ਦੀ ਤਾਨਾਸ਼ਾਹੀ ਹਕੂਮਤ ਲਈ ਪਹਿਲਾਂ ਨਾਲੋਂ ਵੀ ਜ਼ਿਆਦਾ ਖ਼ਤਰਾ ਸਾਬਿਤ ਹੋ ਸਕਦੀ ਹੈ ਜਦ ਸੰਤ ਜਰਨੈਲ ਸਿੰਘ ਜਿਉਂਦੇ ਸਨ।"

**- ਕਰਮਜੀਤ ਸਿੰਘ, ਚੰਡੀਗੜ੍ਹ**

# ਸਿੱਖਾਂ ਦੇ ਮਨਾਂ 'ਚ ਪਹਿਲੀ ਜੂਨ ਦੀ ਚੀਸ

**- ਜਸਪਾਲ ਸਿੰਘ ਹੇਰਾਂ**

ਪਹਿਲੀ ਜੂਨ ਦੀ ਚੀਸ ਹਰ ਸਿੱਖ ਦੇ ਹਿਰਦੇ ਨੂੰ ਵਲੂੰਧਰ ਦਿੰਦੀ ਹੈ। ਉਸਨੂੰ ਜਾਪਦਾ ਹੈ ਕਿ ਜ਼ਾਲਮਾਂ ਨੇ ਉਸਦਾ ਸਾਰਾ ਕੁਝ ਖੋਹ ਕੇ ਉਸਨੂੰ ਕੋਹ-ਕੋਹ ਕੇ ਮਾਰ ਦਿੱਤਾ ਹੈ। ਪ੍ਰੰਤੂ ਇਹ ਚੀਸ, ਸਿੱਖ ਆਗੂਆਂ ਦੇ ਹਿਰਦੇ ਨੇ ਨੇੜੇ ਤੇੜਿਓ ਵੀ ਨਹੀਂ ਲੰਘਦੀ, ਉਨਾਂ ਲਈ ਇਹ ਦੁੱਖੜੇ-ਦਿਹਾੜੇ ਚੌਧਰ ਚਮਕਾਉਣ ਦੇ ਦਿਹਾੜੇ ਬਣ ਜਾਂਦੇ ਹਨ। ਸਿਆਸੀ ਰੋਟੀਆਂ ਸੇਕਣ ਦਾ ਅਧਾਰ ਬਣ ਜਾਂਦੇ ਹਨ। ਪਹਿਲੀ ਜੂਨ 1984 ਨੂੰ ਸਮੇਂ ਦੀ ਜਾਬਰ ਹਕੂਮਤ ਨੇ ਦੋ ਬਾਹਰਲੇ ਦੇਸ਼ਾਂ ਦੀ ਸਹਾਇਤਾ ਨਾਲ ਧਰਤੀ ਦੇ ਸੱਚਖੰਡ, ਸਿੱਖਾਂ ਦੀ ਜਾਨ, ਸ੍ਰੀ ਦਰਬਾਰ ਸਾਹਿਬ ਤੇ ਮਾਰੂ ਹੱਲਾ ਬੋਲ ਦਿੱਤਾ। ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਨੂੰ ਨਤਮਸਤਕ ਹੋਣ ਆਈਆਂ ਸਿੱਖ ਸੰਗਤਾਂ ਨੂੰ ਬਿਨਾਂ ਬਜ਼ੁਰਗ, ਬੱਚੇ, ਔਰਤ ਦਾ ਖ਼ਿਆਲ ਕੀਤਿਆਂ ਵਹਿਸ਼ੀਆਨਾ ਕਤਲੇਆਮ ਦੀ ਭੇਂਟ ਚੜ੍ਹਾ ਦਿੱਤਾ।

ਸ੍ਰੀ ਦਰਬਾਰ ਸਾਹਿਬ ਤੇ ਗੋਲੀਆਂ ਦਾਗੀਆਂ, ਦਰਬਾਰ ਸਾਹਿਬ 'ਚ ਸ਼ੁਸ਼ੋਭਿਤ ਪਾਵਨ ਪਵਿੱਤਰ ਗੁਰੂ ਗ੍ਰੰਥ ਸਾਹਿਬ ਦੇ ਗੋਲੀਆਂ ਲੱਗੀਆਂ ਤਾਂਬਿਆਂ ਬੈਠਾ ਗ੍ਰੰਥੀ ਸਿੰਘ ਸ਼ਹੀਦ ਹੋਇਆ, ਟੈਂਕਾਂ, ਤੋਪਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਢਾਹਿਆ ਗਿਆ, ਪਰਕਰਮਾ ਤੇ ਸਰੋਵਰ ਖ਼ੂਨ ਤੇ ਮਾਸ ਦੇ ਚੀਥੜਿਆਂ ਨਾਲ ਭਰ ਦਿੱਤੇ ਗਏ। ਮਰਦ-ਏ-ਮੁਜਾਹਿਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਸਿੰਘ ਦੀ ਸੂਰਮਤਾਈ ਅਤੇ ਕੀਤੀ ਅਰਦਾਸ ਤੇ ਆਡੋਲਤਾ ਨਾਲ ਪਹਿਰਾ ਦਿੰਦਿਆਂ, ਆਪਣੇ ਸਾਥੀਆਂ ਨਾਲ ਪੁਰਾਤਨ ਸਿੰਘਾਂ ਦੇ ਇਤਿਹਾਸ ਨੂੰ ਦੁਹਰਾਉਂਦਿਆਂ ਸ਼ਹੀਦੀ ਪਾਈ।

1 ਜੂਨ ਤੋਂ 6 ਜੂਨ ਤੱਕ ਸਾਕਾ ਦਰਬਾਰ ਸਾਹਿਬ ਸਮੇਂ ਜਦੋਂ ਜਾਬਰ ਸਰਕਾਰ ਨੇ ਹਰ ਜ਼ੋਰ-ਜਬਰ, ਜ਼ੁਲਮ ਤਸ਼ੱਦਦ ਦਾ ਸ਼ਿਖ਼ਰ ਕਰਦਿਆਂ ਸਿੱਖਾਂ ਦੀ ਕੁਰਬਾਨੀ ਦੀ ਗੁੜਤੀ ਦੀ ਡਾਢੀ ਕਰੜੀ ਪ੍ਰੀਖਿਆ ਲਈ, ਹਰ ਸਿੱਖ, ਦੇਸ਼ ਦੀ ਹਕੂਮਤ ਵੱਲੋਂ ਕੱਢੇ ਵੈਰ ਕਾਰਣ ਤਨੋ, ਮਨੋ ਝੰਜੋੜਿਆ ਗਿਆ ਹੈ। ਸੁੱਤੇ-ਸਿੱਧ ਉਸਦੀਆਂ ਮੁੱਠੀਆਂ ਰੋਹ ਨਾਲ ਮੀਚੀਆ ਜਾਂਦੀਆਂ ਹਨ ਤੇ ਫ਼ਿਰ ਆਪਣੀ ਬੇਵੱਸੀ ਮਹਿਸੂਸ ਕਰਦਿਆਂ, ਸਿਰਫ਼ ਹਉਕਾ ਲੈ ਕੇ ਆਪਣੇ ਮਨ ਦੀ ਚੀਸ ਨੂੰ ਘੱਟ ਕਰਨ ਦਾ ਅਸਫ਼ਲ ਯਤਨ ਕਰਦਾ ਹੈ। ਸਾਕਾ ਦਰਬਾਰ ਸਾਹਿਬ, ਬਿਨਾਂ ਸ਼ੱਕ ਇੰਦਰਾ



ਗਾਂਧੀ ਦੀ ਜਾਬਰ ਸਰਕਾਰ ਵੱਲੋਂ ਸਿੱਖਾਂ ਨੂੰ ਸਬਕ ਸਿਖਾਉਣ ਦੀ ਗਿਣੀ-ਮਿਥੀ ਵਿਉਂਤਬੰਦ ਸਕੀਮ ਸੀ। ਸਿੱਖਾਂ ਦਾ ਤੇ ਸਿੱਖ ਜਜ਼ਬਾਤਾਂ ਦਾ ਘਾਣ ਭਿਆਨਕ ਅਰਥ ਰੱਖਦਾ ਹੈ। ਪ੍ਰੰਤੂ ਅਫ਼ਸੋਸ ਇਹੋ ਹੈ ਕਿ ਇਸ ਦੇਸ਼ ਦੀ ਬਹੁਗਿਣਤੀ, ਇਸ ਦੇਸ਼ ਦੇ ਰਾਖਿਆਂ ਤੇ ਅੰਨਦਾਤੇ ਨੂੰ ਤਾਂ ਆਪਣੀ ਫ਼ਿਰਕੂ, ਜਾਨੂੰਨੀ ਸੋਚ ਕਾਰਣ "ਅੱਤਵਾਦੀ" ਬਣਾਈ ਜਾਂਦੀ ਹੈ। ਪ੍ਰੰਤੂ ਅਸੀਂ ਇਸ ਦੇਸ਼ ਦੀ ਬਹੁਗਿਣਤੀ ਦੇ ਉਸ ਅੱਤਵਾਦ ਨੂੰ ਜਿਸਦਾ ਕਰੂਪ ਚਿਹਰਾ ਸਾਕਾ ਦਰਬਾਰ ਸਾਹਿਬ ਸਮੇਂ ਸਾਬਤ ਹੋਇਆ, ਉਸਨੂੰ ਬੇਦੋਸ਼ੀਆਂ ਸਿੱਖ ਸੰਗਤਾਂ ਦੇ ਭਿਆਨਕ ਕਤਲੇਆਮ ਲਈ ਭਿਆਨਕ "ਅੱਤਵਾਦੀ" ਵੀ ਨਹੀਂ ਗਰਦਾਨ ਸਕੇ। 31 ਵਰੇ ਬਾਅਦ ਉਨਾਂ ਸਿੱਖ ਦੁਸ਼ਮਣ ਤਾਕਤਾਂ ਨੇ ਫ਼ਿਰ 1 ਜੂਨ 2015 ਨੂੰ ਪਿੰਡ ਜਵਾਹਰ ਸਿੰਘ ਵਾਲਾ ਵਿਖੇ "ਪ੍ਰਗਟ ਗੁਰਾਂ ਕੀ ਦੇਹਿ" ਤੇ ਹੱਲਾ ਬੋਲਿਆ। ਗੁਰੂ ਸਾਹਿਬ ਦੇ ਪਵਿੱਤਰ ਪਾਵਨ ਸਰੂਪ ਚੋਰੀ ਕਰ ਲਏ ਗਏ। ਫ਼ਿਰ ਪਵਿੱਤਰ ਪਾਵਨ ਅੰਗਾਂ ਦਾ ਕਤਲੇਆਮ ਵੀ ਕੀਤਾ ਗਿਆ ਤੇ ਨਿਰੰਤਰ ਗੁਰੂ ਸਾਹਿਬ ਤੇ ਗੁਰਬਾਣੀ ਦੀਆਂ ਬੇਅਦਬੀ ਦੀਆਂ ਘਟਨਾਵਾਂ ਹੁੰਦੀਆਂ ਰਹੀਆਂ। ਕੌਮ ਚ ਰੋਸ ਜਾਗਿਆ, ਰੋਹ ਉੱਠਿਆ ਅੱਗੋਂ ਸਰਕਾਰ ਨੇ ਗੋਲੀਆਂ ਮਾਰ ਕੇ ਦੋ ਸਿੰਘਾਂ ਨੂੰ ਸ਼ਹੀਦ ਕਰ ਦਿੱਤੇ। ਸਰਕਾਰ ਦੇ ਦਮਨ-ਚੱਕਰ ਅੱਗੇ "ਸ਼ੇਰਾਂ ਦੀ ਕੌਮ" ਢੇਰੀ ਢਾਹ ਗਈ। ਗੁਰੂ ਸਾਹਿਬ ਦੇ ਨਾਮ ਤੇ ਸ਼ੁਰੂ ਹੋਇਆ ਸੰਘਰਸ਼ ਕਿਧਰੇ ਗੁਆਚ ਗਿਆ। ਆਗੂਆਂ ਦੀ ਹਉਮੈ, ਈਰਖਾ ਜਾਂ ਚੌਧਰਪੁਣੇ ਦੀ ਭੁੱਖ ਚੜ ਗਿਆ ਜਾਂ ਫ਼ਿਰ ਕੌਮ 'ਚ ਸੰਘਰਸ਼ ਦੀ ਸਮਰੱਥਾਂ ਹੀ ਮੁੱਕ ਗਈ34 ਵਰਿਆਂ 'ਚ ਅਸੀਂ ਸਾਕਾ ਦਰਬਾਰ ਸਾਹਿਬ ਸਮੇਂ ਹੋਏ ਕੌਮ ਦੇ ਕਤਲੇਆਮ, ਨਵੰਬਰ 1984 'ਚ ਕੌਮ ਨੂੰ ਦੇਸ਼ ਦੀਆਂ ਸੜਕਾਂ ਤੇ ਕੋਹ-ਕੋਹ ਕੇ ਮਾਰਨ ਤੇ ਬੇਪੱਤ ਕਰਨ, 25 ਹਜ਼ਾਰ ਸਿੰਘਾਂ ਦੀਆਂ ਅਣਪਛਾਤੀਆਂ ਲਾਸ਼ਾਂ ਦਾ 'ਅਤਾ-ਪਤਾ' ਲੈਣ, 67 ਹਜ਼ਾਰ ਤੋਂ ਵੱਧ ਹੋਏ ਝੂਠੇ ਪੁਲਿਸ ਮੁਕਾਬਲਿਆਂ ਦਾ ਲੇਖਾ-ਜੋਖਾ ਲੈਣ, ਜੇਲਾਂ 'ਚ ਬੰਦ ਬੰਦੀ ਸਿੰਘਾਂ ਦੀ ਰਿਹਾਈ, ਧਾਰਾ 25ਬੀ ਦੇ ਖ਼ਾਤਮੇ ਵਰਗੇ, ਕੌਮ ਨਾਲ ਹੋਏ ਚਿੱਟੇ ਦਿਨ ਦੇ ਧੱਕਿਆਂ, ਵਿਤਕਰਿਆਂ, ਬੇਇਨਸਾਫ਼ੀ ਦਾ ਇਨਸਾਫ਼ ਲੈਣ ਤੋਂ ਅਸਮਰੱਥ ਹਾਂ। ਫ਼ਿਰ ਵੀ ਅਸੀਂ ਆਪਣੇ ਆਪ ਨੂੰ ਦਸਮੇਸ਼ ਪਿਤਾ ਦੇ ਪੁੱਤਰ ਸਮਝਦੇ ਹਾਂ ? ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਦੇ ਵਾਰਿਸ ਮੰਨਦੇ ਹਾਂ ? ਹਰ ਕਿਸੇ ਨੂੰ ਆਪਣੀ ਅੰਤਰ ਆਤਮਾ ਤੋਂ ਵੀ ਇਸਦਾ ਸੁਆਲ ਪੁੱਛਣਾ ਪਵੇਗਾ ਆਪਣੇ ਭਰਾ ਨੂੰ ਮਾਰ ਕੇ ਅਸੀਂ ਆਪਣੇ ਆਪ ਨੂੰ ਫੰਨੇ ਖਾ ਮੰਨਣ ਲੱਗ ਪੈਂਦੇ ਹਾਂ। ਪ੍ਰੰਤੂ ਉਨਾਂ ਗੈਰਾਂ ਬਾਰੇ, ਉਨਾਂ ਦੁਸ਼ਮਣਾਂ ਬਾਰੇ, ਜਿਹੜੇ ਸਾਡੇ 'ਬਾਪੂ' ਦੀ 'ਦੇਹ' ਨੂੰ ਬਜ਼ਾਰ 'ਚ ਰੋਲਦੇ ਫ਼ਿਰਦੇ ਹਨ, ਅਗਨ ਭੇਂਟ ਕਰੀ ਜਾਂਦੇ ਹਨ, ਬੇਅਦਬੀ ਕਰੀ ਜਾਂਦੇ ਹਨ, ਉਨਾਂ ਨੂੰ ਸਜ਼ਾ ਦੇਣ ਲਈ, ਸਾਡਾ ਖ਼ੂਨ ਜੰਮ ਕਿਉਂ ਜਾਂਦਾ ਹੈ ? ਬੜਕ ਤੇ ਮੋਕ ਸਿੱਖਾਂ ਦੇ ਹਿੱਸੇ ਨਹੀਂ ਹੈ।

ਪਹਿਲੀ ਜੂਨ ਦੀ ਚੀਸ, ਸਾਨੂੰ ਜਗਾਉਂਦੀ ਵੀ ਹੈ, ਹਲੂਣਦੀ ਵੀ ਹੈ। ਪਰ ਅਸੀਂ ਐਨੇ ਜ਼ਿਆਦਾ ਢੀਠ ਹੋ ਗਏ ਹਾਂ ਕਿ ਸਾਡੇ ਤੇ ਕੋਈ ਅਸਰ ਹੀ ਨਹੀਂ ਹੁੰਦਾ। ਅਸੀਂ ਆਪਣੀ-ਆਪਣੀ ਤਫ਼ਲੀ ਵਜ਼ਾ ਕੇ ਆਨੇ-ਬਹਾਨੇ ਤੇ ਝੂਠੀਆਂ ਬੜਕਾਂ ਨਾਲ ਇਹ ਦੁੱਖੜੇ-ਦਿਹਾੜੇ ਲੰਘਾ ਛੱਡਦੇ ਹਾਂ ਤੇ ਆਪਣੀਆਂ ਖੇਡਾਂ 'ਚ ਫ਼ਿਰ ਮਸਤ ਹੋ ਜਾਂਦੇ ਹਾਂ। ਅੱਜ ਸਾਨੂੰ ਇਹ ਫੈਸਲਾ ਜ਼ਰੂਰ ਕਰਨਾ ਪਵੇਗਾ ਕਿ ਅਸੀਂ ਸਿੰਘ ਜਾਂ ਕੌਰ ਸਿਰਫ਼ ਨਾਮ ਦੇ ਬਣ ਕੇ ਰਹਿਣਾ ਹੈ ਜਾਂ ਫ਼ਿਰ ਦਸ਼ਮੇਸ਼ ਪਿਤਾ ਦੇ ਧੀਆਂ-ਪੁੱਤ ਹੋਣ ਦਾ ਸਬੂਤ ਦੇਣਾ ਹੈ। ਫੋਕੀਆਂ ਦਲੀਲਾਂ, ਝੂਠੇ ਬਹਾਨੇ ਤੇ ਝੂਠੀਆਂ ਬੜਕਾਂ ਛੱਡ ਕੇ ਕੌਮ ਦੇ ਸਵੈਮਾਣ ਦੀ ਰਾਖ਼ੀ ਲਈ ਜੂਝਣਾ ਪਵੇਗਾ, ਇਸ ਤੋਂ ਇਲਾਵਾ ਹੋਰ ਕੋਈ ਰਸਤਾ ਹੁਣ ਬਾਕੀ ਨਹੀਂ, ਬਹਾਨੇਬਾਜ਼ੀ ਜਿੰਨੀ ਮਰਜ਼ੀ ਕਰ ਲਈ ਜਾਵੇ।

# 1984 ਮੌਕੇ ਦਰਬਾਰ ਸਾਹਿਬ 'ਚ ਇੱਕ 'ਬਲੈਕ ਹੋਲ ਸਾਕਾ' ਵੀ ਵਾਪਰਿਆ ਸੀ

ਲੇਖਕ : ਗੁਰਪ੍ਰੀਤ ਸਿੰਘ ਮੰਡਿਆਣੀ

ਦਰਬਾਰ ਸਾਹਿਬ 'ਤੇ ਭਾਰਤੀ ਫੌਜ ਵਲੋਂ ਕੀਤੇ ਗਏ ਹਮਲੇ ਨੂੰ ਐਤਕੀਂ 40 ਵਰ੍ਹੇ ਹੋ ਗਏ ਨੇ। ਭਾਰਤੀ ਫੌਜ ਨੇ ਦਰਬਾਰ ਸਾਹਿਬ ਕੰਪਲੈਕਸ 'ਤੇ ਕਬਜ਼ਾ ਕਰਨ ਮਗਰੋਂ ਜਿਸ ਕਿਸਮ ਦਾ ਰੌਂਗਟੇ ਖੜ੍ਹੇ ਕਰਨ ਵਾਲਾ ਵਿਹਾਰ ਆਮ ਸ਼ਰਧਾਲੂਆਂ ਅਤੇ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਨਾਲ ਕੀਤਾ ਉਸ ਬਾਰੇ ਬਹੁਤ ਸਾਰੀਆਂ ਗੱਲਾਂ ਅਖ਼ਬਾਰਾਂ, ਰਸਾਲਿਆਂ ਅਤੇ ਕਿਤਾਬਾਂ ਵਿੱਚ ਲਿਖੀਆਂ ਜਾ ਚੁੱਕੀਆਂ ਨੇ ਪਰ ਇੱਕ ਘਟਨਾ ਜੋ ਕਿ ਫੋਰਟ ਵਿਲੀਅਮ ਕਿਲ੍ਹੇ ਦੇ ਬਲੈਕ ਹੋਲ ਵਾਲੇ ਵਾਅਕੇ ਨਾਲ ਮੇਲ ਖਾਂਦੀ ਹੈ ਉਹ ਅਜੇ ਤੱਕ ਕਿਸੇ ਲਿਖਤ ਵਿੱਚ ਸਾਹਮਣੇ ਨਹੀਂ ਆਈ। 1756 ਦੀ 20 ਜੂਨ ਨੂੰ ਵਾਪਰਿਆ ਇਹ ਸਾਕਾ ਅੰਗਰੇਜ਼ ਇਤਿਹਾਸ ਦਾ ਇੱਕ ਅਹਿਮ ਕਾਂਡ ਹੈ।

ਬੰਗਾਲ ਦੇ ਨਵਾਬ ਸਿਰਾਜਉਲ ਦੌਲਾ ਨੇ ਕਲਕੱਤੇ ਬੰਦਰਗਾਹ ਨੇੜੇ ਬਣੇ ਕਿਲ੍ਹੇ ਫੋਰਟ ਵਿਲੀਅਮ ਵਿੱਚ ਬੈਠੀ ਈਸਟ ਇੰਡੀਆ ਕੰਪਨੀ ਦੀ ਫੌਜ 'ਤੇ 50 ਹਜ਼ਾਰ ਦੀ ਕੁਮਕ ਨਾਲ ਹਮਲਾ ਕਰ ਦਿੱਤਾ। ਕੰਪਨੀ ਦੀ ਬਹੁਤੀ ਫੌਜ ਨੇ ਸਮੁੰਦਰ ਵਿੱਚ ਖੜ੍ਹੇ ਬੇੜੇ ਵਿੱਚ ਲੁੱਕ ਕੇ ਜਾਨ ਬਚਾਈ ਜਦਕਿ 170 ਅੰਗਰੇਜ਼ ਸਿਪਾਹੀ ਨਵਾਬੀ ਫੌਜ ਦੇ ਕਾਬੂ ਆ ਗਏ। ਇਹਨਾਂ ਵਿੱਚੋਂ 146 ਨੂੰ ਕਿਲ੍ਹੇ ਵਿੱਚ ਬਣੀ ਇੱਕ ਹਵਾਲਾਤ ਵਿੱਚ ਸ਼ਾਮ ਵੇਲੇ ਤਾੜ ਦਿੱਤਾ। ਇਹਨਾਂ ਵਿੱਚ 2 ਔਰਤਾਂ ਤੇ ਕੁਝ ਜ਼ਖ਼ਮੀ ਵੀ ਸਨ। 18 ਫੁੱਟ ਲੰਮੀ ਅਤੇ 14 ਫੁੱਟ ਚੌੜੀ ਇਸ ਹਵਾਲਾਤ ਵਿੱਚ ਸਿਰਫ਼ ਦੋ ਨਿੱਕੀਆਂ-ਨਿੱਕੀਆਂ ਖਿੜ੍ਹਕੀਆਂ ਸਨ। ਅੱਤ ਦੀ ਗਰਮੀ ਅਤੇ ਹੁੰਮਸ ਵਾਲੇ ਮਾਹੌਲ ਵਿੱਚ ਤੂੜੀ ਵਾਂਗ ਤੁੰਨੇ ਕੈਦੀਆਂ ਦਾ ਜਦੋਂ ਬੁਰਾ ਹਾਲ ਹੋਣ ਲੱਗਿਆ ਤਾਂ ਉਹਨਾਂ ਨੇ ਪਹਿਰੇਦਾਰਾਂ ਮੂਹਰੇ ਬਾਹਰ ਕੱਢਣ ਲਈ ਹਾੜੇ ਕੱਢੇ। ਪਰ ਪਹਿਰੇਦਾਰ, ਅੰਗਰੇਜ਼ਾਂ ਉਤੇ ਹੱਸਦੇ ਤੇ ਮਸ਼ਕਰੀਆਂ ਕਰਦੇ ਰਹੇ। ਦਿਨ ਚੜ੍ਹੇ ਜਦੋਂ ਹਵਾਲਾਤ ਦਾ ਬੂਹਾ ਖੋਲਿਆ ਤਾਂ ਇਹਨਾਂ ਵਿੱਚੋਂ 23 ਜਾਣੇ ਹੀ ਜਿਉਂਦੇ ਬਚੇ ਸੀ। ਦੁਨੀਆਂ ਦੇ ਇਤਿਹਾਸ ਵਿੱਚ ਇਸ ਘਟਨਾ ਨੂੰ ਹਿੰਦੋਸਤਾਨੀਆਂ ਦੀ ਕਮੀਨੀ ਹਰਕਤ ਵਜੋਂ ਭੰਡਿਆ ਗਿਆ ਹੈ ਜਦਕਿ ਹਿੰਦੋਸਤਾਨੀ ਇਤਿਹਾਸਕਾਰ ਇਹਤੋਂ ਸੰਗ ਮੰਨਦਿਆਂ ਇਸਨੂੰ ਹਰ ਪੱਖੋਂ ਛੋਟਾ ਪਾਉਣ ਦਾ ਯਤਨ ਕਰਦੇ ਰਹੇ ਅਤੇ ਉਹਨਾਂ ਨੇ ਨਵਾਬ ਨੂੰ ਬਰੀ ਕੀਤਾ ਹੈ ਜਦਕਿ ਬਹੁਤੇ ਹਿੰਦੋਸਤਾਨੀ ਇਤਿਹਾਸਕਾਰ ਤਾਂ ਇਸ ਸਾਕੇ ਤੋਂ ਉਕਾ ਹੀ ਮੁਕਰਨ ਵਾਲੀ ਹੱਦ ਤੱਕ ਜਾਂਦੇ ਹੋਏ ਇੱਥੋਂ ਤੱਕ ਆਖ ਗਏ ਨੇ ਅਜਿਹਾ ਸਾਕਾ ਵਾਪਰਿਆ ਹੀ ਨਹੀਂ। ਹਵਾਲਤ ਦੀ ਕੋਠੜੀ ਹਨੇਰੀ ਹੋਣ ਅਤੇ ਕਾਲੀ ਰਾਤ ਦਾ ਮੌਕਾ ਹੋਣ ਕਰਕੇ ਇਸਨੂੰ ਬਲੈਕ ਹੋਲ ਦਾ ਨਾਂਅ ਦਿੱਤਾ ਗਿਆ। ਕਿਸੇ ਜੇਤੂ ਫੌਜ ਵੱਲੋਂ ਹਾਰੀ ਹੋਈ ਫੌਜ ਨਾਲ ਅਜਿਹੇ ਕਾਇਰਤਾ ਵਾਲੇ ਜ਼ਾਲਮ ਸਲੂਕ ਦੀ ਮਿਸਾਲ ਇਸਤੋਂ ਵੱਧ ਦੁਨੀਆਂ ਦੇ ਜੰਗੀ ਇਤਿਹਾਸ 'ਚ ਕਿਤੇ ਨਹੀਂ ਮਿਲਦੀ।



ਕਲਕੱਤੇ ਵਾਲੇ ਬਲੈਕ ਹੋਲ ਘਟਨਾ ਨਾਲ ਮਿਲਦੇ ਇੱਕ ਵਾਅਕੇ ਬਾਰੇ ਮੈਂ ਖੁਦ ਇੱਕ ਚਸ਼ਮਦੀਦ ਗਵਾਹ ਦੀ ਜ਼ੁਬਾਨੀ ਸੁਣਿਆ ਹੈ ਪਰ ਇਹ ਗੱਲ ਕਿਸੇ ਲਿਖਤ ਰਾਹੀਂ ਸਾਡੇ ਸਾਹਮਣੇ ਨਹੀਂ ਆਈ। ਇਹ ਗੱਲ ਦਰਬਾਰ ਸਾਹਿਬ 'ਤੇ ਭਾਰਤੀ ਫੌਜ ਦੇ ਹਮਲੇ ਮੌਕੇ ਭਾਰਤੀ ਫੌਜ ਦੇ ਸਰਾਵਾਂ ਵਾਲੇ ਪਾਸੇ ਕਬਜ਼ੇ ਮੌਕੇ ਦੀ ਹੈ। ਗੁਰੂ ਰਾਮਦਾਸ ਸਰਾਂ ਦੇ ਮੁੱਖ ਗੇਟ ਦੇ ਠੀਕ ਸੱਜੇ ਪਾਸੇ (ਗੁਰੂ ਨਾਨਕ ਨਿਵਾਸ ਵੱਲ) ਵਾਲੇ ਇੱਕ ਕਮਰੇ ਵਿੱਚ ਜਿੱਥੇ ਅੱਜ-ਕੱਲ੍ਹ ਡਿਸਪੈਂਸਰੀ ਬਣੀ ਹੋਈ ਹੈ ਲਗਭਗ 55 ਬੰਦੇ ਸਾਰੀ ਰਾਤ ਤਾੜੀ ਰੱਖੇ ਅਗਲੇ ਦਿਨ ਜਦੋਂ ਕਮਰਾ ਖੋਲਿਆ ਤਾਂ ਇਹਨਾਂ ਵਿੱਚੋਂ ਮਸਾਂ 4-5 ਬੰਦੇ ਜਿਉਂਦੇ ਬਚੇ। ਇਹਨਾਂ ਵਿੱਚ ਇੱਕ ਸ਼੍ਰੋਮਣੀ ਕਮੇਟੀ ਦਾ ਮੁਲਾਜ਼ਮ (ਸੇਵਾਦਾਰ) ਵੀ ਜਿਉਂਦਾ ਬਚਿਆ ਸੀ। ਇਸ ਬਿਰਧ ਸੇਵਾਦਾਰ ਮੁਲਾਜ਼ਮ ਦਾ ਮੈਨੂੰ ਨਾਂਅ ਨਹੀਂ ਪਤਾ ਪਰ ਉਹਨੇ ਉਸ ਕਮਰੇ ਵੱਲ ਇਸ਼ਾਰਾ ਕਰਕੇ ਵੀ ਦੱਸਿਆ ਸੀ ਇਹ ਗੱਲ ਨਵੰਬਰ 1984 ਦੀ ਹੈ ਜਿਸ ਦਿਨ ਜੇਲ੍ਹ ਵਿੱਚ ਬੰਦ ਗੁਰਚਰਨ ਸਿੰਘ ਟੌਹੜਾ ਨੂੰ ਮੁੜ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ ਸੀ। ਉਸ ਦਿਨ ਰਾਤ ਨੂੰ ਮੇਰਾ ਗੁਰੂ ਰਾਮਦਾਸ ਸਰਾਂ ਵਿੱਚ ਰਹਿਣ ਦਾ ਸਬੱਬ ਬਣਿਆ ਸੀ। ਸ਼੍ਰੋਮਣੀ ਕਮੇਟੀ ਦੇ ਇੱਕ ਮੈਂਬਰ ਮਾਸਟਰ ਅਜੀਤ ਸਿੰਘ ਸੇਖੋਂ ਨਾਲ ਮੇਰੀ ਚੰਗੀ ਜਾਣ-ਪਛਾਣ ਸੀ ਉਹਨੇ ਹੀ ਸਾਨੂੰ ਸਰ੍ਹਾਂ ਵਿੱਚ ਕਮਰਾ ਲੈ ਕੇ ਦਿੱਤਾ ਸੀ। ਸ਼ਾਇਦ ਸੇਖੋਂ ਸਾਹਿਬ ਵੀ ਸਾਡੇ ਕਮਰੇ ਵਿੱਚ ਜਾਂ ਨਾਲ ਦੇ ਕਮਰੇ ਵਿੱਚ ਠਹਿਰੇ ਸਨ। ਨਵੰਬਰ ਦਾ ਆਖਰੀ ਹਫਤਾ ਸੀ ਦਿਨ ਢਲੇ ਅਸੀਂ ਸੇਖੋਂ ਸਾਹਿਬ ਨਾਲ ਟਾਇਮ ਪਾਸ ਕਰਨ ਖ਼ਾਤਰ ਸਰਾਂ ਦੇ ਇੰਚਾਰਜ ਵਾਲੇ ਦਫ਼ਤਰ ਵਿੱਚ ਜਾ ਬੈਠੇ। ਉਥੇ ਡਿਊਟੀ 'ਤੇ ਹਾਜ਼ਰ ਉਸ ਬਿਰਧ ਸੇਵਾਦਾਰ ਨੇ ਸਾਨੂੰ ਦੱਸਿਆ ਕਿ ਇਸ ਵਿੱਚ ਫੌਜ ਨੇ ਸਣੇ ਮੈਨੂੰ ਇਸ ਕਰਮੇ ਵਿੱਚ ਸਾਰੀ ਰਾਤ ਤਾੜੀ ਰੱਖਿਆ ਸੀ। ਬਾਹਰੋਂ ਦਰਵਾਜ਼ੇ ਨੂੰ ਕੁੰਡਾਮਾਰ ਦਿੱਤਾ। ਫੌਜੀ ਸਾਡੇ ਵੱਲੋਂ ਦਰਵਾਜ਼ਾ ਖੜਕਾਉਣ ਤੇ ਬਰਸਟ ਮਾਰਨ ਦੀਆਂ ਧਮਕੀਆਂ ਦਿੰਦੇ ਅਤੇ ਗਾਲ੍ਹਾਂ ਕੱਢਦੇ ਸੀ। ਇਹ ਕਮਰਾ ਮਸਾਂ 12 ਫੁੱਟ ਲੰਮਾ ਅਤੇ 12 ਫੁੱਟ ਚੌੜਾ ਹੋਵੇਗਾ 55 ਬੰਦੇ ਇੱਕ ਇਹੋ ਜੇਹੀ ਕੋਠੜੀ ਵਿੱਚ ਬੰਦ ਸਨ ਜਿਹੜੀ ਚਾਰ ਚੁਫ਼ੇਰਿਓਂ ਬੰਦ ਸੀ। ਜੂਨ ਦੀ ਗਰਮੀ ਵਿੱਚ ਸਾਹ ਘੁਟਣ ਕਰਕੇ 4-5 ਬੰਦਿਆਂ ਨੂੰ ਛੱਡ ਕੇ ਬਾਕੀ ਸਾਰੇ ਮਾਰੇ ਗਏ। ਸੇਵਾਦਾਰ ਨੇ ਹੋਰ ਵੀ ਬਹੁਤ ਸਾਰੀਆਂ ਗੱਲਾਂ ਦੱਸੀਆਂ ਜੋ ਹੁਣ ਚੇਤੇ ਨਹੀਂ। ਉਦੋਂ ਮੇਰੀ ਉਮਰ 24 ਸਾਲ ਦੀ ਸੀ। ਉਦੋਂ ਇਹ ਨਹੀਂ ਸੀ ਚੱਜ ਕਿ ਸੇਵਾਦਾਰ ਦੀਆਂ ਸਾਰੀਆਂ ਗੱਲਾਂ ਨੋਟ ਕਰਾਂ ਅਤੇ ਉਹਦਾ ਨਾਂ ਪਤਾ ਵੀ ਲਿਖ ਲਵਾਂ। ਉਦੋਂ ਇਉਂ ਜਾਪਦਾ ਸੀ ਕਿ ਜਿੱਥੇ ਐਡਾ ਵੱਡਾ ਘੱਲੂਘਾਰਾ ਹੋਇਆ, ਤਾਂ ਇਹ ਵਾਅਕਾ ਉਸ ਵਿੱਚ ਇੱਕ ਛੋਟੀ ਘਟਨਾ ਹੀ ਹੈ। ਪਰ ਇੱਕ ਦਿਨ ਫੋਰਟ ਵਿਲੀਅਮ ਵਾਲੇ ਬਲੈਕ ਹੋਲ ਸਾਕੇ ਦੀ ਇਤਿਹਾਸਕ ਅਹਿਮੀਅਤ ਬਾਰੇ ਪੜਦਿਆਂ ਮੇਰੇ ਜਿਹਨ ਵਿੱਚ ਆਇਆ ਕਿ ਇਸਦੇ ਨਾਲ ਦਾ ਬਲੈਕ ਹੋਲ ਸਾਕਾ ਤਾਂ ਸਾਡੀ ਗੁਰੂ ਰਾਮਦਾਸ ਸਰਾਂ ਵਿੱਚ ਵੀ ਜੂਨ 1984 ਵੇਲੇ ਵਾਪਰਿਆ ਹੈ। ਇਸਦਾ ਦਰਬਾਰ ਸਾਹਿਬ 'ਤੇ ਭਾਰਤੀ ਫੌਜ ਦੇ ਹਮਲੇ ਦੇ ਇਤਿਹਾਸ ਵਿੱਚ ਜ਼ਿਕਰ ਨਾ ਹੋਣ ਦੀ ਹੈਰਾਨੀ ਵੀ ਹੋਈ। ਨਾਲੇ ਬਲੈਕ ਹੋਲ ਕਾਂਡ ਤਾਂ ਇੱਕ ਜੇਤੂ ਫੌਜ ਵੱਲੋਂ ਹਾਰੀ ਹੋਈ ਫੌਜ ਦੇ ਜਵਾਨਾਂ ਨਾਲ ਵਾਪਰਿਆ ਸੀ, ਪਰ ਗੁਰੂ ਰਾਮਦਾਸ ਸਰ੍ਹਾਂ ਵਾਲਾ ਕਾਂਡ ਭਾਰਤੀ ਫੌਜ ਵੱਲੋਂ ਆਪਣੇ ਹੀ ਮੁਲਕ ਦੇ ਸਿਵਲੀਅਨਾਂ ਨਾਲ ਵਰਤਾਇਆ ਗਿਆ ਸੀ।

ਜਿਵੇਂ ਭਾਰਤ ਸਰਕਾਰ ਦਾ ਪੱਖਪੂਰਨ ਵਾਲੇ ਲਿਖਾਰੀਆਂ ਨੇ ਦਰਬਾਰ ਸਾਹਿਬ 'ਤੇ ਭਾਰਤੀ ਫੌਜ ਦੇ ਹਮਲੇ ਮੌਕੇ ਫੌਜ ਵੱਲੋਂ ਕੀਤੇ ਜ਼ੁਲਮਾਂ ਨੂੰ ਛੋਟਾ ਕਰਨ ਜਾਂ ਫੌਜ ਨੂੰ ਉਕਾ ਹੀ ਬਰੀ ਕਰਨ 'ਤੇ ਜ਼ੋਰ ਲਾਇਆ ਹੈ ਉਵੇਂ ਹੀ 1756 ਈਸਵੀ ਵਾਲੀ ਬਲੇਕ ਹੋਲ ਘਟਨਾ ਨੂੰ ਛੋਟੀ ਕਰਨ ਅਤੇ ਨਵਾਬ ਨੂੰ ਬਰੀ ਕਰਨ ਲਈ ਬਹੁਤੇ ਇਤਿਹਾਸਕਾਰਾਂ ਨੇ ਜ਼ੋਰ ਲਾਇਆ ਹੈ। ਇੱਕ ਬੰਗਾਲੀ ਪ੍ਰੋਫੈਸਰ ਬਰਜੇਨ ਗੁਪਤਾ ਨੇ 1950 ਵਿਚੱ ਲਿਖਿਆ ਹੈ ਕਿ ਬਲੈਕ ਹੋਲ ਵਿੱਚ 146 ਨਹੀਂ ਬਲਕਿ ਕੇਵਲ 64 ਅੰਗਰੇਜ਼ ਸਿਪਾਹੀ ਸੀਗੇ ਜਿਹਨਾਂ ਵਿੱਚੋਂ 21 ਜਿਉਂਦੇ ਬਚੇ। ਇਸੇ ਤਰ੍ਹਾਂ ਇੱਕ ਹੋਰ ਬੰਗਾਲੀ ਇਤਿਹਾਸਕਾਰ ਪ੍ਰੋਫੈਸਰ ਮਜ਼ੂਮਦਾਰ ਨੇ ਕਿਹਾ ਕਿ 18 ਜਰਬ 14 ਫੁੱਟ ਵਾਲੇ ਕਮਰੇ ਵਿੱਚ 65 ਤੋਂ ਵੱਧ ਬੰਦੇ ਨਹੀਂ ਬੈਠ ਸਕਦੇ ਵਰਗੀਆਂ ਤਕਨੀਕੀ ਘੁਣਤਰਾਂ ਨਾਲ ਘਟਨਾ ਨੂੰ ਛੋਟੀ ਕਰਨ ਦਾ ਜਤਨ ਕੀਤਾ ਹੈ। ਇਸੇ ਤਰ੍ਹਾਂ ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਅਜਿਹਾ ਕੋਈ ਵਾਅਕਾ ਹੋਇਆ ਹੀ ਨਹੀਂ ਜਦਕਿ ਕਈਆਂ ਨੇ ਇਸਨੂੰ ਝੂਠੀ ਘਟਨਾ ਕਹਿੰਦਿਆਂ ਇਸਨੂੰ ਇਤਿਹਾਸ ਦਾ ਇੱਕ ਘੋਟਾਲਾ ਕਰਾਰ ਦੇ ਦਿੱਤਾ ਹੈ।

ਗੁਰੂ ਰਾਮਦਾਸ ਸਰਾਂ ਵਾਲੀ ਇਸ ਘਟਨਾ ਦੇ ਚਸ਼ਮਦੀਦ ਗਵਾਹ ਅਜੇ ਵੀ ਜਿਉਂਦੇ ਹੋ ਸਕਦੇ ਨੇ। ਇਸਨੂੰ ਸਾਹਮਣੇ ਲਿਆਉਣ ਵਿੱਚ ਸ਼੍ਰੋਮਣੀ ਕਮੇਟੀ ਦਾ ਸਹਿਯੋਗ ਲਾਜ਼ਮੀ ਹੈ। ਉਸ ਸੇਵਾਦਾਰ ਨੇ ਇਹ ਘਟਨਾ ਹੋਰ ਵੀ ਬਹੁਤ ਬੰਦਿਆਂ ਨੂੰ ਸੁਣਾਈ ਹੋਣੀ ਹੈ ਘੱਟੋ-ਘੱਟ ਸ਼੍ਰੋਮਣੀ ਕਮੇਟੀ ਦੇ ਕਈ ਮੁਲਾਜ਼ਮ ਅਜੇ ਵੀ ਨੌਕਰੀ 'ਤੇ ਹੋਣਗੇ ਜਿਹਨਾ ਨੇ ਇਸ ਘਟਨਾ ਬਾਰੇ ਸੁਣਿਆ ਹੋਵੇਗਾ। ਅਜਿਹੇ ਮੁਲਾਜ਼ਮ ਉਸ ਚਸ਼ਮਦੀਦ ਸੇਵਾਦਾਰ ਦਾ ਨਾਂਅ ਪਤਾ ਦੱਸ ਸਕਦੇ ਨੇ। ਜੇ ਉਹ ਸੇਵਾਦਾਰ ਠੀਕ-ਠਾਕ ਹੋਵੇ ਤਾਂ ਖੈਰ ਹੈ। ਨਹੀਂ ਤਾਂ ਉਸਦੇ ਪਰਿਵਾਰਕ ਮੈਂਬਰਾਂ ਤੋਂ ਸਾਰੇ ਹਾਲਾਤ ਦਾ ਪਤਾ ਕਰਨਾ ਚਾਹੀਦਾ ਹੈ। ਨਹੀਂ ਤਾਂ ਕੱਲ੍ਹ ਨੂੰ ਜੇ ਇਸ ਘਟਨਾ ਦਾ ਜ਼ਿਕਰ ਕਰੇਗਾ ਤਾਂ ਕੋਈ ਹੋਰ ਗੁਪਤਾ ਜਾਂ ਮਜ਼ੂਮਦਾਰ ਵਰਗਾ ਇਸ ਤੋਂ ਇਤਿਹਾਸ ਦਾ ਝੂਠ ਵਾਲਾ ਲੇਬਲ ਲਾਊਗਾ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਸੀ ਕਿ ਉਹ ਇਸ ਕਮਰੇ ਨੂੰ ਯਾਦਗਾਰ ਵੱਜੋਂ ਸੰਭਾਲਦੀ ਪਰ ਉਹ ਤਾਂ ਗੁਰੂ ਰਾਮਦਾਸ ਸਰਾਂ ਨੂੰ ਹੀ ਮਲੀਆ ਮੇਟ ਕਰਨ ਦੇ ਮਨਸੂਬੇ ਤਿਆਰ ਕਰ ਰਹੀ ਹੈ। ਸਰਾਂ ਦੇ ਅੰਦਰਲੇ ਵਿਹੜੇ ਦੀ ਡੂੰਘਿਆਈ ਖਤਮ ਕਰ ਕੇ ਸਰਾਂ ਦਾ ਹੁਲੀਆ ਪਹਿਲਾਂ ਹੀ ਖਤਮ ਕਰ ਦਿੱਤਾ ਹੈ। ਹੁਣ ਪੰਥਕ ਹਲਕਿਆਂ ਨੂੰ ਚਾਹੀਦਾ ਹੈ ਕਿ ਰਾਮਦਾਸ ਸਰਾਂ ਜਿਥੇ ਜਲ੍ਹਿਆਂ ਵਾਲੇ ਬਾਗ ਵਰਗਾ ਸਾਕਾ ਭਾਰਤੀ ਫੌਜ ਨੇ ਵਰਤਾਇਆ ਹੈ ਉਹਨੂੰ ਜਲ੍ਹਿਆਂ ਵਾਲਾ ਬਾਗ ਵਾਂਗ ਸੰਭਾਲ ਕੇ ਰੱਖਣ ਲਈ ਸ਼੍ਰੋਮਣੀ ਕਮੇਟੀ 'ਤੇ ਜ਼ੋਰ ਪਾਉਣ।


AMAR MUSIC ACADEMY

INDIAN CLASSICAL LIGHT MUSIC, GURMAT SANGEET & TABLA

ਭਾਰਤੀ ਸ਼ਾਸ਼ਤਰੀ ਸੰਗੀਤ, ਗੁਰਮਤਿ ਸੰਗੀਤ
ਅਤੇ ਤਬਲਾ ਸਿੱਖਣ ਲਈ ਫੋਨ ਕਰੋ



Prof. Gurdev Singh Phull,
Prof. Amrik Singh Phull

To Learn Indian Classical,
Light Music & Tabla

Free Lessons for Blind & Handicapped



604-599-4628, 778-898-5052 | 13376-80 Ave, Surrey

# ਪੰਜਾਬ ਪੁਲਿਸ ਚਾਹੁੰਦੀ ਹੈ ਕਿ ਸਿੱਖ ਆਪਣੇ ਉਤੇ ਹੋਏ ਜ਼ੁਲਮਾਂ ਨੂੰ ਭੁੱਲ ਜਾਣ

ਲੇਖਕ : ਗਗਨ ਦੀਪ ਸਿੰਘ

ਜਿਨ੍ਹਾਂ ਜੁਝਾਰੂ ਯੋਧਿਆਂ ਦੇ ਪਰਿਵਾਰਾਂ ਨੂੰ ਅਣਮਨੁੱਖੀ ਤਸੀਹੇ ਦਿੱਤੇ ਗਏ ਜਾ ਘਰੋਂ ਚੁੱਕ ਲਾਪਤਾ ਕਰ ਦਿੱਤੇ ਗਏ ਜਾਇਦਾਦਾਂ ਕੁਰਕ ਕਰ ਦਿੱਤੀਆਂ ਗਈਆਂ ਉਨਾਂ ਨੂੰ ਪੁੱਛੋ ਕਿ ਆਜ਼ਾਦੀ ਦਾ ਕੀ ਮੁੱਲ ਹੁੰਦਾ ਤੇ ਕੀ ਮਾਇਨੇ ਰੱਖਦੀ ਹੈ ਕੌਮਾਂ ਲਈ ਇਸ ਲਈ ਇਹ ਅੱਜ ਵੀ ਉਸੇ ਕੌਮੀ ਮੰਗ ਖਾਲਿਸਤਾਨ ਉਤੇ ਦ੍ਰਿੜਤਾ ਨਾਲ ਪਹਿਰਾਦੇ ਰਹੇ ਹਨ।

ਬੱਬਰ ਖਾਲਸਾ ਇੰਟਰਨੈਸ਼ਨਲ ਦੇ ਇੱਕ ਖਾੜਕੂ ਭਾਈ ਅਮਰੀਕ ਸਿੰਘ ਕੌਲੀ ਦੇ ਪਿੰਡ ਕੌਲੀ ਜ਼ਿਲ੍ਹਾ ਪਟਿਆਲਾ ਵਿੱਚ ਉਨ੍ਹਾਂ ਦੇ ਘਰ ਨੂੰ ਜਿੰਦਰੇ ਲੱਗੇ ਹੋਏ ਹਨ ਸਾਰਾ ਪਰਿਵਾਰ ਘਰ ਛੱਡ ਕੇ ਰੂਪੋਸ਼ ਜਿੰਦਗੀ ਬਤੀਤ ਕਰ ਰਿਹਾ ਹੈ ਪੁਲਿਸ ਨੇ ਭਾਈ ਅਮਰੀਕ ਸਿੰਘ ਕੌਲੀ ਦੇ ਨਾਨੇ ਨੂੰ ਕਈ ਦਿਨ ਪੁਲਿਸ ਹਿਰਾਸਤ ਵਿੱਚ ਰੱਖਿਆ ਤੇ ਬਿਜਲੀ ਦੇ ਕਰੰਟ ਲਾਏ ਜਿਸ ਨਾਲ ਉਨ੍ਹਾਂ ਦੀ ਸੁਣਨ ਸ਼ਕਤੀ ਕਮਜ਼ੋਰ ਹੋ ਗਈ ਇਥੋਂ ਤੱਕ ਕਿ ਭਾਈ ਕੌਲੀ ਦੀ 70ਸਾਲਾ ਨਾਨੀ ਨੂੰ ਵੀ ਪੁਲਿਸ ਨੇ ਥੱਪੜ ਮਾਰੇ ਚਾਰ ਬੰਦਿਆਂ ਨੇ ਉਸ ਨੂੰ ਉਪਰ ਚੁੱਕ ਹੇਠਾਂ ਸੁੱਟਿਆ ਭਾਈ ਕੌਲੀ ਦੇ ਭਰਾ ਨੂੰ ਗੈਰ ਕਾਨੂੰਨੀ ਹਿਰਾਸਤ ਵਿੱਚ ਰੱਖ ਬਿਜਲੀ ਦੇ ਕਰੰਟ ਲਾਏ ਪਟਿਆਲਾ ਸਦਰ ਥਾਣਾ ਦਾ ਐਸ ਐਚ ਓ ਸੰਤ ਰਾਮ ਪਿੰਡ ਵਿੱਚ ਆ ਸ਼ਰੇਆਮ ਲੋਕਾਂ ਨੂੰ ਕਹਿ ਗਿਆ ਕਿ ਜੇ ਕੌਲੀ ਦੀ ਮਾਂ ਹੱਥ ਆ ਗਈ ਉਸ ਨੂੰ ਖਤਮ ਕਰ ਦਿੱਤਾ ਜਾਏਗਾ ਭਾਈ ਕੌਲੀ ਦੇ ਬਹਿਨੋਈ ਨੂੰ ਪੁਲਿਸ ਨੇ ਬਠਿੰਡੇ ਤੋਂ ਹਿਰਾਸਤ ਵਿੱਚ ਲਿਆ ਜਿਸ ਦਾ ਕੋਈ ਥਹੁ ਪਤਾ ਨੀ ਲੱਗਾ।


ਦੂਜੇ ਪਾਸੇ ਇੱਕ ਹੋਰ ਖਾੜਕੂ ਨੇਤਾ ਭਾਈ ਹਰਭਜਨ ਸਿੰਘ ਮੰਡ ਦੇ ਬਿਰਧ ਮਾਤਾ ਪਿਤਾ 3ਸਾਲਾਂ ਦੀ ਤੇ 8ਸਾਲਾਂ ਦੀ ਲੜਕੀ ਨੂੰ ਪਿਛਲੇ 25ਦਿਨਾਂ ਤੋਂ ਐਸ ਐਸ ਪੀ ਰਾਜ ਕਿਸ਼ਨ ਬੇਦੀ ਨੇ ਗੈਰ ਕਾਨੂੰਨੀ ਹਿਰਾਸਤ ਵਿੱਚ ਰੱਖਿਆ ਹੋਇਆ ਹੈ।

ਇਸੇ ਤਰਾਂ ਪਿੰਡ ਕੁਲਾਰਾਂ ਜ਼ਿਲ੍ਹਾ ਸੰਗਰੂਰ ਦੇ ਨੌਜਵਾਨ ਖਾੜਕੂ ਨੇਤਾ ਭਾਈ ਸੁਖਰਾਮ ਸਿੰਘ ਕੁਲਾਰਾਂ ਦੀ ਮਾਤਾ ਜੀ ਨੂੰ ਪੁਲਿਸ ਅਗਵਾ ਕਰਕੇ ਲੈ ਗਈ ਅਤੇ ਮਗਰੋਂ ਉਸ ਦੀ ਮਿਰਤਕ ਦੇਹ ਮਿਲੀ ਜਦਕਿ ਭਾਈ ਸੁਖਰਾਮ ਸਿੰਘ ਪਹਿਲਾਂ ਹੀ ਇੱਕ ਪੁਲਿਸ ਮੁਕਾਬਲੇ ਵਿੱਚ ਮਾਰ ਦਿੱਤਾ ਦਿਖਾਇਆ ਗਿਆ ਸੀ। ਪਿੰਡ ਛਾਜਲੀ ਦੇ ਭਾਈ ਕੇਸਰ ਸਿੰਘ ਅਤੇ ਪਿੰਡ ਕਾਨਾਕੇ ਦੇ ਭਾਈ ਸਤਨਾਮ ਸਿੰਘ ਨੂੰ ਕੁੱਝ ਸਮਾਂ ਪਹਿਲਾਂ ਝੂਠੇ ਪੁਲਿਸ ਮੁਕਾਬਲੇ ਵਿੱਚ ਮਾਰ ਦਿੱਤਾ ਗਿਆ।

ਕਿਵੇ ਭੁੱਲ ਜਾਵਾਂ ਧੀਆਂ ਭੈਣਾਂ ਤੇ ਕੀਤੇ ਕਹਿਰ ਜਿਹੜੇ,

ਉਜਾੜ ਜਿਹੜੇ ਰੱਖ ਦਿੱਤੇ ਸਾਡੇ ਹੱਸਦੇ ਵੱਸਦੇ ਵਿਹੜੇ,

ਜ਼ਿੰਮੀਦਾਰ ਸਰਦਾਰ ਜਸਮੇਰ ਸਿੰਘ ਲਈ 22ਮਾਰਚ ਦੀ ਰਾਤ ਇਕ ਕਹਿਰ ਬਣਕੇ ਆਈ ਸਾਰਾ ਪਰਿਵਾਰ ਸੋ ਰਿਹਾ ਸੀ ਕੀ ਰਾਤ ਦੇ 12ਕੂ ਵਜੇ ਜਗਰਾਉਂ ਦੇ ਸੀ ਆਈ ਏ ਸਟਾਫ ਵਾਲੇ ਜੋ ਕੀ ਪੂਰੇ ਸ਼ਰਾਬ ਨਾਲ ਰਜੇ ਹੋਏ ਸਨ ਘਰ ਆ ਵੜੇ ਤੇ ਉਹਨਾ ਦੀ ਧੀ ਸਰਬਜੀਤ ਕੌਰ ਜੋ ਸਰਾਭਾ ਹਸਪਤਾਲ ਵਿੱਚ ਕਲਰਕ ਦੀ ਨੌਕਰੀ ਕਰਦੀ ਸੀ ਨੂੰ ਪੇਸ਼ ਹੋਣ ਲਈ ਕਿਹਾ ਤੇ ਆਪਣੇ ਨਾਲ ਇਹ ਕਹਿਕੇ ਲੈ ਆਏ ਕੀ ਇਸ ਕੋਲੋਂ ਖਾੜਕੂ ਸਿੰਘ ਦਵਾਈ ਲੈਕੇ ਗਿਆ ਹੈ ਵਿਚਾਰੀ ਧੀ ਨੂੰ ਕਈ ਦਿਨ ਨੀਦਰੇਂ ਤੇ ਭੁੱਖੇ ਰਖਿਆ ਅਣਮਨੁੱਖੀ ਤਸੀਹੇ ਦਿੱਤੇ ਤੇ ਧੀ ਸਰਬਜੀਤ ਕੌਰ ਬੇਹੋਸ਼ ਹੋ ਗਈ ਪਰਿਵਾਰ ਜਗਰਾਉਂ ਪੁਲਿਸ ਕੋਲ ਪਹੁੰਚਿਆ ਤਾਂ ਉਹ ਕਹਿੰਦੇ ਰਾਏਕੋਟ ਪੁਲਿਸ ਕੋਲ ਹੈ ਜਦੋਂ ਪੰਚਾਇਤ ਰਾਏਕੋਟ ਪਹੁੰਚੀ ਤਾਂ ਡੀ ਐਸ ਪੀ ਕਹਿੰਦਾ ਕੀ ਲੜਕੀ ਇਥੇ ਨਹੀਂ ਹੈ ਤੇ ਫਿਰ 24ਮਾਰਚ ਨੂੰ ਪਿੰਡ ਨੱਥੋਵਾਲ ਦੇ ਛੇ ਸੱਤ ਸੋ ਮਰਦਾਂ ਔਰਤਾਂ ਨੇ ਰਾਏਕੋਟ ਥਾਣੇ ਦਾ ਘਿਰਾਓ ਕੀਤਾ ਤੇ ਉਧਰ ਜਗਰਾਉਂ ਪੁਲਿਸ ਸਿਵਲ ਹਸਪਤਾਲ ਵਿੱਚ ਸਰਬਜੀਤ ਕੌਰ ਦਾ ਇਲਾਜ ਕਰਵਾ ਰਹੀ ਸੀ ਤੇ ਜਦੋਂ ਪਰਿਵਾਰ ਨੂੰ ਪਤਾ ਲਗਾ ਉਹ ਸਾਰੇ ਪਿੰਡ ਨਾਲ ਜਗਰਾਉਂ ਹਸਪਤਾਲ ਵਿਖੇ ਪਹੁੰਚੇ ਜਿਥੇ ਪੁਲਿਸ ਨੇ ਲੜਕੀ ਨੂੰ ਚੁੱਕਣ ਦੀ ਵੀ ਕੋਸ਼ਿਸ਼ ਕੀਤੀ ਪਰ ਹਾਲਤ ਨਾਜੁਕ ਹੋਣ ਕਰਕੇ




ਡਾਕਟਰਾਂ ਨੇ ਮਨਾ ਕਰ ਦਿੱਤਾ ਆਖਿਰ ਜੋਰ ਪੈਣ ਤੇ ਸਰਬਜੀਤ ਕੌਰ ਨੂੰ ਨਾਜੁਕ ਹਾਲਤ ਵਿੱਚ ਹੀ ਘਰਦਿਆਂ ਨੂੰ ਸੋਪਿਆ ਗਿਆ।

ਇੱਕ ਪੱਤਰ ਅਨੁਸਾਰ ਡਾ ਪ੍ਰੀਤਮ ਸਿੰਘ ਸੇਖੋਂ ਦੀ ਭੈਣ ਬੀਬੀ ਮਨਜੀਤ ਕੌਰ ਜੋ ਕਿ ਥਾਣਾ ਧੂਰੀ ਦੇ ਪਿੰਡ ਭਸੌੜ ਦੇ ਡਾ ਹਰਜੀਤ ਸਿੰਘ ਨਾਲ ਵਿਆਹੀ ਹੋਈ ਸੀ ਨੂੰ ਪੁਲਿਸ ਪਤੀ ਸਮੇਤ ਨਾਭੇ ਤੋਂ ਚੁੱਕ ਕੇ ਲੈ ਗਈ ਡਾ ਸੇਖੋਂ ਦੀ ਇੱਕ ਹੋਰ ਰਿਸ਼ਤੇਦਾਰ 17 ਸਾਲਾ ਬੀਬੀ ਕਿਰਨਜੀਤ ਕੌਰ ਨੂੰ ਪੁਲਿਸ ਪਿੰਡ ਈਸੀ ਤੋਂ ਅਗਵਾ ਕਰਕੇ ਲੈ ਗਈ ਇਹਨਾਂ ਸਾਰਿਆਂ ਨੂੰ ਪਟਿਆਲਾ ਦੇ ਸੀ ਆਈ ਏ ਸਟਾਫ ਵਿੱਚ ਰੱਖਿਆ ਗਿਆ ਹੈ ਪਰਿਵਾਰਾਂ ਨੂੰ ਪੁਲਿਸ ਜ਼ਲੀਲ ਕਰਦੀ ਰਹੀ।

ਐਡਵੋਕੇਟ ਭਾਈ ਕੁਲਵੰਤ ਸਿੰਘ ਸੈਣੀ ਦੀ ਭਾਲ ਦੇ ਸੰਬੰਧ ਵਿੱਚ ਮਿਲੇ ਪਰ ਉਥੋਂ ਵੀ ਕੋਈ ਥਹੁ ਪਤਾ ਨਹੀਂ ਮਿਲਿਆ ਇਸ ਤੋਂ ਮਗਰੋਂ 2ਫਰਵਰੀ ਨੂੰ ਸਰਦਾਰ ਜਗੀਰ ਸਿੰਘ ਸੈਣੀ ਨੇ ਐਡਵੋਕੇਟ ਕੁਲਵੰਤ ਸਿੰਘ ਸੈਣੀ ਦੀ ਭੇਦ ਭਰੇ ਹਾਲਾਤਾਂ ਵਿੱਚ ਹੋਈ ਗੁੰਮਸ਼ੁਦਗੀ ਦੇ ਸੰਬੰਧ ਵਿੱਚ ਇੱਕ ਅਰਜ਼ੀ ਐਸ ਐਸ ਪੀ ਰੋਪੜ ਨੂੰ ਦਿੱਤੀ ਜਿਸ ਤੇ ਅਧਾਰਿਤ ਇੱਕ ਐਫ ਆਈ ਆਰ ਰੋਪੜ ਸਿਟੀ ਥਾਣੇ ਚ ਦਰਜ ਕੀਤੀ ਗਈ ਇਸ ਅਰਜ਼ੀ ਦੀਆਂ ਕਾਪੀਆਂ ਡੀ ਜੀ ਪੀ ਪੰਜਾਬ ਮੁੱਖ ਮੰਤਰੀ ਪੰਜਾਬ ਅਤੇ ਡੀ ਆਈ ਜੀ ਲੁਧਿਆਣਾ ਰੇਂਜ ਨੂੰ ਵੀ ਭੇਜੀਆਂ ਗਈਆਂ ਇਸ ਅਰਜ਼ੀ ਵਿੱਚ ਦਰਜ ਹੈ ਕਿ ਐਡਵੋਕੇਟ ਕੁਲਵੰਤ ਸਿੰਘ ਸੈਣੀ ਆਪਣੀ ਪਤਨੀ ਤੇ ਬੱਚੇ ਸਮੇਤ ਬੀਬੀ ਮਨਜੀਤ ਕੌਰ ਬੁੱਢਾ ਭੌਰਾ ਨੂੰ ਸਿਟੀ ਪੁਲਿਸ ਥਾਣੇ 25ਜਨਵਰੀ ਨੂੰ ਰਾਤ ਸਮੇਂ ਲੈਣ ਗਿਆ ਸੀ ਪਰ ਬਾਅਦ ਚ ਉਹਨਾਂ ਦੀ ਕੋਈ ਉਘ ਸੁੱਗ ਨਾ ਨਿਕਲੀ ਸਰਦਾਰ ਜਗੀਰ ਸਿੰਘ ਸੈਣੀ ਮੁਤਾਬਿਕ ਡੀ ਆਈ ਜੀ ਸ੍ਰੀ ਚੰਦਰ ਸ਼ੇਖਰ ਨੇ ਮੰਨਿਆ ਕਿ ਐਡਵੋਕੇਟ ਕੁਲਵੰਤ ਸਿੰਘ ਸੈਣੀ ਉਹਦੀ ਪਤਨੀ ਤੇ ਬੱਚਾ ਪੁਲਿਸ ਹਿਰਾਸਤ ਵਿੱਚ ਠੀਕ ਠਾਕ ਨੇ ਅਤੇ ਉਚ ਅਧਿਕਾਰੀਆਂ ਨਾਲ ਸਲਾਹ ਕਰਨ ਮਗਰੋਂ ਹੀ ਇਨ੍ਹਾਂ ਨੂੰ ਛੱਡਣ ਜਾ ਨਾ ਛੱਡਣ ਦਾ ਫੈਸਲਾ ਹੋਵੇਗਾ ਬਾਅਦ ਪਤਾ ਲੱਗਾ ਤਿੰਨਾਂ ਜੀਆਂ ਨੂੰ ਮਾਰ ਦਿੱਤਾ ਗਿਆ ਹੈ।

29 ਅਗਸਤ 1991 ਨੂੰ ਅਜੀਤ ਪੂਹਲਾ ਆਪਣੇ ਹਥਿਆਰਬੰਦ ਗੁੰਡਿਆਂ ਨੂੰ ਨਾਲ ਲੈਕੇ ਰਾਤ ਨੂੰ ਜਾ ਪਹੁੰਚਿਆ ਪਿੰਡ ਜਟਾਣੇ ਦੀ ਜੂਹ ਤੇ ਜਦੋਂ ਇਸ ਨੇ ਜਾ ਭਾਈ ਬਲਵਿੰਦਰ ਸਿੰਘ ਜੀ ਜਟਾਣਾ ਦੇ ਘਰ ਦਾ ਬੂਹਾ ਖੜਕਾਇਆ ਤਾਂ ਬਸ ਅੰਦਰੋਂ ਖੁੱਲ੍ਹਦੇ ਸਾਰ ਹੀ ਇਹਨਾਂ ਗੁੰਡਿਆਂ ਨੇ ਗੋਲੀਆਂ ਦਾ ਮੀਂਹ ਵਰਸਾ ਦਿੱਤਾ ਜਿਸ ਵਿੱਚ ਭਾਈ ਜਟਾਣਾ ਜੀ ਦੀ ਦਾਦੀ ਬੀਬੀ ਦਵਾਰਕੀ ਕੌਰ ਜੀ ਮਾਸੀ ਜਸਮੇਰ ਕੌਰ ਜੀ ਭੈਣ ਮਨਪ੍ਰੀਤ ਕੌਰ ਜੀ ਅਤੇ ਪੋਲੀਓ ਦੀ ਬਿਮਾਰੀ ਨਾਲ ਪੀੜਤ ਭਾਣਜਾ ਸਿਮਰਨਜੀਤ ਸਿੰਘ ਸ਼ਹੀਦੀ ਪਾ ਗਏ ਤੇ ਕਾਤਲ ਟੋਲਾ ਜਾਣ ਲੱਗਾ ਸਾਰੇ ਘਰ ਨੂੰ ਅੱਗ ਦੇ ਹਵਾਲੇ ਕਰ ਗਿਆ ਜਦੋਂ ਇਹ ਖਬਰ ਭਾਈ ਬਲਵਿੰਦਰ ਸਿੰਘ ਜੀ ਜਟਾਣਾ ਤੱਕ ਪਹੁੰਚੀ ਤਾਂ ਅਗੋਂ ਭਾਈ ਜਟਾਣਾ ਜੀ ਨੇ ਹੱਸ ਕੇ ਕਿਹਾ ਚੱਲੋ ਅਸੀਂ ਵੀ ਗੁਰੂ ਗੋਬਿੰਦ ਸਿੰਘ ਜੀ ਨੂੰ ਜਾਕੇ ਕਹਾਂਗੇ ਕਿ ਅਸੀਂ ਵੀ ਤੁਹਾਡੇ ਨਕਸ਼ੇ ਕਦਮਾਂ ਤੇ ਚੱਲੇ ਹਾਂ।

ਪੁਲਿਸ ਵਲੋਂ ਜਥੇਬੰਦੀ ਖਾਲਿਸਤਾਨ ਕਮਾਡੋ ਫੋਰਸ ਪੰਜਵੜ ਗਰੁੱਪ ਦੇ ਨਾਲ ਸਬੰਧਤ ਖਾੜਕੂ ਭਾਈ ਹਰਪਿੰਦਰ ਸਿੰਘ ਗੋਲਡੀ ਦੀ ਭੈਣ ਹੋਣ ਕਰਕੇ ਬੀਬੀ ਅਮਨਦੀਪ ਕੌਰ 21ਸਾਲਾ ਉਤੇਤਸ਼ੱਦਦ ਕਰਨ ਮਗਰੋਂ ਕਤਲ ਕਰ ਦਿੱਤਾ ਗਿਆ

ਬਠਿੰਡਾ ਪੁਲਿਸ ਵਲੋਂ ਇੱਕ ਪਰਿਵਾਰ ਨੂੰ ਤੰਗ ਕਰਨ ਦੀ ਦਰਦਨਾਕ ਕਹਾਣੀ ਜਿਸ ਵਿੱਚ ਦਸਿਆ ਗਿਆ ਹੈ ਕਿ ਬਠਿੰਡਾ ਪੁਲਿਸ ਤੇ ਕਥਿਤ ਤੌਰ ਤੇ ਇੱਕ ਖਾੜਕੂ ਨੌਜਵਾਨ ਦੀ ਭੈਣ ਨੂੰ ਕਾਲੀਆਂ ਬਿੱਲੀਆਂ ਹੱਥੋਂ ਮਰਵਾ ਦਿੱਤਾ ਗਿਆ ਕਿਉਂਕਿ ਉਸ ਨੇ ਉਕਤ ਸੰਗਠਨ ਦੇ ਦਫਤਰ ਜਾਕੇ ਪੁਲਿਸ ਦੇ ਜ਼ਬਰ ਤੇ ਸਿਤਮ ਦੇ ਖਿਲਾਫ ਆਪਣੇ ਬਿਆਨ ਕਲਮਬੰਦ ਕਰਵਾਏ ਸਨ 21ਵਰਿਆਂ ਦੀ ਨਵ ਵਿਆਹੁਤਾ ਬੀਬੀ ਅਮਨਦੀਪ ਕੌਰ ਨੇ ਬਿਆਨ ਦਰਜ ਕਰਵਾਇਆ ਸੀ ਕਿ ਉਹ ਸਿਰਫ਼ ਇਸ ਲਈ ਰੂਪੋਸ਼ ਸੀ ਕਿਉਂਕਿ ਪੁਲਿਸ ਉਸ ਉਪਰ ਤਸ਼ੱਦਦ ਕਰਕੇ ਮਾਰ ਦੇਣਾ ਚਾਹੁੰਦੀ ਹੈ ਇਸ ਲਈ ਉਸ ਨੂੰ ਪੁਲਿਸ ਤੋਂ ਭਾਰੀ ਖਤਰਾ ਹੈ।

ਇਸ ਨਵੀਂ ਵਿਆਹੀ ਲੜਕੀ ਬੀਬੀ ਅਮਨਦੀਪ ਕੌਰ ਨੂੰ 21ਜਨਵਰੀ 1992 ਦੇ ਦਿਨ ਬਠਿੰਡਾ ਪੁਲਿਸ ਦੀਆਂ ਅਖੌਤੀ ਕਾਲੀਆਂ ਬਿੱਲੀਆਂ ਨੇ ਉਸ ਦੇ ਪਿਤਾ ਦੇ ਘਰ ਪਿੱਪਲੀ ਵਿੱਚ ਗੋਲੀ ਮਾਰ ਦਿੱਤੀ ਸੀ ਉਸ ਦਾ ਦੋਸ਼ ਸਿਰਫ ਇਹ ਸੀ ਕਿ ਉਹ ਖਾਲਿਸਤਾਨ ਕਮਾਂਡੋ ਫੋਰਸ ਪੰਜਵੜ ਗਰੁੱਪ ਦੇ ਨਾਲ ਸਬੰਧਤ ਭਾਈ ਹਰਪਿੰਦਰ ਸਿੰਘ ਗੋਲਡੀ ਦੀ ਭੈਣ ਸੀ ਰਿਪੋਰਟ ਵਿੱਚ ਦਸਿਆ ਗਿਆ ਹੈ ਕਿ ਉਸ ਨੂੰ ਬਠਿੰਡਾ ਪੁਲਿਸ ਵਲੋਂ ਬੜੇ ਦਰਦਨਾਕ ਕਸ਼ਟ ਸਹਿਣੇ ਪਏ ਉਸ ਨੂੰ ਪੁਲਿਸ ਨੇ ਕਨੇਡਾ ਤੋਂ ਵਿਆਹੁਣ ਆਏ ਪਤੀ ਜਸਵਿੰਦਰ ਸਿੰਘ ਸਰਾਅ ਅਤੇ ਉਸ ਦੇ ਪਿਤਾ ਨੂੰ ਜਗਵੰਤ ਸਿੰਘ ਨੂੰ ਪੁਲਿਸ ਨੇ ਬਠਿੰਡਾ ਜ਼ਿਲ੍ਹਾ ਦੇ ਵੱਖ ਵੱਖ ਥਾਣਿਆਂ ਅੰਦਰ ਰੱਖ ਕੇ ਬਾਪ ਪਤੀ ਮਾਂ ਭੈਣ ਦੇ ਨਾਲ ਹਰ ਤਰ੍ਹਾਂ ਬੇਇੱਜ਼ਤੀ ਤਸ਼ੱਦਦ ਤੇ ਜਲੀਲ ਕਰਨ ਵਾਲੀਆਂ ਹਰਕਤਾਂ ਦਾ ਸ਼ਿਕਾਰ ਬਣਾਇਆ ਗਿਆ।

ਦੋਸ਼ ਲਾਇਆ ਗਿਆ ਹੈ ਕਿ ਥਾਣਾ ਫੂਲ ਅੰਦਰ ਉਸ ਦੇ ਸਾਹਮਣੇ ਪਿਤਾ ਤੇ ਪਤੀ ਨੂੰ ਪੁਲਿਸ ਨੇ ਨੰਗਾ ਕਰ ਦਿੱਤਾ ਮਗਰੋਂ ਪੁਲਿਸ ਨੇ ਉਸ ਦੇ ਪਤੀ ਜਸਵਿੰਦਰ ਸਿੰਘ ਨੂੰ 24ਘੰਟਿਆਂ ਦੇ ਅੰਦਰ ਅੰਦਰ ਦੇਸ਼ ਛੱਡਣ ਜਾ ਮੌਤ ਦਾ ਸਾਹਮਣਾ ਕਰਨ ਦਾ ਹੁਕਮ ਦਿੱਤਾ ਜਿਸ ਦੇ ਫਲਸਰੂਪ ਉਹ 30ਅਕਤੂਬਰ ਨੂੰ ਭਾਰਤ ਛੱਡ ਗਿਆ ਇਹ ਵੀ ਦੋਸ਼ ਹੈ ਕਿ ਪੁਲਿਸ ਨੇ ਜਗਵੰਤ ਸਿੰਘ ਦੇ ਮਕਾਨ ਦੀ ਲੁੱਟਮਾਰ ਕੀਤੀ ਅਤੇ ਘਰ ਦਾ ਸਾਰਾ ਸਮਾਨ ਚੁੱਕ ਕੇ ਲੈ ਗਈ ਤਿੰਨ ਹਫਤਿਆਂ ਦੀ ਨਜਾਇਜ਼ ਬੰਦੀ ਪਿਛੋਂ ਬੀਬੀ ਅਮਨਦੀਪ ਕੌਰ ਰੂਪੋਸ਼ ਹੋ ਗਈ ਉਹ ਮਨੁੱਖੀ ਅਧਿਕਾਰ ਸੰਗਠਨ ਦੇ ਦਫਤਰ ਆਈ ਤੇ ਆਪਣਾ ਬਿਆਨ ਲਿਖਵਾਇਆ ਪਰ ਪੁਲਿਸ ਨੇ ਇੱਕ ਹੋਰ ਚਾਲ ਖੇਡ ਕੇ ਉਸ ਦਾ ਸਾਰਾ ਲੁੱਟਿਆ ਸਮਾਨ ਵਾਪਸ ਕਰ ਦਿੱਤਾ ਤੇ ਭਰੋਸਾ ਦਿੱਤਾ ਕਿ ਉਸ ਨੂੰ ਹੁਣ ਹੋਰ ਤੰਗ ਨਹੀਂ ਕੀਤਾ ਜਾਵੇਗਾ ਪੁਲਿਸ ਦੀ ਭਰੋਸਗੀ ਉਪਰ ਉਹ ਇਤਬਾਰ ਕਰਕੇ ਉਹ ਆਪਣੇ ਬਾਪ ਦੇ ਘਰ ਮੁੜ ਆਈ ਜਦ ਕਿ ਕਥਿਤ ਤੌਰ ਤੇ ਪੁਲਿਸ ਦੀਆਂ ਕਾਲੀਆਂ ਬਿੱਲੀਆਂ ਨੇ ਉਸ ਨੂੰ 21ਜਨਵਰੀ ਨੂੰ ਗੋਲੀ ਦਾ ਨਿਸ਼ਾਨਾ ਬਣਾ ਕੇ ਸਦਾ ਲਈ ਸ਼ਾਂਤ ਕਰ ਦਿੱਤਾ।

ਕਲੇਰ ਖੁਰਦ ਗੁਰਦਾਸਪੁਰ 14ਸਤੰਬਰ ਇਸੇ ਰਾਤ ਇੱਕ ਚਿੱਟੇ ਰੰਗ ਦੀ ਮਾਰੂਤੀ ਕਾਰ (ਪੀ ਬੀ ਸੀ 1381) ਵਿੱਚ ਪੰਜ ਵਿਅਕਤੀ ਆਏ ਲੁੱਟ ਖੋਹ ਦੇ ਇਰਾਦੇ ਨਾਲ ਉਹਨਾਂ ਨੇ ਘਰ ਤੋਂ ਕੁੱਝ ਕੂ ਦੂਰੀ ਤੇ ਕਾਰ ਖੜਾ ਦਿੱਤੀ ਇਸ ਘਟਨਾ ਵੇਲੇ ਕੁਲਵੰਤ ਸਿੰਘ ਆਪਣੇ ਖੇਤਾਂ ਨੂੰ ਪਾਣੀ ਲਾ ਰਿਹਾ ਸੀ ਇਹਨਾ ਕਾਲੀਆਂ ਬਿੱਲੀਆਂ ਨੇ ਕੁਲਵੰਤ ਸਿੰਘ ਦੀ ਭੈਣ ਸੁਖਵਿੰਦਰ ਕੌਰ ਜੋ ਕਿ ਘਰ ਵਿੱਚ ਇਕੱਲੀ ਸੀ ਨੂੰ ਡਰਾਇਆ ਧਮਕਾਇਆ ਤੇ ਕੁੱਟ ਮਾਰ ਵੀ ਕੀਤੀ ਤੇ ਬਾਅਦ ਵਿੱਚ ਉਸ ਕੋਲੋਂ 35ਗ੍ਰਾਮ ਸੋਨੇ ਦੇ ਗਹਿਣੇ ਅਤੇ 2000 ਰੁਪਏ ਨਗਦ ਲੈ ਗਏ,

ਇਸ ਲੁੱਟ ਤੋਂ ਬਾਅਦ ਉਹ ਭਾਈ ਮਹਿੰਦਰ ਸਿੰਘ ਦੇ ਘਰ ਦਾਖਲ ਹੋਏ ਮਹਿੰਦਰ ਸਿੰਘ ਤੇ ਓਸ ਦੀ ਧੀ ਅੰਦਰ ਸੁੱਤੇ ਪਏ ਸਨ ਅਤੇ ਉਸ ਦੀ ਪਤਨੀ ਤੇ ਬੇਟਾ ਬਾਹਰ ਬਰਾਂਡੇ ਵਿੱਚ ਸੁੱਤੇ ਪਏ ਸਨ ਇਹਨਾਂ ਨੇ ਉਸ ਦੀ ਪਤਨੀ ਦਲਬੀਰ ਕੌਰ ਨੂੰ ਜਗਾਇਆ ਅਤੇ ਘਰ ਦੇ ਮਰਦ ਮੈਬਰਾਂ ਬਾਰੇ ਪੁੱਛਿਆ ਜਦ ਉਸ ਨੇ ਆਪਣੇ ਪਤੀ ਮਹਿੰਦਰ ਸਿੰਘ ਬਾਰੇ ਦੱਸਿਆ ਤਾਂ ਇਹਨਾਂ ਨੇ ਅੰਦਰ ਜਾ ਉਸ ਨੂੰ ਬਾਹਾਂ ਤੋਂ ਫੜ ਲਿਆ ਤੇ ਕਿਹਾ ਕਿ ਸਾਡਾ ਬਹੁਤ ਨੁਕਸਾਨ ਹੋਇਆ ਇਸ ਲਈ ਸਾਨੂੰ ਇੱਕ ਚੀਨੀ ਏਕੇ47 ਰਾਈਫਲ ਲੈਕੇ ਦੇਵੇ ਤਾਂ ਮਹਿੰਦਰ ਸਿੰਘ ਨੇ ਵਾਸਤੇ ਪਾਏ ਕਿ ਮੇਰੇ ਕੋਲ ਇਸ ਵਕਤ ਕੋਈ ਪੈਸਾ ਨਹੀ ਹੈ ਮੈ ਤੁਹਾਨੂੰ ਕੁੱਝ ਸਮੇਂ ਤੱਕ ਲੈਕੇ ਦੇ ਦਵਾਗਾਂ ਮੇਰੀ ਧੀ ਜਸਵੰਤ ਕੌਰ ਦਾ 27ਸਤੰਬਰ ਦਾ ਵਿਆਹ ਰੱਖਿਆ ਹੋਇਆ ਤੇ ਮੇਰੇ ਤੇ ਰਹਿਮ ਕਰੋ ਅਗੋਂ ਉਹ ਬੋਲੇ ਕਿ ਫਿਰ ਤਾਂ ਘਰ ਵਿੱਚ ਬੜਾ ਕੀਮਤੀ ਸਮਾਨ ਪਿਆ ਹੋਵੇਗਾ ਤੇ ਉਹਨਾਂ ਚੋਂ ਇੱਕ ਬੰਦਾ ਅੰਦਰ ਵੜਕੇ ਘਰ ਦੇ ਸਮਾਨ ਦੀ ਖੋਲਾ ਫਰੋਲੀ ਕਰਨ ਲਗ ਪਿਆ ਇੰਨੇ ਸਮੇਂ ਨੂੰ ਪਿੰਡ ਵਿੱਚ ਕੋਈ ਗੜਬੜ ਹੋ ਗਈ ਤੇ ਬਾਹਰ ਖੜੇ ਕੈਟ ਵਿਹੜੇ ਵਿੱਚ ਆ ਗਏ ਤੇ ਅੰਦਰਲਾ ਬੰਦਾ ਘਬਰਾ ਗਿਆ ਕਿ ਕੀਤੇ ਪਿੰਡ ਵਾਲੇ ਪੁਲਿਸ ਲੈਕੇ ਆ ਗਏ ਤੇ ਉਸ ਨੇ ਏਕੇ47 ਦਾ ਫਾਇਰ ਖੋਲ ਦਿੱਤਾ ਜਿਸ ਵਿੱਚ ਮਹਿੰਦਰ ਸਿੰਘ ਦਾ ਇਕਲੌਤਾ ਪੁੱਤ ਅਜਮੇਰ ਸਿੰਘ ਸਤਵੀਂ ਜਮਾਤ ਵਿੱਚ ਪੜਦਾ ਮਾਰਿਆ ਗਿਆ ਤੇ ਇਸ ਹਫੜਾ ਦਫੜੀ ਵਿੱਚ ਇੱਕ ਕੈਟ ਵੀ ਮਾਰਿਆ ਗਿਆ ਤੇ ਬਾਕੀ ਬਚ ਨਿਕਲੇ ਇਸ ਤਰ੍ਹਾਂ ਪੰਜਾਬ ਪੁਲਿਸ ਦੇ ਬਣਾਏ ਗਏ ਇਸ ਖੂਨੀ ਟੋਲੇ ਨੇ ਅਨੇਕਾਂ ਘਰਾਂ ਦੇ ਦੀਵੇ ਬੁਝਾ ਦਿੱਤੇ।

ਪੰਜਾਬ ਵਿੱਚ ਬੇਅੰਤ ਸਿੰਘ ਦੀ ਸਰਕਾਰ ਵੇਲੇ ਦੀ ਇੱਕ ਕਹਾਣੀ ਚਰਨਜੀਤ ਸਿੰਘ ਦੇ ਹੈ ਜੋ ਆਪਣੇ ਬਿਰਧ ਮਾਂ ਪਿਉ ਦਾ ਇਕਲੌਤਾ ਲੜਕਾ ਸੀ ਜਿਸ ਨੂੰ ਪੁਲਿਸ ਨੇ 6ਅਪ੍ਰੈਲ 1991 ਨੂੰ ਦਿਨ ਦਿਹਾੜੇ ਪਿੰਡ ਸਿਧਾਣਿਆ ਦੇ ਨਹਿਰ ਵਾਲੇ ਪੁੱਲ ਤੋਂ ਚੁੱਕ ਕੇ ਲਾਪਤਾ ਕਰ ਦਿੱਤਾ ਬਿਰਧ ਮਾਂ ਪਿਉ ਨੂੰ ਥਾਣੇ ਦੇ ਇੱਕ ਮੁਲਾਜ਼ਮ ਨੇ ਦਸਿਆ ਕਿ ਇੰਚਾਰਜ ਗੁਰਦਰਸ਼ਨ ਸਿੰਘ ਨੇ ਚਰਨਜੀਤ ਸਿੰਘ ਨਾਲ ਕਈ ਦਿਨ ਬੜੀ ਕੁੱਟਮਾਰ ਕੀਤੀ ਤੇ ਇਸ ਮਗਰੋਂ ਉਸ ਨੂੰ ਥਾਣੇ ਵਾਲਿਆਵਾਲੀ ਵਾਲੇ ਬਰਨਾਲੇ ਲੈ ਗਏ ਚਰਨਜੀਤ ਦੇ ਪਿਤਾ ਨੂੰ ਜਦੋਂ ਪੁੱਤਰ ਬਾਰੇ ਪੁੱਛਿਆ ਤਾਂ ਉਹਨਾਂ ਨੇ ਕਿਹਾ ਕਿ ਮੈ ਪੂਰੇ 32 ਸਾਲ ਪੂਰੀ ਇਮਾਨਦਾਰੀ ਨਾਲ ਫੌਜ ਦੀ ਨੌਕਰੀ




# ਸਿੱਖ ਰਾਜ ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਕਿਸ਼ਤ - 74

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

## ਬੁੱਢਾ ਦਲ ਦਾ ਜਮਨਾ ਪਾਰ ਹਮਲਾ

ਏਧਰੋਂ ਬੁੱਢਾ ਦਲ ਵੀ ਸ. ਜੱਸਾ ਸਿੰਘ ਆਹਲੂ ਦੀ ਜਥੇਦਾਰੀ ਹੇਠ ਬੂੜੀਆ ਘਾਟ ਤੋਂ ਜਮਨਾ ਟੱਪ ਪਿਆ। ਉਹਨਾਂ ਨਜੀਬੁੱਦੌਲਾ ਦੇ ਇਲਾਕੇ ਵਿਚ ਲੁੱਟ ਮਾਰ ਮਚਾ ਦਿੱਤੀ। ਹਾਫਿਜ਼ ਰਹਿਮਤ ਖ਼ਾਂ ਛੇ ਹਜ਼ਾਰ ਫ਼ੌਜ ਸਣੇ ਟਾਕਰੇ 'ਤੇ ਆਇਆ, ਪਰ ਹਾਰ ਕੇ ਨੱਸ ਗਿਆ। ਸਿੱਖਾਂ ਨੇ ਸਾਰਾ ਇਲਾਕਾ ਲੁੱਟ ਲਿਆ।

ਮਹੀਨਾ, ਡੇਢ ਮਹੀਨਾ ਦਿੱਲੀ ਦੇ ਘੇਰੇ ਨੂੰ ਹੋ ਗਿਆ, ਪਰ ਲੜਾਈ ਦਾ ਫ਼ੈਸਲਾ ਕੋਈ ਨਾ ਹੋਇਆ।

## ਸਿੱਖ, ਜਵਾਹਰ ਮੱਲ ਦੀ ਮਦਦ ਉੱਤੇ

ਸ਼ੁਰੂ ਜਨਵਰੀ, (1765 ਈ.) ਵਿਚ ਜਵਾਹਰ ਮੱਲ ਬੁੱਢੇ ਦਲ ਦੀ ਸ਼ਰਣ ਆਇਆ ਤੇ ਨਜ਼ਰਾਨਾ ਭੇਟ ਕੀਤਾ। ਬੁੱਢਾ ਦਲ ਉਸ ਦੀ ਮਦਦ ਵਾਸਤੇ ਚੜ੍ਹ ਪਿਆ। ਜਵਾਹਰ ਮੱਲ ਨੇ ਸਿੱਖਾਂ ਦਾ ਡੇਰਾ ਸਬਜ਼ੀ ਮੰਡੀ (ਦਿੱਲੀ) ਕਰਾਇਆ। 25 ਜਨਵਰੀ, 1765 ਈ. ਨੂੰ ਨਜੀਬੁੱਦੌਲਾ ਨੇ ਬਾਹਰ ਨਿਕਲ ਕੇ ਸਿੱਖਾਂ ਦੇ ਡੇਰੇ ਉੱਤੇ ਹਮਲਾ ਕੀਤਾ। ਬੜੀ ਸਖ਼ਤ ਲੜਾਈ ਹੋਈ ਤੇ ਦੋਹਾਂ ਧਿਰਾਂ ਦੇ ਕਈ ਜੁਆਨ ਮਾਰੇ ਗਏ। ਨਜੀਬੁੱਦੌਲਾ ਫੇਰ ਸ਼ਹਿਰ ਵਿਚ ਜਾ ਵੜਿਆ। ਨਜੀਬੁੱਦੌਲਾ ਨੇ ਅਬਦਾਲੀ ਨੂੰ ਮਦਦ ਵਾਸਤੇ ਬੁਲਾ ਘਲਿਆ ਸੀ, ਪਰ ਉਹਦੇ ਆਉਣ ਵਿਚ ਦੇਰ ਹੋ ਗਈ ਸੀ। ਏਧਰ ਮਰਹੱਟਿਆਂ, ਸਿੱਖਾਂ ਤੇ ਜਾਟਾਂ ਨੇ ਜ਼ੋਰ ਪਾਇਆ, ਤਾਂ ਨਜੀਬੁੱਦੌਲਾ ਨੇ ਜਵਾਹਰ ਮੱਲ ਨਾਲ ਸੁਲ੍ਹਾ ਕਰ ਲਈ।

## ਨਜੀਬ ਨੇ ਜਵਾਹਰਮੱਲ ਨੂੰ ਡੋਲਾ ਦਿੱਤਾ

ਸੁਲ੍ਹਾ ਦੀ ਸਭ ਤੋਂ ਵੱਡੀ ਸ਼ਰਤ ਇਹ ਸੀ, ਕਿ ਨਜੀਬੁੱਦੌਲਾ ਨੇ ਲੱਖਾਂ ਰੁਪੈ ਦੇ ਦਾਜ ਸਣੇ ਆਪਣੀ ਲੜਕੀ ਦਾ ਡੋਲਾ ਜਵਾਹਰ ਮੱਲ ਨੂੰ ਦਿੱਤਾ। ਮਗਰਲੇ ਨੇ ਦੋ ਲੱਖ ਨਜ਼ਰਾਨਾ ਦੇ ਕੇ ਸਿੱਖਾਂ ਨੂੰ ਵਿਦਿਆ ਕੀਤਾ। ਇਸ ਵੇਲੇ ਤਕ ਅਬਦਾਲੀ ਪੰਜਾਬ ਦੀ ਹੱਦ ਅੰਦਰ ਆ ਵੜਿਆ ਸੀ। ਸਿੱਖ ਉਸ ਦੇ ਟਾਕਰੇ ਵਾਸਤੇ ਮਾਝੇ ਨੂੰ ਆ ਗਏ।

## ਅਬਦਾਲੀ ਦਾ ਅੱਠਵਾਂ ਹਮਲਾ

ਪੰਜਾਬ ਉਤੇ ਸਿੱਖਾਂ ਦੇ ਕਬਜ਼ੇ ਦੀਆਂ ਖ਼ਬਰਾਂ ਗਈਆਂ ਤੇ ਨਜੀਬੁੱਦੌਲਾ ਦਾ ਦੂਤ ਮਦਦ ਵਾਸਤੇ ਪੁੱਜਾ, ਤਾਂ ਅਬਦਾਲੀ ਅਖ਼ੀਰ 1764 ਈ. ਵਿਚ ਪੰਜਾਬ ਉੱਤੇ ਚੜ੍ਹ ਆਇਆ। ਉਹ ਏਮਨਾਬਾਦ ਤੋਂ ਅਗਾਂਹ ਲੰਘਿਆ, ਤਾਂ ਨਾਸਰ ਖ਼ਾਂ ਬਲੋਚ (ਕੁਲਾਤ ਵਾਲਾ) ਸਣੇ ਫ਼ੌਜ ਉਹਨੂੰ ਆ ਮਿਲਿਆ। ਉਸ ਦੇ ਨਾਲ 'ਜੰਗਨਾਮਾ' ਦਾ ਕਰਤਾ ਕਾਜ਼ੀ ਨੂਰ ਮੁਹੰਮਦ ਵੀ ਸੀ। ਉਹ ਦਸੰਬਰ ਵਿਚ ਲਾਹੌਰ ਪੁੱਜੇ। ਸਿੱਖ ਉਸ ਦੇ ਆਉਣ ਤੋਂ ਪਹਿਲਾਂ ਹੀ ਜੰਗਲਾਂ ਨੂੰ ਨੱਸ ਗਏ ਸਨ।

## ਚੜ੍ਹਤ ਸਿੰਘ ਨੇ ਡੇਰਾ ਲੁੱਟਿਆ

ਅਬਦਾਲੀ ਦਾ ਸਾਮਾਨ ਖ਼ੁਰਾਕ ਦਾ ਡੇਰਾ ਸ਼ਹਿਰੋਂ ਬਾਹਰ ਸੀ, ਜਿਸ ਦੀ ਰਾਖੀ ਅਹਿਮਦ ਖ਼ਾਂ ਤੇ ਗੁਹਰਾਮ ਖ਼ਾਂ ਕਰ ਰਹੇ ਸਨ। ਸਿੱਖਾਂ ਦੇ ਇਕ ਜੱਥੇ ਨੇ ਹਮਲਾ ਕਰ ਕੇ ਅਹਿਮਦ ਖ਼ਾਂ ਨੂੰ ਕਤਲ ਕਰ ਦਿੱਤਾ ਤੇ ਬਹੁਤ ਸਾਰਾ ਸਾਮਾਨ ਲੁੱਟਿਆ। ਖ਼ਬਰ ਪਾ ਕੇ ਨਾਸਰ ਖ਼ਾਂ ਬਲੋਚ ਵੀ ਆ ਪੁੱਜਾ, ਜੋ ਸ: ਚੜ੍ਹਤ ਸਿੰਘ ਦੇ ਜੱਥੇ ਨਾਲ ਸਾਰਾ ਦਿਨ ਲੜਦਾ ਰਿਹਾ। ਰਾਤ ਪਈ, ਤਾਂ ਸਿੱਖ ਜੰਗਲਾਂ ਨੂੰ ਚਲੇ ਗਏ ਤੇ ਨਾਸਰ ਖ਼ਾਂ ਵਾਪਸ ਮੁੜ ਗਿਆ।

## ਅਬਦਾਲੀ ਦਾ ਅੰਮ੍ਰਿਤਸਰ 'ਤੇ ਧਾਵਾ

ਡੇਰਾ ਲਾਹੌਰ ਛੱਡ ਕੇ ਅਬਦਾਲੀ ਨੇ ਅੰਮ੍ਰਿਤਸਰ 'ਤੇ ਧਾਵਾ ਕੀਤਾ। ਉਸ ਦੇ ਆਉਣ ਤੋਂ ਪਹਿਲਾਂ ਹੀ ਸਿੱਖ ਓਥੋਂ ਚਲੇ ਗਏ ਸਨ। ਕਿਲ੍ਹਾ ਰਾਮ ਗੜ੍ਹ ਵਿਚ ਕੇਵਲ ਤੀਹ ਸਿੱਖ ਰਹਿ ਗਏ ਸਨ। ਜਦ ਦੁਰਾਨੀ ਫ਼ੌਜਾਂ ਨੇੜੇ ਪੁੱਜੀਆਂ, ਉਹਨਾਂ ਤੀਹਾਂ ਨੇ ਹੀ 'ਸਤਿ ਸ੍ਰੀ ਅਕਾਲ' ਤੇ 'ਰਾਜ ਕਰੇਗਾ ਖ਼ਾਲਸਾ' ਦੇ ਜੈਕਾਰੇ ਛੱਡ ਕੇ ਵੈਰੀ ਉੱਤੇ ਧਾਵਾ ਬੋਲ ਦਿੱਤਾ। ਕਿੰਨੀ ਨਿਡਰਤਾ ਤੇ ਦਲੇਰੀ ਸੀ ਉਹਨਾਂ ਸੂਰਮਿਆਂ ਵਿਚ, ਜੋ ਸ਼ਹੀਦੀ ਪ੍ਰਾਪਤ ਕਰਨ ਵਾਸਤੇ, ਹਜ਼ਾਰਾਂ ਵੈਰੀਆਂ, ਤੇ ਸਮੇਂ ਦੇ ਵੱਡੇ ਜਰਨੈਲ-ਅਹਿਮਦ ਸ਼ਾਹ ਅਬਦਾਲੀ-ਨਾਲ ਟਾਕਰਾ ਕਰਨ ਵਾਸਤੇ ਛਾਤੀਆਂ ਡਾਹ ਖਲੇ। ਉਹ ਤੀਹੇ ਸਿੱਖ-ਕਈਆਂ ਨੂੰ ਮਾਰ ਕੇ-ਸ਼ਹੀਦ ਹੋ ਗਏ, ਪਰ ਵੈਰੀ ਦੇ ਦਿਲ ਉੱਤੇ ਸਿੱਖਾਂ ਦੀ ਬਹਾਦਰੀ ਦੀ ਮੋਹਰ ਲਾ ਗਏ। ਘਲੂਘਾਰੇ ਦਾ ਤਬਾਹ ਕੀਤਾ ਹੋਇਆ ਅੰਮ੍ਰਿਤਸਰ, ਸਿੱਖਾਂ ਨੇ ਕੁਛ ਥੋੜ੍ਹਾ ਜਿਹਾ ਬਣਾਇਆ ਸੀ, ਜੋ ਅਬਦਾਲੀ ਨੇ ਦੁਬਾਰਾ ਤਬਾਹ ਕਰ ਦਿੱਤਾ ਤੇ ਵਾਪਸ ਲਾਹੌਰ ਆ ਗਿਆ।

## ਅਬਦਾਲੀ ਬਟਾਲੇ ਪੁੱਜਾ

ਸਣੇ ਡੇਰੇ ਅਬਦਾਲੀ ਲਾਹੌਰੋਂ ਬਟਾਲੇ ਨੂੰ ਤੁਰਿਆ ਤੇ ਪੰਦਰਾਂ ਦਿਨਾਂ ਵਿਚ-ਛਪੰਜਾ ਮੀਲ ਪੰਧ ਕਰ ਕੇ-ਬਟਾਲੇ ਪੁੱਜਾ। ਉਸ ਨੇ ਫ਼ੌਜ ਨੂੰ ਹੁਕਮ ਦਿੱਤਾ, ਕਿ ਇਹ ਮੁਲਕ ਕਾਫ਼ਰਾਂ ਦਾ ਹੈ, ਸੋ ਚੰਗੀ ਤਰ੍ਹਾਂ ਲੁੱਟੋ। ਹੁਕਮ ਦੀ ਦੇਰ ਸੀ, ਸਾਰਾ ਮੁਲਕ ਤਬਾਹ ਕਰ ਦਿੱਤਾ ਗਿਆ। ਪਿੰਡਾਂ ਦੇ ਲੋਕ ਘਰ ਘਾਟ ਛੱਡ ਕੇ ਪਹਾੜਾਂ ਨੂੰ ਨੱਸ ਗਏ। ਕੁਛ ਦਿਨ ਬਟਾਲੇ ਰਹਿ ਕੇ ਅਬਦਾਲੀ ਬਿਆਸ ਤੋਂ ਪਾਰ ਟਪਿਆ। ਉਹ ਦੁਬਾਰਾ ਜਲੰਧਰ ਵਿਚ ਵੜਿਆ ਹੀ ਸੀ, ਜਾਂ ਉਸ ਦੀ ਹਰਾਵਲ ਫ਼ੌਜ ਉੱਤੇ ਸਿੱਖਾਂ ਆ ਹਮਲਾ ਕੀਤਾ।

## ਜਹਾਨ ਖ਼ਾਂ ਉੱਤੇ ਸਿੱਖਾਂ ਦਾ ਹਮਲਾ

ਜਹਾਨ ਖ਼ਾਂ ਸਿੱਖਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਹ ਅੱਗੇ ਵਧਣ ਦੀ ਥਾਂ ਆਪਣੇ ਪੈਰਾਂ 'ਤੇ ਖਲੋਤਾ ਕੇਵਲ ਆਪਣਾ ਆਪ ਬਚਾਉਣ ਬਦਲੇ ਲੜਦਾ ਰਿਹਾ। ਨਾਸਰ ਖ਼ਾਂ ਬਲੋਚ ਵੀ ਉਸ ਦੀ ਮਦਦ ਵਾਸਤੇ ਪਹੁੰਚ ਗਿਆ, ਪਰ ਫੇਰ ਵੀ ਉਹ ਜਵਾਬੀ ਹਮਲਾ -ਚਲਦਾ




ਬਲਕਾਰ ਸਿੰਘ (ਪ੍ਰੋਫੈਸਰ)

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਅਤੇ ਹਾਸ਼ੀਏ ਵਰਗੀ ਦਵੈਤ ਨਾਲ ਘੜਮਸ ਪੈਦਾ ਹੋ ਸਕਦੀ ਹੈ।

- ਇਸ ਨੂੰ ਸੰਭਾਲਣ ਦੀ ਪਹਿਲ ਅਕਾਦਮੀਸ਼ਨਾ ਨੂੰ ਕਰਨੀ ਚਾਹੀਦੀ ਹੈ। ਅਜਿਹਾ ਆਈਡੀਆ ਐਂਡ ਆਈਡਿਆਲੋਜੀ ਨੂੰ ਸਮੇਂ ਦੇ ਹਾਣ ਦਾ ਉਸਾਰ ਕੇ ਹੀ ਕੀਤਾ ਜਾ ਸਕਦਾ ਹੈ। ਕੀਤਾ ਹੋਇਆ ਇਹ ਕੰਮ ਜੇ ਸਮਕਾਲੀ ਵਾਰਸਾਂ ਦੀ ਚੇਤਨਾ ਵਿਚ ਰਮ ਕੇ ਸੁਪਿਨਆਂ ਨੂੰ ਸਾਕਾਰ ਕਰਨ ਵਾਲੇ ਰਾਹ ਨਹੀਂ ਪੈਂਦਾ ਤਾਂ ਬੌਧਿਕਤਾ, 'ਸਿਧ ਛਪ ਬੈਠੇ ਪਰਬਤੀਂ" ਵਾਲੇ ਰਾਹ ਪੈ ਜਾਂਦੀ ਹੈ ਅਤੇ ਹਰ ਕਿਸਮ ਦੇ ਅਪੂਰਣ ਦੀਆਂ ਸਥਿਤੀਆਂ ਪੈਦਾ ਹੋ ਜਾਂਦੀਆਂ/ਸਕਦੀਆਂ/ਜਾਣਗੀਆਂ ਹਨ।
- ਸਿਖ-ਸਿਧਾਂਤਕੀ ਵਿਚ ਧਰਮ ਦੇ ਸ਼ਸ਼ਕਤੀਕਰਣ ਦੇ ਬਿੰਬ ਸੰਭਾਲੇ ਹੋਏ ਹਨ। ਇਨ੍ਹਾਂ ਦੀਆਂ ਸੰਭਾਵਨਾਵਾਂ ਨੂੰ ਸਮਝੌਤਿਆਂ ਨਾਲ, ਸਿਆਸਤ ਨਾਲ ਜਾਂ ਚਲਾਕੀਆਂ ਨਾਲ ਪਕੇ ਪੈਰੀਂ ਨਹੀਂ ਉਸਾਰਿਆ ਜਾ ਸਕਦਾ। ਇਹ ਰਾਹ ਜੂਝਣ ਵਲ ਸੇਧਤ ਤਾਂ ਹੈ ਪਰ ਕਿਸੇ ਕਿਸਮ ਦੀ ਵਧੀਕੀ ਦੀ ਆਗਿਆ ਨਹੀਂ ਦੇਂਦਾ। ਬਸ ਨਮੋ ਦੀ ਆਗਿਆ ਹੈ, ਅੰਨ੍ਹੇ ਸ਼ਰਧਾਲੂਆਂ ਵਾਂਗ ਨਹੀਂ ਜਾਗੇ ਹੋਏ ਵਾਰਸਾਂ ਵਾਂਗ:

  ਜ਼ਿਆਰਤ ਕਰੋ, ਸਿਰ ਝੁਕਾਉ,  
  ਆਂਸੂ ਬਹਾਉ ਪਿਆਰ ਮੇਂ  
  ਦੋ ਬਚੇ ਜ਼ਿੰਦਾ ਦਫਨ (ਹੈਂ) ਸਰਹੰਦ  
  ਕੀ ਦੀਵਾਰ ਮੇਂ

  ਏਸੇ ਦਾ ਸਮਰਥਨ ਕਰਦਾ ਹੈ ਇਹ ਗੀਤ-

  ਸਰਹੰਦ ਨੂੰ ਜੇ ਚਲੇ ਹੋ ਮੇਰੇ ਪਿਆਰਿਉ,  
  ਮੇਰੇ ਲਾਲ ਦੇ ਨਾਲ ਰਲ ਕੇ ਰਾਤ ਗੁਜ਼ਾਰਿਉ

  -ਗੁਰੂ-ਪਿਤਾ ਦੇ ਹੁੰਦਿਆਂ ਗੁਰੂ-ਸੁਤ ਵਾਂਗ ਵਿਚਰਦਿਆਂ ਗੁਰੂ-ਜੋਤਿ ਦੇ ਸੰਕੇਤ ਮਿਲ ਗਏ ਸਨ।
- ਗੁਰ-ਇਤਿਹਾਸ ਵਿਚ ਦਿਭਤਾ-ਬਿੰਬ ਦਾ ਪ੍ਰਗਟਾਵਾ ਜਿਸ ਤਰ੍ਹਾਂ ਦਸਮ ਪਾਤਸ਼ਾਹ ਹਜ਼ੂਰ ਰਾਹੀਂ ਹੋਇਆ, ਉਹ ਆਪਣੇ ਵਰਗਾ ਆਪ ਸੀ। ਗੁਰੂ-ਪਰੰਪਰਾ ਦੀ ਨਿਰੰਤਰਤਾ ਵਿਚ ਉਹ ਕ੍ਰਿਸ਼ਨ ਪੂਜਕਾਂ ਨੂੰ ਕ੍ਰਿਸ਼ਨ ਲਗਦੇ ਸਨ ਅਤੇ ਬਿਹਾਰ ਦੀਆਂ ਗਲੀਆਂ ਵਿਚ ਉਹ ਕ੍ਰਿਸ਼ਨ-ਲੀਲ੍ਹਾ ਦੇ ਸ੍ਰੋਤ ਵਾਂਗ ਵਿਚਰਦੇ ਰਹੇ ਸਨ।
- ਦਸਮ ਪਾਤਸ਼ਾਹ ਜਿਥੇ ਵੀ ਹੁੰਦੇ ਸਨ, ਉਥੋਂ ਦਾ ਮਾਹੌਲ ਉਨ੍ਹਾਂ ਦੇ ਰੰਗ ਵਿਚ ਰੰਗਿਆ ਜਾਂਦਾ ਸੀ। ਵਖ ਵਖ ਦੇਵਿਤਆਂ ਦੇ ਭਗਤਾਂ ਨੂੰ ਦਸਮ ਪਾਤਸ਼ਾਹ ਜੀ ਦੇ ਬਚਪਨ ਵਿਚੋਂ ਆਪਣੇ ਆਪਣੇ ਦੇਵਤੇ ਦੇ ਰੰਗ ਨਜ਼ਰ ਆਉਣ ਲਗ ਪਏ ਸਨ। ਇਹ ਦਿਭਤਾ ਦੀ ਉਸ ਪ੍ਰਤਾਪੀ ਪ੍ਰਚੰਡਤਾ ਕਰਕੇ ਵਾਪਰਿਆ ਸੀ, ਜਿਸ ਦੀ ਪ੍ਰਤਿਨਧਤਾ ਲਗਾਤਾਰ ਨਾਨਕ-ਜੋਤਿ ਕਰਦੀ ਆ ਰਹੀ ਸੀ।

**ਨਤੀਜਾ ਇਹ ਕਢਿਆ ਜਾ ਸਕਦਾ ਹੈ:**

1. ਦਸਮ ਪਾਤਸ਼ਾਹ ਜੀ ਨੇ ਪਟਨਾ ਸਾਹਿਬ ਨੂੰ ਜਨਮ ਭੂਮੀ ਚੁਣ ਕੇ ਬਿਹਾਰ ਦੀ ਧਰਤੀ ਤੇ ਅਧਿਆਤਿਮਕ-ਜ਼ਰਖੇਜ਼ੀਅਤ ਦਾ ਬੀਜ ਸਿੱਖ-ਸੁਰ ਵਿਚ ਬੀਜ ਦਿਤਾ ਸੀ। ਇਹ ਬਿਹਾਰੀ-ਸਭਿਆਚਾਰ ਨੂੰ ਸਿੱਖ-ਸੀਭਆਚਾਰ ਦੇ ਰੰਗ ਵਿਚ ਰੰਗ ਦੇਣਾ ਸੀ। ਇਸ ਦਾ ਪ੍ਰਗਟਾਵਾ ਨਤੀਸ਼ ਦੇ ਹਥੋਂ ਹੋ ਚੁਕਾ ਹੈ ਕਿਉਂਕਿ ਪਟਨਾ, ਸਾਰੇ ਬਿਹਾਰ ਦੇ ਰੰਗ ਦਾ ਬਿੰਬ ਹੋ ਗਿਆ ਸੀ।
2. ਦਸਮ ਪਾਸ਼ਾਹ ਜੀ ਦੋਹਾਂ ਸਿਰਿਆਂ ਦੇ ਸਵਾਮੀ ਸਨ। ਇਸ ਦਾ ਪ੍ਰਗਟਾਵਾ ਭਾਈ ਨੰਦ ਲਾਲ ਨੇ 'ਨਾਸਰੋ ਮਨਸੂਰ' ਰਾਹੀਂ ਕੀਤਾ, ਅਲਾ ਯਾਰ ਖਾਂ ਜੋਗੀ ਨੇ 'ਸ਼ਹੀਦਾਨੇ ਵਫਾ' ਰਾਹੀਂ ਕੀਤਾ ਅਤੇ ਹਤਕਾਰ/ਕਲਾਕਾਰ ਲਗਾਤਾਰ ਕਰਦੇ ਜਾ ਰਹੇ ਹਨ।
3. ਭਾਰਤੀ ਪ੍ਰਸੰਗ ਵਿਚ ਦਸਮ ਪਾਤਸ਼ਾਹ ਦੀ ਅਧਿਆਤਿਮਕ ਯਾਤਰਾ ਨੂੰ ਜਮਨਾ ਤੋਂ ਗੋਦਾਵਰੀ ਤਕ ਦੀ ਯਾਤਰਾ ਵਾਂਗ ਵੇਖਿਆ ਜਾ ਸਕਦਾ ਹੈ। ਇਹ ਕੌਮੀਅਤ ਦੀ ਨੀਂਹ ਰਖੀ ਗਈ ਸੀ ਅਤੇ ਧਰਮ ਨੂੰ ਧਰਮ ਦੀਆਂ ਹਦਬੰਦੀਆਂ ਤੋਂ ਮੁਕਤ ਕਰਨ ਦੀ ਮੁਹਿੰਮ ਸ਼ੁਰੂ ਕਰ ਦਿਤੀ ਸੀ। ਸੀ ਨੂੰ ਹੈ ਵਿਚ ਤਬਦੀਲ ਕਰਨ ਵਾਲਾ ਇਕ ਕਦਮ ਨਤੀਸ਼ ਦੀ ਅਗਵਾਈ ਵਿਚ ਪੁਟਿਆ ਜਾ ਚੁਕਾ ਹੈ। ਇਸ ਦੀ ਲਗਾਤਾਰਤਾ ਭਾਰਤ ਨੂੰ ਲੋੜੀਂਦੀ ਮੁਕਤੀ ਵਲ ਜਾਏਗਾ।
4. ਆਮ ਬੰਦੇ ਤੋਂ ਖਾਲਸਾ ਵਲ ਸ਼ੁਰੂ ਹੋਇਆ ਸਿਖ-ਸਫਰ, ਸਿਧਾਂਤ ਰੂਪ ਵਿਚ ਮਾਨਵਤਾ ਵਲ ਸੇਧਤ ਹੈ। ਜਿਵੇਂ ਇਹ ਸਫਰ ਸਿੱਖ ਤੋਂ ਖਾਲਸੇ ਦਾ ਸਫਰ ਤਹਿ ਕਰ ਚੁਕਾ ਹੈ, ਉਵੇਂ ਹੀ ਖਾਲਸੇ ਤੋਂ ਸਿੱਖ ਵਲ ਯਾਤਰਾ ਸ਼ੁਰੂ ਕਰਕੇ, ਪਹਿਲਾਂ ਸ਼ਹਿਰੀ, ਫਿਰ ਰਾਸ਼ਟਰੀ-ਸ਼ਹਿਰੀ ਅਤੇ ਫਿਰ ਅੰਤਰਰਾਸ਼ਟਰੀ-ਸ਼ਹਿਰੀ ਹੋ ਸਕਣ ਦੀ ਸਿੱਖ-ਸੋਚ ਨੂੰ ਸਾਹਮਣੇ ਲਿਆਂਦੇ ਜਾਣ ਦੀ ਲੋੜ ਹੈ, ਕਿਉਂਕਿ ਦੁਨੀਆਂ ਦੇ ਇਕ ਪਿੰਡ ਵਾਂਗ ਹੋ ਜਾਣ ਕਰਕੇ ਮਲਟੀਕਲਚਰਲ ਭਾਈਚਾਰਿਆਂ ਨੂੰ ਅਜਿਹੀ ਸਿਧਾਂਤਕੀ ਦੀ ਲੋੜ ਹੈ, ਜਿਹੋ ਜਿਹੀ ਸਿਧਾਂਤਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸਾਹਮਣੇ ਆ ਚੁਕੀ ਹੈ।
5. ਅਜਿਹਾ ਏਜੰਡੇ ਦੀ ਨਿਸ਼ਾਨਦੇਹੀ ਨਾਲ ਹੀ ਹੋ ਸਕੇਗਾ। ਲਕੜ ਤੋਂ ਪੜ੍ਹਣ ਵਾਲੀ ਫਟੀ ਬਨਾਉਣੀ ਹੈ ਕਿ ਕਿਸੇ ਦੀ ਕੁਹਾੜੀ ਦਾ ਦਸਤਾ ਬਨਾਉਣਾ ਹੈ, ਇਸ ਦਾ ਫੈਸਲਾ ਹੀ ਏਜੰਡੇ ਦੀ ਨਿਸ਼ਾਨਦੇਹੀ ਹੈ। ਇਹ ਰਾਹ ਸਿਧਾਂਤਕੀ ਵਲ ਨੂੰ ਜਾਂਦਾ ਹੈ।
6. ਪ੍ਰਤਾਪੀ-ਦਿਭਤਾ ਨੂੰ ਸੰਸਾਰ ਵਿਚ ਪਰਵੇਸ਼ ਕਰਨ ਵਾਸਤੇ ਬਿੰਦ (ਪਿਤਾ) ਅਤੇ ਕੁਖ (ਮਾਤਾ) ਅਹਿਮ ਭਿਮਕਾ ਨਭਾਉਂਦੇ ਹਨ। ਜੀਨ-ਪ੍ਰਕਾਸ਼ਨਾ ਦੇ ਆਮ ਅਤੇ ਪਰੰਪਰਕ ਪ੍ਰਗਟਾਵਿਆਂ ਵਿਚ ਦਿਭ-ਵਿਲਖਣਤਾਵਾਂ ਕਿਵੇਂ ਵਾਪਰਦੀਆਂ ਹਨ, ਇਸ ਨੂੰ ਦਸਮ ਪਾਤਸ਼ਾਹ ਜੀ ਦੇ ਹਵਾਲੇ ਨਾਲ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ: ਦਿਭਤਾ, ਵਿਆਖਿਅਤ ਹੈ ਕਿਰਪਾ ਦੇ ਸਾਗਰ ਅਤੇ ਦਇਆ ਦੇ ਘਰ ਵਜੋਂ- 'ਦਇਆ ਨਿਧਿ ਦਿਆਲੰ। ਸਦਾਯੰ ਕਿਰਪਾਲੰ।'(ਬਚਿਤ੍ਰ ਨਾਟਕ)
7. ਲਿੰਗ ਭੇਦ ਨੇ ਬਹੁਤ ਪੁਆੜੇ ਪਾਏ ਹਨ ਅਤੇ ਗੁਰੂ-ਚਿੰਤਨ ਵਿਚ ਨਾਦੀ ਅਤੇ ਬਿੰਦੀ ਦੇ ਚਕਰ ਨੂੰ ਹੀ ਤੋੜ ਦਿਤਾ ਹੈ ਅਤੇ ਇਸ ਵਾਸਤੇ 'ਏਕ ਪਿਤਾ ਏਕਸ ਕੇ ਹਮ ਬਾਰਕ' ਦਾ ਸਿਖ-ਸਿਧਾਂਤ ਸਥਾਪਤ ਕਰ ਦਿਤਾ ਹੈ। ਮਾਨਵਤਾ ਨੂੰ ਅਧਿਆਤਮ ਆਧਾਰਤ ਲੜੀ ਵਿਚ ਪ੍ਰੋਣ ਵਾਸਤੇ 'ਪਿਤਾ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਕੌਰ ਅਤੇ ਵਾਸੀ ਅਨੰਦਪੁਰ ਸਾਹਿਬ' ਦੀ ਸਿੱਖ-ਸਿਧਾਂਤਕੀ ਪ੍ਰਾਪਤ ਮਾਨਵੀ-ਨਾਨਤਵ ਨੂੰ ਰਲ ਮਿਲ ਕੇ ਤੁਰਨ ਵਾਸਤੇ ਸਹਾਇਤਾ ਕਰ ਸਕਦੀ ਹੈ। - ਚਲਦਾ

idea immigration

Super Visas
PNPs

iccrc crcic
EXPRESS ENTRY
Canada's Express Entry immigration

ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ

- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ,ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਨੂੰ ਕੈਨੇਡਾ ਬੁਲਾਓ। ਵਰਕ ਪਰਮਿਟ ਤੇ ਫੈਮਲੀ ਵੀ ਨਾਲ ਆ ਸਕਦੀ ਹੈ।
- ਵਿਆਹ ਸ਼ਾਦੀਆਂ ਤੇ ਰਫਿਊਜੀ ਕੇਸਾਂ 'ਚ ਅਪੀਲ
  ਆਪਣੇ ਮਾਤਾ -ਪਿਤਾ ਨੂੰ ਕੈਨੇਡਾ ਵਿੱਚ ਪੱਕੇ ਕਰਵਾਉਣ ਲਈ
- ਕੈਨੇਡਾ ਦੇ ਆਰਜ਼ੀ ਵੱਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
- ਇੰਜੀਨੀਅਰ, ਕੰਪਿਊਟਰ ਪ੍ਰੋਗਰਾਮਰ, ਟਰੱਕ ਡਰਾਇਵਰਾਂ ਦੀ ਜ਼ਰੂਰਤ
- ਕੈਨੇਡਾ ਦੇ ਇੰਮੀਗ੍ਰੇਸ਼ਨ ਮਹਿਕਮੇਂ ਵੱਲੋਂ ਅਰਜ਼ੀਆਂ ਲੈਣੀਆਂ ਸ਼ੁਰੂ
- ਵਿਜ਼ਟਰ ਵੀਜ਼ੇ ਤੇ ਆਏ , ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ



ਹੋਰ ਜਾਣਕਾਰੀ ਲਈ ਸੰਪਰਕ ਕਰੋ:
NAVNEET SHARMA
778-320-0620

Phone :604-597-1119 | Fax:604-593-5099
York Centre#209-7928, 128St. Surrey BC V3W 4E8
info@ideaimmigration.com | www.ideaimmigration.com


# ਕੈਨੇਡਾ ਵਿੱਚ ਪਹਿਲੀ ਵਾਰ ਵਿਕਟੋਰੀਆ ਦੇ ਊਬਰ ਡਰਾਈਵਰਾਂ ਨੂੰ ਮਿਲਿਆ ਯੂਨੀਅਨ ਕੰਟਰੈਕਟ

## 1000 ਤੋਂ ਵੱਧ ਊਬਰ ਡਰਾਈਵਰਾਂ ਲਈ ਇਤਿਹਾਸਕ ਸਮਝੌਤਾ ਪਾਸ, ਊਬਰ ਨਾਲ 4 ਸਾਲ ਦਾ ਇਕਰਾਰਨਾਮਾ ਤੈਅ




ਸਰੀ, (ਦਿਵਰੂਪ ਕੌਰ): ਵਿਕਟੋਰੀਆ ਵਿੱਚ ਪਿਛਲੇ 2 ਸਾਲਾਂ ਤੋਂ ਊਬਰ ਚਲਾ ਰਹੇ ਅਮਨਿੰਦਰ ਸਿੰਘ ਦਾ ਕਹਿਣਾ ਹੈ ਕਿ ਇਹ ਕੰਮ ਕਾਫੀ ਤਣਾਅਪੂਰਨ ਹੋ ਸਕਦਾ ਹੈ। ਉਹਨਾਂ ਨੇ ਸਵਾਰੀਆਂ ਵੱਲੋਂ ਨਸਲਵਾਦ ਅਤੇ ਝੂਠੀਆਂ ਸ਼ਿਕਾਇਤਾਂ ਦਾ ਸਾਹਮਣਾ ਕੀਤਾ ਹੈ। ਅਮਨਿੰਦਰ ਨੇ ਕਿਹਾ ਕਿ ਪਹਿਲਾਂ ਉਹਨਾਂ ਕੋਲ ਅਜਿਹਾ ਕੋਈ ਪਲੇਟਫਾਰਮ ਨਹੀਂ ਸੀ ਜਿੱਥੇ ਉਹ ਆਪਣੀ ਸਮੱਸਿਆ ਰੱਖ ਸਕਣ। ਪਰ ਪਿਛਲੇ ਸਾਲ ਯੂਨੀਅਨ ਬਣਨ ਤੋਂ ਬਾਅਦ, ਅਮਨਿੰਦਰ ਅਤੇ ਬੀਸੀ ਦੀ ਰਾਜਧਾਨੀ ਦੇ 1000 ਤੋਂ ਵੱਧ ਡਰਾਈਵਰਾਂ ਨੇ 28 ਅਪ੍ਰੈਲ ਨੂੰ ਇੱਕ ਸਮੂਹਿਕ ਸਮਝੌਤੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਸਮਝੌਤਾ ਯੂਨਾਈਟਿਡ ਫੂਡ ਐਂਡ ਕਮਰਸ਼ੀਅਲ ਵਰਕਰਜ਼ ਲੋਕਲ 1518 ਅਤੇ ਊਬਰ ਵਿਚਾਲੇ ਹੋਇਆ ਹੈ। ਹੁਣ ਵਿਕਟੋਰੀਆ ਵਿੱਚ ਊਬਰ ਡਰਾਈਵਰਾਂ ਨੂੰ ਪੂਰੀਆਂ ਕੀਤੀਆਂ ਸਵਾਰੀਆਂ ਦੇ ਆਧਾਰ 'ਤੇ ਸਾਈਨਿੰਗ ਅਤੇ ਤਿਮਾਹੀ ਬੋਨਸ ਮਿਲੇਗਾ। ਇਸ ਤੋਂ ਇਲਾਵਾ ਫੀਸਾਂ ਵਿੱਚ 5 ਫੀਸਦੀ ਸਾਲਾਨਾ ਵਾਧਾ, ਸਿਹਤ ਲਾਭਾਂ ਲਈ 500 ਡਾਲਰ ਅਤੇ ਵਿਵਾਦ ਨਿਪਟਾਰੇ ਲਈ ਇੱਕ ਰਸਮੀ ਪ੍ਰਕਿਰਿਆ ਵੀ ਮਿਲੇਗੀ। 4 ਸਾਲ ਲਈ ਲਾਗੂ ਰਹਿਣ ਵਾਲਾ ਇਹ ਸਮਝੌਤਾ ਊਬਰ ਈਟਸ ਡਰਾਈਵਰਾਂ ਵਰਗੇ ਡਿਲੀਵਰੀ ਕਾਮਿਆਂ 'ਤੇ ਲਾਗੂ ਨਹੀਂ ਹੋਵੇਗਾ। ਕੈਨੇਡਾ ਵਿੱਚ ਊਬਰ ਯੂਨੀਅਨ ਬਣਾਉਣ ਦਾ ਸੰਘਰਸ਼ ਕਈ ਸਾਲਾਂ ਤੋਂ ਚੱਲ ਰਿਹਾ ਸੀ। ਡਰਾਈਵਰਾਂ ਨੇ ਲੰਬੇ ਸਮੇਂ ਤੱਕ ਕੰਮ ਕਰਨ ਦੇ ਬਾਵਜੂਦ ਘੱਟ ਤਨਖਾਹ ਮਿਲਣ ਅਤੇ ਖਾਤੇ ਬੰਦ ਹੋਣ ਦੀਆਂ ਸ਼ਿਕਾਇਤਾਂ ਕੀਤੀਆਂ ਸਨ। ਮਜ਼ਦੂਰ ਮਾਮਲਿਆਂ ਦੇ ਵਕੀਲ ਮਾਈਕਲ ਰਾਈਟ ਨੇ ਕਿਹਾ ਕਿ ਇਹ ਨਵਾਂ ਕੰਟਰੈਕਟ ਇੱਕ ਅਹਿਮ ਪ੍ਰਾਪਤੀ ਹੈ ਕਿਉਂਕਿ ਇਸ ਖੇਤਰ ਨੂੰ ਸੰਗਠਿਤ ਕਰਨਾ ਕਾਫੀ ਚੁਣੌਤੀਪੂਰਨ ਹੈ। ਵਿਕਟੋਰੀਆ ਦੇ ਡਰਾਈਵਰ ਕੈਨੇਡਾ ਵਿੱਚ ਊਬਰ ਨਾਲ ਯੂਨੀਅਨ ਕੰਟਰੈਕਟ ਪ੍ਰਾਪਤ ਕਰਨ ਵਾਲੇ ਪਹਿਲੇ ਕਾਮੇ ਹਨ। ਊਬਰ ਕੈਨੇਡਾ ਨੇ ਕਿਹਾ ਕਿ ਉਹ ਇਸ ਸਮਝੌਤੇ ਤੋਂ ਖੁਸ਼ ਹਨ ਅਤੇ ਇਹ ਕਾਮਿਆਂ ਨੂੰ ਲਚਕਤਾ ਦੇਣ ਅਤੇ ਬਿਹਤਰ ਨੁਮਾਇੰਦਗੀ ਦਾ ਹਿੱਸਾ ਹੈ। ਵਿਕਟੋਰੀਆ ਦੇ ਡਰਾਈਵਰਾਂ ਦੀ ਯੂਨੀਅਨ ਬਣਨ ਪਿੱਛੇ 2023 ਵਿੱਚ ਬੀਸੀ ਦੇ ਰੁਜ਼ਗਾਰ ਕਾਨੂੰਨ ਵਿੱਚ ਹੋਇਆ ਇੱਕ ਬਦਲਾਅ ਹੈ। ਇਸ ਬਦਲਾਅ ਤਹਿਤ ਆਨਲਾਈਨ ਪਲੇਟਫਾਰਮ ਕਾਮਿਆਂ ਨੂੰ ਆਜ਼ਾਦ ਠੇਕੇਦਾਰਾਂ ਦੀ ਬਜਾਏ ਕਰਮਚਾਰੀ ਮੰਨਿਆ ਗਿਆ ਸੀ। ਕੈਨੇਡਾ ਦੇ ਬਾਕੀ ਹਿੱਸਿਆਂ ਵਿੱਚ ਅਜੇ ਤੱਕ ਰਾਈਡ ਸ਼ੇਅਰ ਕਾਮਿਆਂ ਦੀ ਸੁਰੱਖਿਆ ਲਈ ਕਾਨੂੰਨ ਵਿੱਚ ਅਜਿਹੇ ਠੋਸ ਬਦਲਾਅ ਨਹੀਂ ਕੀਤੇ ਗਏ ਹਨ। This report was written by Divroop Kaur as part of the Local Journalism Initiative.


SCOTT-75 MEDICAL CLINIC SURREY



DOCTORS AVAILABLE

Clinic Hours: Monday To Friday
9:00 AM To 4:00 PM

#102-8585 160St Surrey, BC V4N 0Y3
7500-120th Street , Unit 113 Surrey ,B.C. V3W 3N1

YOUR HEALTH IS OUR PRIORITY

BOOK YOUR VISIT ONLINE
Go to fleetwood.cortico.ca ⇨ Scott 75 medical ⇨ Dr. Marotta walk in ⇨ Enter your info ⇨ Book your meet and greet visit.

Ph:604-503-1159

E-mail : fleetwoodmedical102@gmail.com



# ਤੁਹਾਡੀ ਜਨਗਣਨਾ। ਤੁਹਾਡੀ ਕਮਿਊਨਿਟੀ। ਸਾਡਾ ਭਵਿੱਖ।


ਤੁਹਾਡੇ ਜਵਾਬ ਤੁਹਾਡੀ ਕਮਿਊਨਿਟੀ ਵਿੱਚ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਯੋਜਨਾ ਬਣਾਉਣ ਵਿੱਚ ਮਦਦ ਕਰਦੇ ਹਨ।

**ਆਪਣੀ ਜਨਗਣਨਾ ਅੱਜ ਹੀ ਪੂਰੀ ਕਰੋ**—ਇਹ ਭਰਨ ਵਿੱਚ ਆਸਾਨ ਹੈ ਅਤੇ ਪੂਰੀ ਤਰ੍ਹਾਂ ਗੁਪਤ ਹੈ।











census.gc.ca

Statistics Canada Statistique Canada

Canada

# ਘੱਲੂਘਾਰਾ ਜੂਨ 1984: ਆਤਮ ਸਮਰਪਣ ਨਹੀਂ ਹੋਇਆ

ਘੱਲੂਘਾਰਾ ਜੂਨ 1984 ਦੇ 40 ਸਾਲ ਲੰਘਣ ਮਗਰੋਂ ਵੀ, ਇਸ ਸਵਾਲ ਦਾ ਜਵਾਬ ਅੱਜ ਤਕ ਨਹੀਂ ਦਿੱਤਾ ਗਿਆ ਕਿ 1984 ਦੀਆਂ ਗਰਮੀਆਂ ਵਿਚ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਹਨਾਂ ਦੇ ਹਥਿਆਰਬੰਦ ਜੁਝਾਰੂ ਸਿੰਘਾਂ ਦੀ ਮਜ਼ਬੂਤ ਕਿਲੇਬੰਦੀ ਵਾਲੇ 'ਗੋਲਡਨ ਟੈਂਪਲ' (ਦਰਬਾਰ ਸਾਹਿਬ) 'ਤੇ ਭਾਰਤੀ ਫੌਜ ਨੇ ਹਮਲਾ ਕਿਵੇਂ ਅਤੇ ਕਿਉਂ ਕੀਤਾ।

ਦਰਬਾਰ ਸਾਹਿਬ ਦੀ ਦੁਖਦਾਈ ਬੇਅਦਬੀ ਤੋਂ ਪਹਿਲਾਂ ਅਤੇ ਬਾਅਦ ਵਿਚ ਵਾਪਰੀਆਂ ਘਟਨਾਵਾਂ ਨਾਲ ਬਤੌਰ ਇਕ ਪੁਲਸ ਅਫਸਰ ਨੇੜਿਓਂ ਜੁੜਿਆ ਹੋਣ ਕਾਰਨ, ਅਪਰੇਸ਼ਨ ਸ਼ੁਰੂ ਹੋਣ ਤੋਂ ਕੁੱਝ ਦਿਨ ਪਹਿਲਾਂ ਆਰਮੀ ਦੇ ਕਮਾਂਡ ਲੈਵਲ 'ਤੇ ਚੱਲ ਰਹੀ ਸੋਚ ਬਾਰੇ ਮੈਂ ਆਪਣੀ ਸਮਝ ਸਾਂਝੀ ਕਰਨੀ ਚਾਹੁੰਦਾ ਹਾਂ। ਉਸ ਦਿਨ ਪੱਛਮੀ ਕਮਾਂਡ ਦੇ ਚੀਫ ਆਫ ਸਟਾਫ ਲੈਫਟਿਨੈਂਟ ਜਨਰਲ ਰਣਜੀਤ ਸਿੰਘ ਦਿਆਲ ਨੇ ਚੰਡੀਗੜ੍ਹ ਸਥਿਤ ਪੰਜਾਬ ਸਿਵਲ ਸਕੱਤਰੇਤ ਵਿਖੇ ਪ੍ਰੈਸ ਕਾਨਫਰੰਸ ਕੀਤੀ ਸੀ, ਜਿਸ ਵਿਚ ਉਹਨਾਂ ਇਸ਼ਾਰਾ ਦੇ ਦਿੱਤਾ ਸੀ ਕਿ ਸਾਰਾ ਆਪਰੇਸ਼ਨ ਫੌਜ ਦੇ ਸਪੁਰਦ ਕਰ ਦਿੱਤਾ ਗਿਆ ਹੈ ਅਤੇ ਫੌਜ ਇਸ ਨੂੰ ਬੜਾ ਸੌਖਿਆ ਮੁਕੰਮਲ ਕਰ ਲਵੇਗੀ। ਮੈਂ ਉਸ ਪੱਤਰਕਾਰ ਮਿਲਣੀ ਵਿਚ ਹਾਜ਼ਰ ਸੀ ਅਤੇ ਦਿੱਲੀ ਪੁਲਸ ਤੋਂ ਉਸੇ ਸਮੇਂ ਡੈਪੂਟੇਸ਼ਨ 'ਤੇ ਆਏ ਆਈਜੀ ਪੰਜਾਬ ਪੁਲਸ (ਲਾਅ ਐਂਡ ਆਰਡਰ) ਪ੍ਰੀਤਮ ਸਿੰਘ ਭਿੰਡਰ ਵੀ ਮੇਰੇ ਨਾਲ ਹਾਜ਼ਰ ਸਨ। ਇਸ ਤੋਂ ਬਾਅਦ ਮੈਂ ਸਕੱਤਰੇਤ ਦੀ ਚੌਥੀ ਮੰਜ਼ਿਲ 'ਤੇ ਆਪਣੇ ਦਫਤਰ ਚਲੇ ਗਿਆ। ਮੈਂ ਉੱਥੇ ਬਤੌਰ ਵਧੀਕ ਡੀਆਈਜੀ (ਸੀਆਈਡੀ) ਤੈਨਾਤ ਸਾਂ।

ਕੁੱਝ ਸਮੇਂ ਬਾਅਦ ਮੈਨੂੰ ਭਿੰਡਰ ਦੇ ਦਫਤਰ ਤੋਂ ਸੁਨੇਹਾ ਆਇਆ, ਜਿਹਨਾਂ ਮੈਨੂੰ ਲੈਫ. ਜਨਰਲ ਦਿਆਲ ਨਾਲ ਮਿਲਵਾਇਆ ਜੋ ਉੱਥੇ ਮੌਜੂਦ ਸਨ। ਆਈਜੀ ਨੂੰ ਇਕ ਬੇਝਿਜਕ ਅਤੇ ਸਪਸ਼ਟ ਅਫਸਰ ਵਜੋਂ ਜਾਣਿਆ ਜਾਂਦਾ ਸੀ ਅਤੇ ਉਹਨਾਂ ਮੈਨੂੰ ਕਿਹਾ ਕਿ ਜਨਰਲ ਮੈਨੂੰ ਕੁੱਝ ਸਵਾਲ ਪੁੱਛਣਾ ਚਾਹੁੰਦੇ ਹਨ ਜਿਹਨਾਂ ਦੇ ਮੈਨੂੰ ਸਾਫ ਸਪਸ਼ਟ ਸਿੱਧੇ ਜਵਾਬ ਦੇਣ ਲਈ ਕਿਹਾ ਗਿਆ। ਜਨਰਲ ਦਿਆਲ ਨੇ ਪਹਿਲੀ ਗੱਲ ਕਹੀ ਕਿ ਫੌਜ ਦੇ ਹਿਸਾਬ ਮੁਤਾਬਕ, ਭਿੰਡਰਾਂਵਾਲੇ ਅਤੇ ਉਸਦੇ ਨਾਲ ਦੇ ਖਾੜਕੂ ਦਰਬਾਰ ਸਾਹਿਬ 'ਤੇ ਮੁੱਢਲੀ ਭਾਰੀ ਗੋਲਾਬਾਰੀ ਨਾਲ ਹੀ ਹੱਥ ਖੜ੍ਹੇ (ਆਤਮ-ਸਮਰਪਣ) ਕਰ ਜਾਣਗੇ।

ਆਤਮ ਸਮਰਪਣ ਦਾ ਸਵਾਲ ਹੀ ਨਹੀਂ

ਜਦੋਂ ਉਹਨਾਂ ਮੇਰੀ ਰਾਏ ਪੁੱਛੀ ਤਾਂ ਮੈਂ ਦੱਸਿਆ ਕਿ ਭਿੰਡਰਾਂਵਾਲੇ ਅਤੇ ਉਹਨਾਂ ਦੇ 130 ਦੇ ਕਰੀਬ ਸਿੰਘ ਆਤਮ ਸਮਰਪਣ ਨਹੀਂ ਕਰਨਗੇ, ਬਲਕਿ ਫੌਜ ਨੂੰ ਤਕੜਾ ਮੁਕਾਬਲਾ ਦੇਣਗੇ ਅਤੇ ਸ਼ਹੀਦ ਵਜੋਂ ਮਰਨਾ ਪ੍ਰਵਾਨ ਕਰਨਗੇ। ਇਸ ਜਵਾਬ 'ਤੇ ਜਨਰਲ ਖੁਸ਼ ਨਹੀਂ ਸੀ ਅਤੇ ਉਹਨਾਂ ਮੈਨੂੰ ਸਵਾਲ ਕੀਤਾ ਕਿ ਮੈਂ ਇਹ ਗੱਲ ਕਿਸ ਅਧਾਰ 'ਤੇ ਕਹਿ ਰਿਹਾ ਹਾਂ। ਮੈਂ ਦੱਸਿਆ ਕਿ ਮੈਂ 1978 ਦੀ ਵਿਸਾਖੀ ਨੂੰ ਅੰਮ੍ਰਿਤਸਰ ਵਿਚ ਹੋਏ ਟਕਰਾਅ ਤੋਂ ਭਿੰਡਰਾਂਵਾਲੇ ਨੂੰ ਨੇੜਿਓਂ ਦੇਖ ਰਿਹਾ ਹਾਂ (ਮੈਂ ਅਪ੍ਰੈਲ 1978 ਤੋਂ ਸਤੰਬਰ 1978 ਤੱਕ ਬਤੌਰ ਐਸਐਸਪੀ ਅੰਮ੍ਰਿਤਸਰ ਤੈਨਾਤ ਸਾਂ)। ਨਿਰੰਕਾਰੀ ਵਿਰੋਧੀ ਮਾਰਚ ਨੂੰ ਅਖੰਡ ਕੀਰਤਨੀ ਜਥੇ ਦੇ ਫੌਜਾ ਸਿੰਘ ਅਤੇ ਦਮਦਮੀ ਟਕਸਾਲ ਦੇ ਭਿੰਡਰਾਂਵਾਲੇ ਅਗਵਾਈ ਦੇ ਰਹੇ ਸਨ।

ਅਗਲੇ ਛੇ ਸਾਲ ਪੰਜਾਬ ਵਿਚ ਬੇਰੋਕ ਖ਼ੂਨ ਡੁੱਲ੍ਹਿਆ ਅਤੇ ਭਿੰਡਰਾਂਵਾਲਾ ਮਜ਼ਬੂਤ ਤੋਂ ਮਜ਼ਬੂਤ ਹੁੰਦਾ ਗਿਆ। ਉਹ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਹਿੰਸਾ ਨੂੰ ਜਾਇਜ਼ ਪ੍ਰਚਾਰਦੇ ਸੀ। ਉਸ ਤੋਂ ਬਾਅਦ, ਵੱਖ-ਵੱਖ ਰਾਜਨੀਤਕ ਪਾਰਟੀਆਂ 'ਚ ਬਹੁਤ ਤਬਦੀਲੀਆਂ ਆਈਆਂ ਅਤੇ ਉਹਨਾਂ ਵਿਚ ਅੰਦਰੂਨੀ ਦੂਰੀਆਂ ਵਧੀਆਂ। ਇਸੇ ਦੌਰਾਨ, ਗੋਲਡ ਟੈਂਪਲ ਕੰਪਲੈਕਸ ਵਿਚ ਹਥਿਆਰ ਵੀ ਜਾਣ ਲੱਗੇ ਅਤੇ ਉੱਥੇ ਖਾੜਕੂ ਸਿੰਘ ਰਹਿਣ ਲੱਗ ਪਏ।



ਅਖੀਰ, ਭਿੰਡਰਾਂਵਾਲੇ ਵੀ ਕੰਪਲੈਕਸ ਵਿਚ ਚਲੇ ਗਏ ਜਿੱਥੇ ਉਹਨਾਂ ਨੂੰ ਮਿਲਣ ਲਈ ਸੰਗਤਾਂ ਦੇ ਇਕੱਠ ਜੁੜਦੇ ਤੇ ਉਹ ਸਾਰਿਆਂ ਨਾਲ ਗੱਲਬਾਤ ਕਰਦੇ। ਉਹ ਆਪਣੇ ਹਰ ਭਾਸ਼ਣ ਵਿਚ ਕਹਿੰਦੇ ਕਿ ਭਾਰਤੀ ਫੌਜ ਦਰਬਾਰ ਸਾਹਿਬ 'ਤੇ ਹਮਲਾ ਕਰੇਗੀ ਅਤੇ ਉਹ (ਭਿੰਡਰਾਂਵਾਲੇ ਤੇ ਸਿੰਘ) ਦਰਬਾਰ ਸਾਹਿਬ ਦੀ ਰਾਖੀ ਕਰਦਿਆਂ ਸ਼ਹਾਦਤਾਂ ਪਾਉਣਗੇ। ਉਹਨਾਂ ਦਰਜਨਾਂ ਬਾਰ ਇਹ ਗੱਲ ਕਹੀ। ਇਸ ਸਮੇਂ ਵਿਚ ਮੈਂ ਉਹਨਾਂ ਦੇ ਇਹਨਾਂ ਭਾਸ਼ਣਾਂ ਨੂੰ ਰੋਜ਼ ਪੜ੍ਹਦਾ ਸੀ ਅਤੇ ਮੈਨੂੰ ਤੇ ਸਾਡੇ ਬਾਕੀ ਸਾਰੇ ਅਫਸਰਾਂ ਨੂੰ ਯਕੀਨ ਸੀ ਕਿ ਉਹ ਕੰਪਲੈਕਸ ਦੇ ਅੰਦਰ ਜੂਝਦਿਆਂ ਸ਼ਹੀਦੀ ਪਾਉਣਗੇ। ਹੋਰ ਸਰੋਤਾਂ ਤੋਂ ਮਿਲਦੀ ਜਾਣਕਾਰੀ ਵੀ ਸਾਡੀ ਇਸ ਗੱਲ 'ਤੇ ਹੀ ਮੋਹਰ ਲਾਉਂਦੀ ਸੀ।

ਇਸ ਅੰਦਾਜ਼ੇ ਤੋਂ ਜਨਰਲ ਨਰਾਜ਼ ਹੋ ਗਿਆ

ਦਿਆਲ ਮੇਰੇ ਇਸ ਅੰਦਾਜ਼ੇ ਤੋਂ ਥੋੜਾ ਨਰਾਜ਼ ਹੋ ਗਿਆ ਅਤੇ ਮੈਨੂੰ ਹੰਕਾਰ ਵਿਚ ਆ ਕੇ ਪੁੱਛਿਆ ਕਿ ਫੌਜ ਦੇ ਵੱਡੇ ਹਥਿਆਰਾਂ ਸਾਹਮਣੇ ਖਾੜਕੂ ਆਪਣੀਆਂ ਛੋਟੀਆਂ ਬੰਦੂਕਾਂ ਨਾਲ ਕੀ ਲੜਾਈ ਲੜਨਗੇ। ਮੈਂ ਉਹਨਾਂ ਨੂੰ ਦੱਸਿਆ ਕਿ ਇੰਟੈਲੀਜੈਂਸ ਅਜੈਂਸੀਆਂ ਵੱਲੋਂ ਫੌਜ ਨੂੰ ਪਹਿਲਾਂ ਹੀ ਦੱਸਿਆ ਜਾ ਚੁੱਕਿਆ ਹੈ ਕਿ ਅੰਦਰ ਕਿਹੋ ਜਿਹਾ ਅਸਲਾ ਬਰੂਦ ਹੈ ਅਤੇ ਇਹ ਜੰਗ ਦੀ ਨੀਤੀ ਫੌਜ ਵੀ ਜਨਰਲ ਰਹਿ ਚੁੱਕੇ ਅਤੇ ਗੁਰੀਲਾ ਜੰਗ ਦੇ ਮਾਹਰ ਸ਼ਬੇਗ ਸਿੰਘ ਵੱਲੋਂ ਬਣਾਈ ਗਈ ਹੈ। ਇੰਟੈਲੀਜੈਂਸ ਅਜੈਂਸੀਆਂ ਨੂੰ ਵੀ ਛੱਡੋ, ਹਰ ਆਮ ਬੰਦੇ ਨੂੰ ਵੀ ਪਤਾ ਸੀ ਕਿ ਭਿੰਡਰਾਂਵਾਲਿਆਂ ਕੋਲ ਕਿਹੋ ਜਿਹੇ ਹਥਿਆਰ ਅਤੇ ਬੰਦੇ ਹਨ।

ਅਖੀਰ, ਜਰਨਲ ਨੂੰ ਦੱਸਿਆ ਗਿਆ ਕਿ ਭਿੰਡਰਾਂਵਾਲਿਆਂ ਨੂੰ ਪਤਾ ਹੈ ਕਿ ਉਹ ਫੌਜ ਨੂੰ ਨਹੀਂ ਹਰਾ ਸਕਦੇ ਪਰ ਉਹ ਕੰਪਲੈਕਸ ਅੰਦਰ ਅਖੀਰੀ ਦਮ ਤਕ ਜੂਝਦਿਆਂ ਸ਼ਹੀਦ ਹੋਣਗੇ। ਮੈਂ ਜਨਰਲ ਨੂੰ ਇਹ ਵੀ ਦੱਸਿਆ ਕਿ ਅੰਮ੍ਰਿਤਸਰ ਤੈਨਾਤੀ ਦੌਰਾਨ ਮੈਂ ਕਈ ਵਾਰ ਭਿੰਡਰਾਂਵਾਲਿਆਂ ਨੂੰ ਖੁਦ ਵੀ ਮਿਲ ਚੁੱਕਿਆ ਹਾਂ ਅਤੇ ਜਿੰਨ੍ਹਾ ਮੈਂ ਉਹਨਾਂ ਨੂੰ ਜਾਣ ਸਕਿਆ ਹਾਂ ਉਹ ਆਪਣੀ ਜ਼ੁਬਾਨ 'ਤੇ ਪੱਕੇ ਰਹਿਣਗੇ।

ਜਨਰਲ ਨੇ ਮੇਰੇ ਅੰਦਾਜ਼ੇ ਨੂੰ ਰੱਦ ਕਰਦਿਆਂ ਪੁੱਛਿਆ ਕਿ ਸਵੇਰੇ ਪਾਲਕੀ ਸਾਹਿਬ ਕਿੰਨ੍ਹੇ ਵਜੇ ਦਰਬਾਰ ਸਾਹਿਬ ਲਿਜਾਈ ਜਾਂਦੀ ਹੈ। ਜੇ ਮੈਨੂੰ ਸਹੀ ਤਰ੍ਹਾਂ ਯਾਦ ਹੋਵੇ ਤਾਂ ਮੈਂ ਉਹਨਾਂ ਨੂੰ ਦੱਸਿਆ ਸੀ ਕਿ ਸਵੇਰੇ ਚਾਰ ਵਜੇ। ਉਹਨਾਂ ਸਾਨੂੰ ਕਿਹਾ ਕਿ ਰਾਤ ਦੇ ਆਪਰੇਸ਼ਨ ਮਗਰੋਂ ਪਾਲਕੀ ਸਾਹਿਬ ਨੂੰ ਉਸੇ ਸਮੇਂ ਲਿਜਾਇਆ ਜਾਵੇਗਾ ਅਤੇ ਮੈਨੂੰ ਪੁੱਛਿਆ ਕਿ ਕੀ ਕੁੱਝ ਗ੍ਰੰਥੀਆਂ ਦਾ ਇੰਤਜ਼ਾਮ ਹੋ ਸਕਦਾ ਹੈ ਜਿਹੜੇ ਦਰਬਾਰ ਸਾਹਿਬ ਦੀ ਸੇਵਾ ਨਿਭਾ ਸਕਣ ਕਿਉਂਕਿ ਸ਼ਾਇਦ ਪੱਕੇ ਗ੍ਰੰਥੀ ਉਸ ਸਮੇਂ ਉੱਥੇ ਮੌਜੂਦ ਨਾ ਹੋਣ। ਅਸੀਂ ਉਹਨਾਂ ਨੂੰ ਕਿਹਾ ਕਿ ਇਹ ਹੱਲ ਹੋ ਜਾਵੇਗਾ। ਜਨਰਲ ਨੇ ਕੁੱਝ ਮਿਸਤਰੀਆਂ ਦਾ ਵੀ ਪ੍ਰਬੰਧ ਕਰਨ ਲਈ ਕਿਹਾ ਤਾਂ ਕਿ ਉਸੇ ਸਮੇਂ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਇਮਾਰਤੀ ਨੁਕਸਾਨ ਨੂੰ ਸਹੀ ਕੀਤਾ ਜਾ ਸਕੇ। ਅਸੀਂ ਕਿਹਾ ਕਿ ਇਹ ਵੀ ਪ੍ਰਬੰਧ ਹੋ ਜਾਵੇਗਾ।

ਦਿਆਲ ਦੇ ਇਹ ਸਾਰੇ ਬਿਆਨ ਅਤੇ ਜ਼ਰੂਰੀ ਇੰਤਜ਼ਾਮ ਸੁਣਨ ਮਗਰੋਂ ਸਾਨੂੰ ਪੱਕਾ ਹੋ ਗਿਆ ਸੀ ਕਿ ਉਹ ਮੰਨ ਚੁੱਕਿਆ ਹੈ ਕਿ ਦਰਬਾਰ ਸਾਹਿਬ 'ਤੇ ਮੁੱਢਲੀ ਭਾਰੀ ਗੋਲਾਬਾਰੀ ਤੋਂ ਬਾਅਦ ਭਿੰਡਰਾਂਵਾਲਾ ਅਤੇ ਉਸਦੇ ਸਹਿਯੋਗੀ ਆਤਮ ਸਮਰਪਣ ਕਰ ਦੇਣਗੇ ਤੇ ਉਸਨੇ ਸਾਡੀਆਂ ਸਲਾਹਾਂ 'ਤੇ ਕੋਈ ਗੌਰ ਨਹੀਂ ਕੀਤੀ। ਫੌਜ ਦੇ ਕਮਾਂਡਰਾਂ ਨੇ ਇਸ ਗੱਲ ਦਾ ਵੀ ਖਿਆਲ ਨਹੀਂ ਕੀਤਾ ਕਿ ਜਿਸ ਦਿਨ ਨੂੰ ਉਹ ਆਪਰੇਸ਼ਨ ਲਈ ਚੁਣ ਰਹੇ ਹਨ ਉਸ ਦਿਨ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸੀ ਅਤੇ ਕੰਪਲੈਕਸ਼ ਵਿਚ ਹਜ਼ਾਰਾਂ ਸੰਗਤਾਂ ਆਈਆਂ ਹੋਈਆਂ ਸਨ ਤੇ ਸੰਤ ਹਰਚੰਦ ਸਿੰਘ ਲੋਂਗੋਵਾਲ ਵੱਲੋਂ ਲਾਏ ਧਰਮ ਯੁੱਧ ਮੋਰਚੇ 'ਚ ਗ੍ਰਿਫਤਾਰੀਆਂ ਦੇਣ ਲਈ ਅਕਾਲੀ ਦਲ ਦੇ ਜਥੇ ਵੀ ਪਹੁੰਚੇ ਹੋਏ ਸਨ। ਮੈਂ ਯੂਨਾਨੀ ਦੁਖਾਂਤ ਦੇ ਉਸ ਹਿੱਸੇ ਵਾਂਗ ਮਹਿਸੂਸ ਕਰ ਰਿਹਾ ਹਾਂ ਜੋ ਇਹ ਵੇਖ ਸਕਦਾ ਸੀ ਕਿ ਕੀ ਵਾਪਰਨ ਵਾਲਾ ਹੈ ਪਰ ਉਸ ਕੋਲ ਦਖਲ ਦੇ ਕੇ ਉਸਨੂੰ ਰੋਕਣ ਦੀ ਤਾਕਤ ਨਹੀਂ ਸੀ। ਉਸ ਤੋਂ ਬਾਅਦ ਮੈਂ ਆਪਣੇ ਦਫਤਰ ਵਾਪਸ ਆ ਗਿਆ ਅਤੇ ਜੋ ਬਾਅਦ ਵਿਚ ਹੋਇਆ ਉਹ ਇਤਿਹਾਸ ਹੈ- ਆਤਮ ਸਮਰਪਣ ਨਹੀਂ ਹੋਇਆ।

**ਲੇਖਕ : ਗੁਰਬਚਨ ਜਗਤ**

# ਸੁਆਲ ਜਿਹੜੇ ਜਵਾਬ ਮੰਗਦੇ ਹਨ...

ਦਰਬਾਰ ਸਾਹਿਬ ਸਾਕੇ ਦੀ ਅਸੀਂ 40ਵੀਂ ਵਰ੍ਹੇਗੰਢ ਮਨਾ ਰਹੇ ਹਾਂ, ਪਹਿਲੀ ਜੂਨ ਤੋਂ ਸੱਤ ਜੂਨ ਤੱਕ ਭਾਰਤੀ ਫੌਜਾਂ ਨੇ ਜੋ ਜ਼ੁਲਮ ਸਿਤਮ ਦਰਬਾਰ ਸਾਹਿਬ ਕੰਪਲੈਕਸ 'ਚ ਸਿੱਖਾਂ ਤੇ ਢਾਹਿਆ, ਉਹ ਜ਼ੁਲਮ ਦਾ ਸਿਖ਼ਰ ਸੀ ਅਤੇ ਜਿਸ ਬਹਾਦਰੀ, ਦਲੇਰੀ ਤੇ ਅਣਖ ਦੇ ਜ਼ਜਬੇ ਨਾਲ ਸਿੱਖਾਂ ਨੇ ਭਾਰਤੀ ਫੌਜ ਦੇ ਜ਼ੁਲਮ ਦਾ ਟਾਕਰਾ ਕੀਤਾ, ਉਹ ਕੌਮੀ ਸਵੈਮਾਣ ਦਾ ਸਿਖ਼ਰ ਸੀ। ਪ੍ਰੰਤੂ ਅਫ਼ਸੋਸ ਹੈ ਕਿ ਇਨ੍ਹਾਂ 6 ਦਿਨਾਂ 'ਚ ਬਹੁਗਿਣਤੀ ਸਿੱਖਾਂ ਨੂੰ 'ਗਰਮੀ' ਦੀ ਚਿੰਤਾ ਤਾਂ ਜ਼ਰੂਰ ਲੱਗੀ ਰਹੀ, ਪ੍ਰੰਤੂ ਇਨ੍ਹਾਂ ਦਿਨਾਂ 'ਚ ਸਿੱਖ ਸੰਗਤਾਂ ਨੇ ਅਤਿ ਦੀ ਗਰਮੀ 'ਚ ਭੁੱਖੇ, ਪਿਆਸੇ, ਭਾਰਤੀ ਹਾਕਮਾਂ ਦੇ ਜ਼ੁਲਮ ਨੂੰ ਕਿਵੇਂ ਸਹਾਰਿਆ, ਉਸ ਦੀ ਯਾਦ ਸਾਨੂੰ ਘੱਟ ਹੀ ਆਈ। ਇਹੋ ਕਾਰਣ ਹੈ ਕਿ 36 ਵਰ੍ਹੇ ਬੀਤ ਜਾਣ ਦੇ ਬਾਵਜੂਦ, ਸਾਕਾ ਦਰਬਾਰ ਸਾਹਿਬ ਬਾਰੇ ਹਾਲੇਂ ਵੀ ਕਈ ਸੁਆਲ ਅਣਸੁਲਝੇ ਹੀ ਹਨ ਅਤੇ ਕੋਈ ਵੀ ਉਨ੍ਹਾਂ ਬਾਰੇ ਨਾ ਤਾਂ ਸੁਆਲ ਪੁੱਛਦਾ ਹੈ ਅਤੇ ਨਾ ਹੀ ਕੋਈ ਜਵਾਬ ਦਿੰਦਾ ਹੈ। ਭਾਰਤੀ ਹਕੂਮਤ ਨੇ ਆਪਣੇ ਦੇਸ਼ ਦੀ ਇਕ ਘੱਟਗਿਣਤੀ ਦੇ ਕੇਂਦਰੀ ਧਾਰਮਿਕ ਅਸਥਾਨ ਤੇ ਦੁਸ਼ਮਣ ਦੇਸ਼ ਵਾਗੂੰ ਫੌਜੀ ਹਮਲਾ ਕੀਤਾ ਅਤੇ ਹਜ਼ਾਰਾਂ ਦੀ ਗਿਣਤੀ 'ਚ ਬੇਕਸੂਰ ਸਿੱਖ ਸੰਗਤਾਂ ਦਾ ਭਿਆਨਕ ਕਤਲੇਆਮ ਕੀਤਾ ਗਿਆ ਅਤੇ ਫਿਰ ਇਸ 'ਜਿੱਤ' ਤੋਂ ਬਾਅਦ ਆਪਣੇ "ਬਹਾਦਰ ਫੌਜੀਆਂ" ਨੂੰ ਜੰਗੀ ਸਨਮਾਨਾਂ ਨਾਲ ਨਿਵਾਜਿਆ ਗਿਆ? ਅਸੀਂ ਵਿਸ਼ਵ ਦੀ ਅਦਾਲਤ 'ਚ ਭਾਰਤ ਸਰਕਾਰ ਨੂੰ ਉਸਦੇ ਆਪਣੇ ਦੇਸ਼ ਦੀ ਘੱਟਗਿਣਤੀ ਨਾਲ ਦੁਸ਼ਮਣਾਂ ਵਾਲਾ ਵਤੀਰਾ ਕਿਉਂ ਅਪਣਾਇਆ ਪੁੱਛਣ ਲਈ, ਕਟਿਹਰੇ 'ਚ ਨਹੀਂ ਖੜ੍ਹਾ ਕਰ ਸਕੇ, 36 ਵਰ੍ਹਿਆਂ 'ਚ ਅਸੀਂ ਇਸ ਪਾਸੇ ਜ਼ੋਰਦਾਰ ਅਵਾਜ਼ ਕਿਉਂ ਨਹੀਂ ਉਠਾ ਸਕੇ। ਇਸਦਾ ਜਵਾਬ ਕੌਣ ਦੇਵੇਗਾ?

ਭਾਰਤੀ ਫੌਜ ਦੇ ਦਰਬਾਰ ਸਾਹਿਬ ਤੇ ਹਮਲੇ ਦੌਰਾਨ ਕਿੰਨੇ ਸਿੱਖ, ਜਿਨ੍ਹਾਂ ਨੇ ਜੂਝਦੇ ਹੋਏ ਸ਼ਹੀਦੀਆਂ ਪਾਈਆਂ ਅਤੇ ਕਿੰਨ੍ਹੀਆਂ ਸਿੱਖ ਸੰਗਤਾਂ, ਜਿਹੜੀਆਂ ਦਰਬਾਰ ਸਾਹਿਬ ਨਤਮਸਤਕ ਹੋਣ ਆਈਆਂ ਸਨ, ਸ਼ਹੀਦ ਕੀਤੇ ਗਏ? ਇਸ ਦਾ ਪੂਰਾ-ਪੂਰਾ ਵੇਰਵਾ ਤੇ ਗਿਣਤੀ ਅੱਜ ਤੱਕ ਸਾਡੇ ਪਾਸ ਉਪਲਬੱਧ ਕਿਉਂ ਨਹੀਂ ਹੈ? ਕੀ ਸ਼੍ਰੋਮਣੀ ਕਮੇਟੀ ਸਿਰਫ਼ ਗੁਰੂ ਘਰ ਦੀਆਂ ਗੋਲਕਾਂ ਦੀ ਦੁਰਵਰਤੋਂ ਲਈ ਹੀ ਹੈ? ਕੌਮ ਦੇ 18ਵੀਂ ਸਦੀ 'ਚ ਹੋਏ ਛੋਟੇ-ਵੱਡੇ ਘੱਲੂਘਾਰਿਆਂ ਦੇ ਸ਼ਹੀਦਾਂ ਦੀ ਗਿਣਤੀ ਤਾਂ ਸਾਡੇ ਪਾਸ ਹੈ, ਪ੍ਰੰਤੂ 36 ਵਰ੍ਹੇ ਪਹਿਲਾ ਵਾਪਰੇ ਸਾਕੇ ਦੇ ਸ਼ਹੀਦਾਂ ਦੀ ਗਿਣਤੀ ਅਸੀਂ ਅੱਜ ਤੱਕ ਪਤਾ ਨਹੀਂ ਕਰ ਸਕੇ? ਦਰਬਾਰ ਸਾਹਿਬ ਸਾਕੇ ਸਮੇਂ ਸਿੱਖ ਦੇ ਬੌਧਿਕ ਗਿਆਨ ਦੇ ਖਜ਼ਾਨੇ ਨੂੰ ਭਾਵ ਸਿੱਖ ਰਿਫ਼ਰੈਂਸ ਲਾਇਬ੍ਰੇਰੀ ਨੂੰ ਤਬਾਹ ਕੀਤਾ ਗਿਆ ਅਤੇ ਬਹੁਤ ਸਾਰੀਆਂ ਦੁਰਲੱਭ ਹੱਥ ਲਿਖਤਾਂ, ਖਰੜੇ, ਹੁਕਮਨਾਮੇ, ਅੱਜ ਵੀ ਭਾਰਤੀ ਹਕੂਮਤ ਦੇ ਕਬਜ਼ੇ 'ਚ ਹਨ, ਉਨ੍ਹਾਂ ਨੂੰ 36 ਸਾਲ 'ਚ ਵਾਪਸ ਕਰਵਾਉਣ 'ਚ ਕੌਮ ਨੂੰ ਸਫ਼ਲਤਾ ਕਿਉਂ ਨਹੀਂ ਮਿਲੀ। ਭਾਰਤੀ ਫੌਜ ਦੇ ਇਸ ਦਾਅਵੇ ਦਾ ਕਿ ਉਹ ਦੁਰਲੱਭ ਵਸਤਾਂ ਸ਼੍ਰੋਮਣੀ ਕਮੇਟੀ ਨੂੰ ਵਾਪਸ ਕੀਤੀਆਂ ਜਾ ਚੁੱਕੀਆਂ ਹਨ, ਸ਼੍ਰੋਮਣੀ ਕਮੇਟੀ ਠੋਸ ਜਵਾਬ ਕਿਉਂ ਨਹੀਂ ਦਿੰਦੀ? ਦਰਬਾਰ ਸਾਹਿਬ ਸਾਕੇ ਲਈ ਜਿਹੜੇ ਸਿੱਖ ਆਗੂ ਜ਼ੁੰਮੇਵਾਰ ਸਨ, ਜਿਨ੍ਹਾਂ ਨੇ ਭਾਰਤੀ ਹਕੂਮਤ ਨਾਲ ਅਗਾਊ ਗੁਪਤ ਮੁਲਾਕਾਤਾਂ ਕੀਤੀਆਂ ਅਤੇ ਫੌਜੀ ਹਮਲੇ ਲਈ ਚਿੱਠੀਆਂ ਲਿਖੀਆਂ, ਉਨ੍ਹਾਂ ਗਦਾਰ ਸਿੱਖ ਆਗੂਆਂ ਨੂੰ ਕੌਮ ਨੇ ਕੀ ਸਜ਼ਾ ਦਿੱਤੀ ਅਤੇ ਜੇ ਅੱਜ ਵੀ ਉਹ ਆਗੂ ਸਿੱਖਾਂ ਦੇ ਲੀਡਰ ਤੇ ਕੌਮ ਦੀ ਹੋਣੀ ਦੇ ਮਾਲਕ ਬਣੇ ਬੈਠੇ ਹਨ ਤਾਂ ਸਿੱਖਾਂ ਨੂੰ ਹੁਣ ਗੁਰੂ ਦੇ ਸਿੱਖ ਅਖਵਾਉਣ ਦਾ ਕੋਈ ਹੱਕ ਹੈ? 28 ਸਾਲ ਤੱਕ ਦਰਬਾਰ ਸਾਹਿਬ ਦੇ ਸਾਕੇ ਦੇ ਮਹਾਨ ਸ਼ਹੀਦਾਂ ਦੀ ਯਾਦਗਾਰ ਕਿਉਂ ਲਟਕੀ ਰਹੀ ਹੈ ਅਤੇ ਉਸ ਰੁਕਾਵਟ ਲਈ ਕੌਣ ਜ਼ੁੰਮੇਵਾਰ ਰਿਹਾ, ਉਸਦਾ ਲੇਖਾ-ਜੋਖਾ ਕਿਉਂ ਨਹੀਂ ਹੋਇਆ?

ਦਰਬਾਰ ਸਾਹਿਬ ਸਾਕੇ ਸਮੇਂ ਪੰਜਾਬ 'ਚ ਸਥਿਤ 37 ਹੋਰ ਗੁਰਦੁਆਰਾ ਸਾਹਿਬਾਨਾਂ ਤੇ ਫੌਜੀ ਹਮਲਾ ਹੋਇਆ ਸੀ ਅਤੇ ਇਕੱਲੇ ਗੁਰਦੁਆਰਾ ਦੂਖ ਨਿਵਾਰਣ ਸਾਹਿਬ ਪਟਿਆਲਾ 'ਚ ਸੈਂਕੜੇ ਸਿੱਖ ਸ਼ਹੀਦ ਕਰ ਦਿੱਤੇ ਗਏ ਸਨ, ਭਾਰਤੀ ਹਕੂਮਤ ਦੇ ਇਸ ਜ਼ਾਲਮੀ ਪੱਖ ਨੂੰ ਅਸੀਂ ਭੁੱਲ ਵਿਸਰ ਕਿਉਂ ਗਏ ਹਾਂ? ਸ਼੍ਰੋਮਣੀ ਕਮੇਟੀ ਨੇ ਦਰਬਾਰ ਸਾਹਿਬ ਸਾਕੇ 'ਚ ਹੋਏ ਕੌਮ ਦੇ ਭਾਰੀ ਜਾਨੀ-ਮਾਲੀ ਨੁਕਸਾਨ ਲਈ ਜਿਹੜਾ ਇਕ ਹਜ਼ਾਰ ਕਰੋੜ ਦੇ ਮੁਆਵਜ਼ੇ ਦਾ ਕੇਸ ਕੀਤਾ ਸੀ? ਉਸਨੂੰ ਲੜਿਆ ਕਿਉਂ ਨਹੀਂ ਗਿਆ ਅਤੇ ਉਹ ਤੱਥ ਜਿਹੜੇ ਇਸ ਮੁਆਵਜ਼ੇ ਲਈ ਠੋਸ ਕਾਰਣ ਬਣਾਏ ਗਏ ਸਨ, ਉਨ੍ਹਾਂ ਨੂੰ ਕੌਮ ਤੇ ਦੁਨੀਆ ਸਾਹਮਣੇ ਕਿਉਂ ਪੇਸ਼ ਨਹੀਂ ਕੀਤਾ ਗਿਆ। ਦਰਬਾਰ ਸਾਹਿਬ ਸਾਕੇ ਦੇ ਰੋਸ ਵਜੋਂ ਜਿਹੜੇ ਧਰਮੀ ਫੌਜੀ ਬਗਾਵਤ ਕਰਕੇ ਮੈਦਾਨ 'ਚ ਨਿੱਤਰੇ ਸਨ, ਉਨ੍ਹਾਂ ਦੇ ਮੁੜ ਵਸੇਬੇ ਲਈ ਕੀ ਹੋਇਆ ਹੈ ਅਤੇ ਅੱਜ ਵੀ ਧਰਮੀ ਫੌਜੀਆਂ 'ਚ ਇਸ ਸਬੰਧੀ ਰੋਸ ਤੇ ਗੁੱਸਾ ਕਿਉਂ ਹੈ? ਜਿਹੜੇ ਉਚੀਆਂ ਪਦਵੀਆਂ ਤੇ ਵੱਡੇ ਨਾਵਾਂ ਵਾਲੇ ਸਿੱਖਾਂ ਨੇ ਆਪੋ-ਆਪਣੇ ਸਨਮਾਨ ਸਾਕੇ ਦੇ ਰੋਸ ਕਾਰਣ ਵਾਪਸ ਕੀਤੇ ਸਨ, ਉਨ੍ਹਾਂ ਦੇ ਵੇਰਵੇ ਹੌਲੀ-ਹੌਲੀ ਮੱਧਮ ਕਿਉਂ ਹੋ ਰਹੇ ਹਨ? ਸਭ ਤੋਂ ਵੱਡਾ ਸੁਆਲ ਇਹ ਹੈ ਕਿ ਹਰ ਘੱਲੂਘਾਰੇ ਤੇ ਕੌਮੀ ਸਾਕੇ ਤੋਂ ਬਾਅਦ, ਸਿੱਖਾਂ ਨੇ ਪ੍ਰਾਪਤੀਆਂ ਨਾਲ ਝੋਲੀ ਭਰੀ, ਪ੍ਰੰਤੂ ਤੀਜੇ ਘੱਲੂਘਾਰੇ ਤੋਂ ਬਾਅਦ, ਕੌਮ ਪ੍ਰਾਪਤੀਆਂ ਦੀ ਥਾਂ ਨਿਵਾਣਾਂ ਵੱਲ ਚਲੀ ਗਈ?

ਇਹ ਸੁਆਲ ਅੱਜ ਹੀ ਨਹੀਂ ਸਗੋਂ ਸਦੀਆਂ ਤੱਕ, ਜਦੋਂ ਤੱਕ ਇਨ੍ਹਾਂ ਦੇ ਜਵਾਬ ਨਹੀਂ ਦਿੱਤੇ ਜਾਂਦੇ, ਕੌਮ ਦੇ ਸਨਮੁੱਖ ਖੜ੍ਹੇ ਰਹਿਣਗੇ। ਅਸੀਂ ਪਹਿਲਾ ਵੀ ਵਾਰ-ਵਾਰ ਲਿਖਿਆ ਹੈ ਕਿ ਦਰਬਾਰ ਸਾਹਿਬ ਸਾਕਾ ਵਰਤਮਾਨ ਸਮੇਂ 'ਚ ਸਿੱਖ ਕੌਮ ਲਈ ਇਕ ਤਬਦੀਲੀ ਮੋੜ ਸੀ, ਪ੍ਰੰਤੂ ਸੁਆਰਥ ਤੇ ਪਦਾਰਥ 'ਚ ਡੁੱਬੀ ਕੌਮ, ਲੋਭੀ, ਲੀਡਰਾਂ ਦੀ ਸਿਆਸੀ ਖੇਡ 'ਚ ਇਕ ਵਾਰ ਫਿਰ ਗੁੰਮਰਾਹ ਹੋ ਗਈ ਹੈ। ਪ੍ਰੰਤੂ ਸਾਕੇ ਦੀ ਹਰ ਵਰ੍ਹੇ ਗੰਢ ਸਾਡੀ ਅੰਤਰ-ਆਤਮਾ ਨੂੰ ਝੰਜੋੜਦੀ ਜ਼ਰੂਰ ਰਹੇਗੀ। ਇਹ ਗੱਲ ਵੱਖਰੀ ਹੈ ਕਿ ਹੁਣ ਅਸੀਂ ਆਪਣੀ ਆਤਮਾ ਦੀ ਆਵਾਜ਼ ਸੁਣਨ ਦੇ ਵੀ ਸਮਰੱਥ ਨਹੀਂ ਰਹੇ।

**ਲੇਖਕ : ਜਸਪਾਲ ਸਿੰਘ ਹੇਰਾਂ**

# ਜੂਨ 1984 ਦਾ ਪਹਿਲਾ ਸ਼ਹੀਦ ਭਾਈ ਕੁਲਵੰਤ ਸਿੰਘ ਬੱਬਰ

## ਸਾਕਾ ਨੀਲਾ ਤਾਰਾ ਦੇ ਅਣਗੌਲੇ ਜਾਂਬਾਜ਼

**ਫ਼ਖ਼ਰੇ ਕੌਮ ਕੁਛ ਖਾਸ ਇਨਸਾਨ**
**ਹੂਆ ਕਰਤੇ ਹੈਂ**
**ਯਹ ਵੋਹ ਹੀਰੇ ਹੈਂ ਜੋ ਹਰ ਖਾਨ ਸੇ**
**ਨਿਕਲਾ ਨਹੀਂ ਕਰਤੇ...**

ਜਦੋਂ ਕਦੇ ਅਣਖਾਂ ਨਾਲ ਜਿਊਣ ਵਾਲੀਆਂ ਕੌਮਾਂ ਉੱਤੇ ਮਨੁੱਖੀ ਲਹੂ ਦੀਆਂ ਭੁੱਖੀਆਂ ਕਾਂਗਾਂ ਚੜ੍ਹਦੀਆਂ ਹਨ ਤਾਂ ਉਨ੍ਹਾਂ ਕੌਮਾਂ ਵਿਚੋਂ ਹੀ ਕੁਝ ਮਰਦਾਂ ਵਾਂਗ ਜਿਊਣ ਦੇ ਚਾਹਵਾਨ ਸੂਰਬੀਰ ਯੋਧੇ ਹੱਥਾਂ ਵਿਚ ਹਥਿਆਰ ਫੜ ਕੇ ਇਨ੍ਹਾਂ ਭੂਸਰੀਆਂ ਕਾਂਗਾਂ ਨੂੰ ਠੱਲ੍ਹਣ ਲਈ ਉੱਠ ਖੜੋਂਦੇ ਹਨ। ਅਜਿਹੀ ਹੀ ਸਿੱਖੀ ਦੇ ਖ਼ੂਨ ਦੀ ਪਿਆਸੀ ਇਕ ਕਾਂਗ ਨਰਕਧਾਰੀ ਲਹਿਰ ਦੇ ਰੂਪ ਵਿਚ 13 ਅਪ੍ਰੈਲ 1978 ਦੀ ਪਵਿੱਤਰ ਧਰਤੀ ਉੱਪਰ ਧੂਤਕੜਾ ਪਾਉਣ ਲਈ ਆਣ ਧਮਕੀ ਤਾਂ ਗੁਰੂ ਨਾਨਕ ਸਾਹਿਬ ਦੇ ਸਿੱਖੀ ਦੇ ਬਾਗ ਵਿਚੋਂ ਦੋ ਟਹਿਕਦੇ ਫੁੱਲਾਂ ਵਰਗੀਆਂ ਜੁਝਾਰੂ ਜਥੇਬੰਦੀਆਂ ਦਮਦਮੀ ਟਕਸਾਲ ਤੇ ਅਖੰਡ ਕੀਰਤਨੀ ਜਥੇ ਵਿਚੋਂ ਉੱਠੇ 13 ਸੂਰਬੀਰਾਂ ਨੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੀ ਲਲਕਾਰ ਅਤੇ ਭਾਈ ਫ਼ੌਜਾ ਸਿੰਘ ਦੀ ਅਗਵਾਈ ਹੇਠ ਨਰਕਧਾਰੀਆਂ ਦੀ ਮੰਡਲੀ ਦੀ ਕੁਫ਼ਰ ਦੀ ਦੁਕਾਨ ਬੰਦ ਕਰਾਉਂਦਿਆ ਹੋਇਆ ਸ਼ਹਾਦਤਾਂ ਪ੍ਰਾਪਤ ਕੀਤੀਆਂ। ਸਮਾਂ ਆਪਣੀ ਚਾਲੇ ਚੱਲਦਾ ਰਿਹਾ, ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਕੌਮੀ ਖਾੜਕੂ ਲੀਡਰ ਵਜੋਂ ਪੰਥਕ ਸਟੇਜ ਉੱਤੇ ਉਭਰੇ ਅਤੇ ਦੂਜੇ ਪਾਸੇ ਅਖੰਡ ਕੀਰਤਨੀ ਜਥੇ ਵਿਚੋਂ ਹੀ ਭਾਈ ਫ਼ੌਜਾ ਸਿੰਘ ਦੇ ਨਜ਼ਦੀਕੀ ਭੁਝੰਗੀਆਂ ਨੇ ਇਕ ਹੋਰ ਖਾੜਕੂ ਜਥੇਬੰਦੀ ਬੱਬਰ ਖ਼ਾਲਸਾ ਨੂੰ ਗੁਪਤ ਰੂਪ ਵਿਚ ਸੰਗਠਿਤ ਕਰ ਕੇ ਪੰਥ ਦੋਖੀਆਂ ਦੇ ਸਫਾਏ ਦੀ ਮੁਹਿੰਮ ਚਲਾ ਦਿੱਤੀ। ਦਰਿਆਵਾਂ ਦੇ ਵਹਿਣਾਂ ਵਾਂਗ ਠੰਡਾ ਸ਼ੀਤਲ ਵਗਦਾ ਪੰਜਾਬ ਅੱਗ ਲੱਗੇ ਜੰਗਲ ਵਾਂਗ ਭੱਖਣ ਲੱਗ ਪਿਆ।

ਅੰਤ 1978 ਤੋਂ 1984 ਨੇ ਆਣ ਦਸਤਕ ਦਿੱਤੀ। ਸਾਰੇ ਪੰਜਾਬ ਨੂੰ ਚੜ੍ਹਦੇ ਜੂਨ ਹੀ ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ। ਭੋਲੇ ਪੰਜਾਬੀਆਂ ਦੇ ਅਲੂੰਏ ਪੁੱਤਾਂ ਉੱਪਰ ਬਾਹਮਣੀ ਹਕੂਮਤ ਦੀ ਕਹਿਰਵਾਨ ਹਨੇਰੀ ਝੁੱਲੀ। 1 ਜੂਨ 1984 ਦਾ ਸੂਰਜ ਪੰਜਾਂ ਦਰਿਆਵਾਂ ਦੀ ਧਰਤੀ ਉੱਤੇ ਸ਼ਹਾਦਤਾਂ ਦਾ ਪੈਗਾਮ ਲੈ ਕੇ ਚੜ੍ਹਿਆ। ਸਵੇਰੇ ਵੱਡੇ ਤੜਕੇ ਹੀ ਬਾਬਾ ਅਟੱਲ ਰਾਏ ਗੁਰਦੁਆਰੇ ਦੀ ਇਮਾਰਤ 'ਤੇ ਸੀ.ਆਰ.ਪੀ. ਤੇ ਬੀ.ਐਸ.ਐਫ. ਨੇ ਬੱਬਰਾਂ ਦੇ ਮੋਰਚਿਆਂ ਉੱਪਰ ਫਾਇਰਿੰਗ ਕਰ ਕੇ ਸਿੱਧੀ ਲੜਾਈ ਦੀ ਸਿੰਗਣੀ ਛੇੜ ਦਿੱਤੀ। ਬਾਬਾ ਅਟੱਲ ਦੀ ਇਮਾਰਤ ਵਿਚੋਂ ਬੱਬਰਾਂ ਦੀਆਂ ਰਾਈਫਲਾਂ ਨੇ ਵੀ ਅੱਗ ਉਗਲਣੀ ਸ਼ੁਰੂ ਕਰ ਦਿੱਤੀ। ਸਾਰਾ ਦਿਨ ਭਿਆਨਕ ਗੋਲੀਬਾਰੀ ਹੁੰਦੀ ਰਹੀ।

ਅੰਤ ਸ਼ਾਮ ਨੂੰ ਬਾਹਮਣੀ ਹਕੂਮਤ ਦੇ ਪਿਆਦੇ ਪੂਛਾਂ ਨੀਵੀਆਂ ਕਰ ਕੇ ਖੁੱਡਾਂ ਵਿਚ ਜਾ ਚੁੱਪ ਕਰ ਕੇ ਬੈਠ ਗਏ ਅਤੇ ਬੱਬਰਾਂ ਵੱਲੋਂ ਜੁਆਬੀ ਫਾਇਰ ਕਰ ਕੇ ਢੇਰੀ ਕੀਤਿਆਂ ਦੀਆਂ ਕੂਕਾਂ-ਚੀਕਾਂ ਇਤਿਹਾਸ ਦੀ ਕਿਤਾਬ ਦਾ ਸ਼ਿੰਗਾਰ ਬਣ ਗਏ, ਪਰ ਇਸ ਪਹਿਲੇ ਦਿਨ ਦੀ ਫਾਇਰਿੰਗ ਵਿਚ ਬੱਬਰਾਂ ਦਾ ਇਕ ਸਿਰਮੌਰ ਯੋਧਾ ਸ਼ਹੀਦ ਹੋ ਗਿਆ। ਜਿਸ ਨੂੰ ਇਤਿਹਾਸ ਨੇ ਸਾਕਾ ਨੀਲਾ ਤਾਰਾ ਦਾ ਪਹਿਲਾ ਸ਼ਹੀਦ ਹੋਣ ਦਾ ਮਾਣ ਬਖ਼ਸ਼ ਕੇ ਸਦਾ ਲਈ ਅਮਰ ਕਰ ਦਿੱਤਾ। ਇਸ ਸੂਰਬੀਰ ਦਾ ਨਾਂਅ ਭਾਈ ਮਹਿੰਗਾ ਸਿੰਘ ਬੱਬਰ ਕਰ ਕੇ ਸਿੱਖ ਸਿੱਖ ਸਫ਼ਾਂ ਵਿਚ ਮਸ਼ਹੂਰ ਹੈ। ਭਾਈ ਮਹਿੰਗਾ ਸਿੰਘ ਬੱਬਰ ਦੀ ਮ੍ਰਿਤਕ ਦੇਹ ਨੂੰ ਭਾਈ ਮਨਮੋਹਨ ਸਿੰਘ ਫ਼ੌਜੀ ਵਰ੍ਹਦੀਆਂ ਗੋਲੀਆਂ ਵਿਚੋਂ ਸਿਰ 'ਤੇ ਚੁੱਕ ਕੇ ਗੁਰੂ ਨਾਨਕ ਨਿਵਾਸ ਵਿਚ ਲੈ ਕੇ ਆਇਆ। ਸ਼ਹੀਦ ਹੋਣ ਤੋਂ ਪਹਿਲਾਂ ਯੋਧੇ ਦਾ ਵਾਹਿਗੁਰੂ ਸਿਮਰਨ ਦਾ ਅਭਿਆਸ ਅੱਧਾ ਘੰਟਾ ਚੱਲਦਾ ਰਿਹਾ, ਫਿਰ ਸਰੀਰ ਠੰਢਾ ਹੋ ਗਿਆ। ਮਹਿੰਗਾ ਸਿੰਘ ਦਾ ਅਸਲੀ ਨਾਂਅ ਭਾਈ ਕੁਲਵੰਤ ਸਿੰਘ ਸੀ। ਪਰ ਗੁਪਤ ਵਿਚਰਦਾ ਹੋਣ ਕਰਕੇ ਜਥੇਬੰਦਕ ਨਾਂਅ ਮਹਿੰਗਾ ਸਿੰਘ ਰੱਖਿਆ ਗਿਆ ਸੀ। ਲੰਬੇ ਕੱਦ, ਤਿੱਖੀ ਨੱਕ, ਗੋਰੇ ਨਿਸ਼ੋਹ ਰੰਗ ਦਾ ਇਹ ਨੌਜਵਾਨ, ਹਰਿਆਣੇ ਦੇ ਸ਼ਹਿਰ ਜਗਾਧਰੀ ਦਾ ਜੰਮ-ਪਲ ਸੀ। ਇਸ ਗੁਰੂ ਘਰੋਂ ਬਖ਼ਸ਼ੀ ਹੋਈ ਰੂਹ ਨੇ ਸ੍ਰ. ਪ੍ਰਤਾਪ ਸਿੰਘ ਦੇ ਘਰ ਨੂੰ ਭਾਗ ਲਾਏ। ਜਮਨਾ ਨਗਰ ਆਈ.ਟੀ.ਆਈ. ਵੈਲਡਰ ਟਰੇਡ ਵਿਚ ਕਰਨ ਤੋਂ ਬਾਅਦ ਉਸ ਨੇ ਚੜ੍ਹਦੀ ਵਰੇਸੇ ਭਾਈ ਫ਼ੌਜਾ ਸਿੰਘ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਅੰਮ੍ਰਿਤ



ਸ਼ਹੀਦ ਭਾਈ ਕੁਲਵੰਤ ਸਿੰਘ (ਉਪਨਾਮ: ਮਹਿੰਗਾ ਸਿੰਘ)



ਸ਼ਹੀਦ ਭਾਈ ਅਵਤਾਰ ਸਿੰਘ ਪਾਰੋਵਾਲ

ਛਕਿਆ। ਉਹ ਸਦਾ ਪੀਲੇ ਰੰਗ ਦਾ ਦੁਮਾਲਾ ਸਜਾਉਂਦਾ, ਸਫੈਦ ਜਾਂ ਨੀਲੇ ਰੰਗ ਦਾ ਨਿਹੰਗ ਬਾਣਾ ਪਹਿਨਦਾ। ਉਸ ਦੇ ਸੱਜੇ ਹੱਥ ਵਿਚ ਸਰਬ-ਲੋਹ ਦੀ ਮਾਲਾ ਅਤੇ ਮੋਢੇ ਉੱਤੇ 315 ਬੋਰ ਦੀ ਰਾਈਫਲ ਹਮੇਸ਼ਾ ਲਟਕਦੀ ਰਹਿੰਦੀ। ਸਰਬ-ਲੋਹ ਬਿਬੇਕ ਦੇ ਪਹਿਰੇ ਦੇ ਧਾਰਨੀ ਸੂਰਬੀਰ ਦੀ ਰਸਨਾ ਸਦਾ ਵਾਹਿਗੁਰੂ-ਵਾਹਿਗੁਰੂ ਦੇ ਜਾਪ ਵਿਚ ਗੜੁੰਦ ਰਹਿੰਦੀ। ਭਾਈ ਫ਼ੌਜਾ ਸਿੰਘ ਤੇ ਭਾਈ ਰਣਧੀਰ ਸਿੰਘ ਮਹਿਤੇ ਸਾਖਰੇ 13 ਸਿੰਘਾਂ ਦੀ ਸ਼ਹੀਦੀ ਨੇ ਉਸ ਦੇ ਅੰਤਰ-ਆਤਮੇ ਨੂੰ ਝੰਜੋੜ ਕੇ ਰੱਖ ਦਿੱਤਾ। ਉਸ ਨੂੰ ਹਿੰਦੁਸਤਾਨੀ ਧਰਤੀ ਉੱਤੇ ਸਿੱਖ ਕੌਮ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜੀ ਨਜ਼ਰ ਆਉਣ ਲੱਗੀ ਅਤੇ ਉਹ ਕੌਮੀ ਆਜ਼ਾਦੀ ਦੇ ਸੰਘਰਸ਼ ਵਿਚ ਨਿਧੜਕ ਸਿਪਾਹੀ ਵੱਜੋਂ ਆਪਣੇ ਸਾਥੀਆਂ ਸਮੇਤ ਵਿਚਰਨ ਲੱਗਾ। 1978 ਤੋਂ 1980 ਤਕ ਦੋ ਸਾਲ ਉਹ ਅਖੰਡ ਕੀਰਤਨੀ ਜਥੇ ਵੱਲੋਂ ਚੱਲਦੇ ਪ੍ਰਚਾਰ (ਚੱਲਦਾ ਵਹੀਰ) ਵਿਚ ਸ਼ਾਮਲ ਹੋ ਕੇ ਗੁਰਮਤਿ ਦਾ ਪ੍ਰਚਾਰ ਕਰਦਾ ਰਿਹਾ। ਸ਼ਹੀਦ ਭਾਈ ਤਲਵਿੰਦਰ ਸਿੰਘ ਬੱਬਰ ਨੇ ਪ੍ਰਚਾਰ ਕਰਨ ਲਈ ਚੱਲਦੇ ਵਹੀਰ ਨੂੰ ਇਕ ਸੈਕਿੰਡ-ਹੈਂਡ ਯੋਂਗਾ ਲੈ ਕੇ ਦਿੱਤਾ ਹੋਇਆ ਸੀ, ਜਿਹੜਾ ਪਿੰਡਾਂ ਵਿਚ ਜਾਣ ਸਮੇਂ ਅਕਸਰ ਹੀ ਖਰਾਬੀ ਦੇ ਜਾਇਆ ਕਰਦਾ ਸੀ। ਭਾਈ ਮਹਿੰਗਾ ਸਿੰਘ ਨੇ ਯੋਂਗੇ ਦੀ ਸਾਂਭ-ਸੰਭਾਲ ਦਾ ਕੰਮ ਸਾਂਭਿਆ ਹੋਇਆ ਸੀ। ਉਹ ਯੋਂਗੇ ਨੂੰ ਸਾਫ ਕਰਦਾ ਤੇ ਉਸ ਉੱਤੇ ਲੀਰ ਮਾਰਦਾ ਅਤੇ ਲੋੜ ਪੈਣ 'ਤੇ ਡੀਜ਼ਲ ਵਿਚ ਗਈ ਹਵਾ ਕੱਢਣ ਲਈ ਉਸ ਨੂੰ ਪੰਪ ਕਰਦਾ। ਵਹੀਰ ਵਿਚ ਵਿਚਰਦਿਆਂ ਲੰਗਰ ਦੀ ਸੇਵਾ ਉਹ ਬੜੇ ਚਾਅ ਨਾਲ ਸਾਂਭਦਾ ਸੀ। ਜਿਸ ਕਰ ਕੇ ਆਮ ਸਿੰਘ ਉਸ ਨੂੰ ਵਹੀਰ ਦੀ ਮਾਂ ਕਿਹਾ ਕਰਦੇ ਸਨ।

ਹੌਲੀ-ਹੌਲੀ ਉਸ ਦਾ ਨਾਮ ਪ੍ਰਮੁੱਖ ਨਿਰੰਕਾਰੀਆਂ ਦੀ ਸੋਧ-ਸੁਧਾਈ ਦੇ ਕਈ ਕੇਸਾਂ ਵਿਚ ਬੋਲਣ ਲੱਗਾ। ਮਹਿੰਗਾ ਸਿੰਘ ਬੱਬਰ ਜਥੇਬੰਦੀ ਦੇ ਅਹਿਮ ਸਿੰਘਾਂ ਵਿਚ ਗਿਣਿਆ ਜਾਣ ਲੱਗ ਪਿਆ ਸੀ। ਉਸ ਨੇ ਤਨ, ਮਾਨ, ਧਨ ਕੌਮ ਨੂਮ ਅਰਪਣ ਕਰ ਦਿੱਤਾ ਹੋਇਆ ਸੀ। ਸਾਕਾ ਨੀਲਾ ਤਾਰਾ ਤੋਂ ਕੁਝ ਸਮਾਂ ਪਹਿਲਾਂ ਉਹ ਅਨੰਦਪੁਰ ਸਾਹਿਬ ਵੱਲ ਯਾਤਰਾ ਕਰਨ ਗਿਆ ਤੇ ਵਾਪਸ ਮੁੜਦੇ ਸਮੇਂ ਕੀਰਤਪੁਰ ਸਾਹਿਬ ਬਾਬਾ ਗੁਰਦਿੱਤਾ ਜੀ ਦੇ ਅਸਥਾਨ 'ਤੇ ਖਲੋ ਕੇ ਮਹਿੰਗਾ ਸਿੰਘ ਬੱਬਰ ਨੇ ਅਰਦਾਸ ਕੀਤੀ:- "ਹੇ ਸੱਚੇ ਪਾਤਸ਼ਾਹ! ਇਸ ਅਸਥਾਨ ਲਈ ਸਿੱਖ ਸੰਗਤਾਂ ਵਿਚ ਇਹ ਗੱਲ ਮਸ਼ਹੂਰ ਹੈ ਕਿ ਜੋ ਵੀ ਅਰਦਾਸ ਏਥੇ ਕੀਤੀ ਜਾਵੇ, ਜੋ ਵੀ ਮੰਗ ਏਥੇ ਮੰਗੀ ਜਾਵੇ, ਉਹ ਜ਼ਰੂਰ ਹੀ ਪੂਰੀ ਹੁੰਦੀ ਹੈ... ਸੁਣਨ ਵਿਚ ਵੀ ਆਉਂਦੈ ਬਾਬਾ ਗੁਰਦਿੱਤਾ ਦੀਨ ਦੁਨੀ ਦਾ ਟਿੱਕਾ, ਜੋ ਵਰ ਮੰਗਿਆ ਸੋ ਵਰ ਦਿੱਤਾ... ਸਤਿਗੁਰੂ! ਮੇਰੀ ਇਹੋ ਮੰਗ ਹੈ ਕਿ ਸੱਚੇ ਪਾਤਸ਼ਾਹ ਸ਼ਹੀਦੀ ਦੀ ਦਾਤ ਬਖ਼ਸ਼ੋ, ਮੇਰਾ ਸਰੀਰ ਪੰਥ ਦੇ ਲੇਖੇ ਲੱਗ ਜਾਵੇ... ਤੇਰੀ ਬਖ਼ਸ਼ੀ ਸਿੱਖੀ ਕੇਸ਼ਾਂ-ਸੁਆਸਾਂ ਸੰਗ ਨਿਭ ਜਾਵੇ"।

ਅੰਤ ਭਾਈ ਮਹਿੰਗਾ ਸਿੰਘ ਬੱਬਰ ਆਪਣੀ ਕੀਤੀ ਅਰਦਾਸ ਨੂੰ ਤੋੜ-ਨਿਭਾ ਗਿਆ। ਸਤਿਗੁਰੂ ਸੱਚੇ ਪਾਤਸ਼ਾਹ ਨੇ ਉਸ ਦੇ ਮਨ ਦੀ ਰੀਝ ਪੂਰੀ ਕਰ ਦਿੱਤੀ ਅਤੇ ਉਹ ਸਾਕਾ ਨੀਲਾ ਤਾਰਾ ਦਾ ਪਹਿਲਾ ਸ਼ਹੀਦ ਹੋ ਨਿਬੜਿਆ। ਭਾਈ ਮਹਿੰਗਾ ਸਿੰਘ ਬੱਬਰ ਦਾ ਸਸਕਾਰ ਮੰਜੀ ਸਾਹਿਬ ਦੇ ਹਾਲ ਦੇ ਸਾਹਮਣੇ ਕੀਤਾ ਗਿਆ। ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਅਕਾਲ ਤਖ਼ਤ ਸਾਹਿਬ ਤੋਂ ਉਚੇਚਾ ਚੱਲ ਕੇ ਆਪਣੇ ਸਿੰਘਾਂ ਸਮੇਤ ਸ਼ਹੀਦ ਦੇ ਅੰਤਿਮ ਸਸਕਾਰ 'ਤੇ ਪਹੁੰਚੇ ਅਤੇ ਇਕ ਦੁਸ਼ਾਲਾ ਸ਼ਹੀਦ ਦੇ ਸਰੀਰ 'ਤੇ ਆਪਣੀ ਹੱਥੀਂ ਪਾਇਆ। ਸਾਰੇ ਦਾ ਸਾਰਾ ਪੰਥ ਢੱਕੋ-ਢੱਕੀ ਉਸ ਦੇ ਅੰਤਿਮ ਸਸਕਾਰ 'ਤੇ ਜੁੜ ਗਿਆ। ਸ਼ਹੀਦ ਦੀ ਅੰਤਿਮ ਅਰਦਾਸ ਵਿਚ ਸ਼੍ਰੋਮਣੀ ਅਕਾਲੀ ਦਲ, ਦਮਦਮੀ ਟਕਸਾਲ, ਅਖੰਡ ਕੀਰਤਨੀ ਜਥਾ ਅਤੇ ਸ਼੍ਰੋਮਣੀ ਕਮੇਟੀ ਦੀਆਂ ਅਹਿਮ ਸ਼ਖ਼ਸੀਅਤਾਂ ਸ਼ਾਮਲ ਹੋਈਆਂ। ਭਾਈ ਮਹਿੰਗਾ ਸਿੰਘ ਬੱਬਰ ਦੀ ਸ਼ਹੀਦੀ ਸਾਕਾ ਨੀਲਾ ਤਾਰਾ ਦੀ ਸ਼ੁਰੂਆਤ ਸੀ।


1 ਜੂਨ ਤੋਂ ਬਾਅਦ ਭਾਵੇਂ ਕਿ ਭਾਰਤੀ ਫੋਰਸਾਂ ਵੱਲੋਂ ਗਾਹੇ-ਬਗਾਹੇ ਸੰਗਤ ਉੱਤੇ ਗੋਲੀਬਾਰੀ ਹੁੰਦੀ ਰਹੀ ਪਰ ਜਰਨਲ ਸੁਬੇਗ ਸਿੰਘ ਦੇ ਆਰਡਰ 'ਤੇ ਸਿੰਘਾਂ ਨੇ ਫਾਇਰਿੰਗ ਨਹੀਂ ਕੀਤੀ। 1 ਤੇ 3 ਜੂਨ ਦੇ ਦਿਨ ਤਨਾਅ-ਭਰਪੂਰ ਹੀ ਰਹੇ। 4 ਜੂਨ ਸਵੇਰੇ ਚਾਰ ਕੁ ਵਜਦੇ ਨੂੰ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਵਿਹੜੇ ਵਿਚ ਫ਼ੌਜਾਂ ਵੱਲੋਂ ਦਾਗਿਆ ਇਕ ਗੋਲਾ ਡਿੱਗਿਆ ਤਾਂ ਸਿੰਘਾਂ ਨੇ ਫਾਇਰ ਖੋਲ੍ਹ ਦਿੱਤੇ। 'ਅਕਾਲ-ਅਕਾਲ' ਦੇ ਆਕਾਸ਼ ਗੁੰਜਾਊ ਨਾਅਰੇ ਅਸਮਾਨ ਨੂੰ ਛੂੰਹਣ ਲੱਗੇ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਾਨਸ਼ੀਨ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਨੂੰ ਸਮਰਪਿਤ ਹੋ ਕੇ ਜਾਨਾਂ ਹੀਲ ਕੇ ਲੜੇ। ਬੱਬਰਾਂ ਨੇ ਵੀ ਬਾਬਾ ਅਟੱਲ ਰਾਏ, ਗੁਰੂ ਨਾਨਕ ਨਿਵਾਸ ਦੀਆਂ ਇਮਾਰਤਾਂ ਵਿਚੋਂ ਭਾਰਤੀ ਫ਼ੌਜਾਂ ਦੇ ਹਮਲੇ ਦਾ ਬਣਦਾ ਜਵਾਬ ਦਿੱਤਾ। ਗੁਰੂ ਨਾਨਕ ਨਿਵਾਸ ਦੇ ਮਗਰ ਵਗਦਾ ਨਾਲਾ ਟੋਪੀਆਂ ਵਾਲਿਆ ਦੀਆਂ ਲਾਸ਼ਾਂ ਨਾ ਤੁੜਿਆ ਗਿਆ। ਜਦੋਂ ਬੱਬਰਾਂ ਕੋਲੋਂ ਅਸਲਾ ਖ਼ਤਮ ਹੋ ਗਿਆ ਅਤੇ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿਚ ਟੈਂਕ ਦਾਖਲ ਹੋ ਗਏ ਤੇ ਉਨ੍ਹਾਂ ਦੀਆਂ ਸਰਚ-ਲਾਈਟਾਂ ਦੀ ਰੌਸ਼ਨੀ ਸਿੰਘਾਂ ਦੀਆਂ ਅੱਖਾਂ ਚੁੰਧਿਆਉਣ ਲੱਗੀ ਤਾਂ ਉਨ੍ਹਾਂ ਨੇ ਸਿੰਘਾਂ ਦਰਮਿਆਨ ਗੁਰਮਤਾ ਕਰ ਕੇ ਸੰਘਰਸ਼ ਅਗਾਂਹ ਤੋਰਨ ਖਾਤਰ ਮੋਰਚੇ ਛੱਡਣ ਦਾ ਫੈਸਲਾ ਕਰ ਦਿੱਤਾ ਅਤੇ ਬਾਗ ਵਾਲੀ ਗਲੀ ਰਾਹੀਂ 19ਵੀਂ ਸਦੀ ਦੇ ਸਿੰਘਾਂ ਵਾਂਗ ਗੁਰੀਲਾ ਤਕਨੀਕ ਅਪਨਾਉਂਦੇ ਹੋਏ ਹਰਨ ਹੋ ਗਏ।

ਜਿੱਥੇ ਸ਼ਾਹਦਤਾਂ ਪਾਉਣ ਵਿਚ ਖਾੜਕੂ ਸਿੰਘਾਂ ਨੇ ਦਲੇਰੀ ਦਿਖਾਈ, ਉੱਤੇ ਆਮ ਸੰਗਤ ਵਿਚ ਗਏ ਕਈ ਗੁਰਮੁਖ ਪਿਆਰਿਆਂ ਨੇ ਵੀ ਦਰਬਾਰ ਸਾਹਿਬ ਅੰਦਰ ਕੀਰਤਨ ਦੀ ਮਰਿਯਾਦਾ ਕਾਇਮ ਰੱਖਣ ਲਈ ਆਪਣੀਆਂ ਜਾਨਾਂ ਦੀ ਪਰਵਾਹ ਨਹੀਂ ਕੀਤੀ। ਜਿਨ੍ਹਾਂ ਵਿਚ ਕੀਰਤਨੀ ਸੂਰਮੇ-ਸਿੰਘ ਭਾਈ ਅਮਰੀਕ ਸਿੰਘ ਦਾ ਜਥਾ ਕੀਰਤਨ ਕਰ ਕੇ ਵਾਪਸ ਮੁੜਦਾ ਹੋਇਆ ਇਲਾਇਚੀ ਬੇਰੀ ਕੋਲ ਭਾਰਤੀ ਫ਼ੌਜਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਿਆ। 6 ਜੂਨ ਦੀ ਸਵੇਰ ਦਰਬਾਰ ਸਾਹਿਬ ਅੰਦਰ ਕੋਈ ਕੀਰਤਨੀਆ ਨਾ ਜਾ ਸਕਿਆ ਤਾਂ ਅਖੰਡ ਕੀਰਤਨੀ ਜਥੇ ਨਾਲ ਸੰਬੰਧਿਤ ਕੀਰਤਨੀਏ ਭਾਈ ਗੁਰਦਿਆਲ ਸਿੰਘ ਹੋਰਾਂ ਨੇ ਕੀਰਤਨ-ਹਾਜ਼ਰੀਆਂ ਭਰੀਆਂ। ਉਨ੍ਹਾਂ ਦੇ ਇਕ ਹੋਰ ਸਾਥੀ ਭਾਈ ਅਵਤਾਰ ਸਿੰਘ ਪਾਰੋਵਾਲ 6 ਜੂਨ ਨੂੰ ਸਵੇਰੇ ਕੀਰਤਨ-ਹਾਜ਼ਰੀਆਂ ਭਰਦੇ ਹੋਏ ਗੋਲੀ ਲੱਗਣ ਕਰ ਕੇ ਦਰਬਾਰ ਸਾਹਿਬ ਅੰਦਰ ਹੀ ਜਾਮ-ਏ-ਸ਼ਹਾਦਤ ਪੀ ਗਏ। ਇਸੇ ਤਰ੍ਹਾਂ ਸ਼ਹੀਦ ਭਾਈ ਫੌਜਾ ਸਿੰਘ ਦੀ ਸਿੰਘਣੀ ਦੀ ਭੈਣ ਪਰਮਜੀਤ ਕੌਰ ਲਾਡੀ, ਬਾਬਾ ਸਵਾਇਆ ਸਿੰਘ ਜੀ ਦੀ ਛਬੀਲ ਕੋਲ ਸ਼ਹਾਦਤ ਪ੍ਰਾਪਤ ਗਈ। ਬੀਬੀ ਲਾਡੀ ਵੀ ਗੁਰੂ-ਪ੍ਰੇਮ ਵਿਚ ਭਿੱਜੀ ਹੋਈ ਰੂਹ ਸੀ। ਬੀਬੀ ਦਾ ਪਤੀ ਹਰਬੰਸ ਸਿੰਘ ਵਿਆਹ ਤੋਂ ਪਹਿਲਾਂ ਅੰਮ੍ਰਿਤਧਾਰੀ ਨਹੀਂ ਸੀ, ਸਗੋਂ ਬੀਬੀ ਜੀ ਦੀ ਸੰਗਤ ਕਰ ਕੇ ਉਸ ਦਾ ਜੀਵਨ ਬਦਲ ਗਿਆ ਸੀ। ਬੀਬੀ ਪਰਮਜੀਤ ਕੌਰ ਬੀ.ਏ. ਪਾਸ ਸੀ ਤੇ ਉਸ ਨੇ ਬਾਬਾ ਬੁੱਢਾ ਜੀ ਦੀ ਬੇਰੀ ਪਾਸ ਇਕ ਨਿੱਜੀ ਲਾਇਬ੍ਰੇਰੀ ਬਣਾਈ ਹੋਈ ਸੀ, ਜਿੱਥੋਂ ਸੰਗਤਾਂ ਪੜ੍ਹਨ ਲਈ ਗੁਰਮਤਿ ਲਿਟਰੇਚਰ ਫਰੀ ਪ੍ਰਾਪਤ ਕਰਦੀਆਂ ਸਨ। ਭਾਈ ਫ਼ੌਜਾ ਸਿੰਘ ਉਸ ਨੂੰ 'ਸ਼ਹੀਦ-ਰੂਹ' ਕਿਹਾ ਕਰਦੇ ਸਨ। ਬੀਬੀ ਵਿਚ ਸਿੱਖੀ ਪ੍ਰਚਾਰ ਦੀ ਬੜੀ ਲਗਨ ਸੀ। ਉਹ ਘਰੇਲੂ ਕੰਮਾਂ-ਕਾਰਾਂ ਨੂੰ ਜਲਦੀ ਨਿਬੇੜ ਕੇ ਹਰ ਰੋਜ਼ ਬਾਬਾ ਅਟੱਲ ਰਾਏ ਵਿਖੇ ਨਿੱਕੇ-ਨਿੱਕੇ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਇਆ ਕਰਦੀ ਸੀ।

ਬੀਬੀ ਦੀ ਸੰਗਤ ਨਾਲ ਕਈ ਭੁਝੰਗੀ ਅੰਮ੍ਰਿਤਧਾਰੀ ਹੋਏ। 4 ਜੂਨ ਨੂੰ ਬੀਬੀ ਪਰਮਜੀਤ ਕੌਰ ਆਪਣੀ ਇਕ ਹੋਰ ਸਾਥਣ ਇੰਦਰਜੀਤ ਕੌਰ ਨਾਲ ਦਰਬਾਰ ਸਾਹਿਬ ਆਈ ਤੇ 6 ਜੂਨ ਸਵੇਰ ਤਕ ਬਾਲਟੀ ਵਿਚ ਪਾਣੀ ਭਰ ਕੇ ਹੱਥ ਵਿਚ ਬਾਟਾ ਫੜ ਕੇ ਮੋਰਚਿਆਂ ਉੱਪਰ ਲੜਨ ਵਾਲੇ ਸਿੰਘਾਂ ਨੂੰ ਪਾਣੀ ਪਿਆਉਣ ਦੀ ਸੇਵਾ ਕਰਦੀ ਰਹੀ। ਬੀਬੀ ਅਮਰਜੀਤ ਕੌਰ (ਸੁਪਤਨੀ ਫ਼ੌਜਾ ਸਿੰਘ) ਨੂੰ ਲੈਣ ਵਾਸਤੇ ਸਰਾਂ ਵਾਲੇ ਪਾਸੇ ਤੋਂ ਇਕ ਸਿੰਘ ਆਇਆ ਤਾਂ ਉਹਨਾਂ ਨੇ ਬੀਬੀ ਪਰਮਜੀਤ ਕੌਰ ਨੂੰ ਨਾਲ ਜਾਣ ਨੂੰ ਕਿਹਾ, ਪਰ ਪਰਮਜੀਤ ਕੌਰ ਨੇ ਵਾਰ-ਵਾਰ ਕਹਿਣ 'ਤੇ ਵੀ ਜਾਣ ਤੋਂ ਮਨਾ ਤੋਂ ਕਰ ਦਿੱਤਾ ਅਤੇ ਕਿਹਾ ਕਿ ਜਿਹੜਾ ਅੱਜ ਇਥੇ ਸ਼ਹੀਦ ਹੋਵੇਗਾ, ਉਹ ਸਿੱਧਾ ਹੋਵੇਗਾ, ਉਹ ਸਿੱਧਾ ਗੁਰੂ ਗੋਬਿੰਦ ਸਿੰਘ ਦੀ ਗੋਦ ਵਿਚ ਜਾਵੇਗਾ। ਸਿੰਘਾਂ ਦੀ ਸੇਵਾ ਕਰਦੀ ਹੋਈ, ਜਦੋਂ ਉਹ ਪਾਣੀ ਵਰਤਾ ਰਹੀ ਸੀ ਤਾਂ ਫ਼ੌਜੀਆਂ ਨੇ ਉਸ ਉੱਪਰ ਗਰਨੇਡ ਸੁੱਟਿਆ ਤੇ ਉਹ ਸ਼ਹੀਦੀ ਪ੍ਰਾਪਤ ਕਰ ਗਈ। ਉਸ ਦੀ ਸਾਥਣ ਬੀਬੀ ਇੰਦਰਜੀਤ ਕੌਰ ਸਖ਼ਤ ਜ਼ਖ਼ਮੀ ਹੋ ਗਈ ਅਤੇ ਆਪਣੀ ਇਕ ਅੱਖ ਗਵਾ ਬੈਠੀ। ਬਾਅਦ ਵਿਚ ਬੀਬੀ ਇੰਦਰਜੀਤ ਕੌਰ ਨੂੰ ਜੋਧਪੁਰ ਜੇਲ੍ਹ ਵੀ ਜਾਣਾ ਪਿਆ।

ਓੜਕ ਸੰਤ ਗਿਆਨੀ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨਾਲ ਸਾਥ ਨਿਭਾਉਂਦੇ ਹੋਏ ਅਨੇਕਾਂ ਸੂਰਬੀਰਾਂ ਨੇ ਲਾੜੀ ਮੌਤ ਨੂੰ ਵਰ੍ਹ ਲਿਆ ਪਰ ਗੁਲਾਮੀ ਦੀ ਜ਼ਿੰਦਗੀ ਕਬੂਲ ਨਹੀਂ ਕੀਤੀ। ਭਾਈ ਮਹਿੰਗਾ ਸਿੰਘ ਬੱਬਰ, ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ, ਬਾਬਾ ਨਾਹਰ ਸਿੰਘ, ਭਾਈ ਅਮਰੀਕ ਸਿੰਘ, ਭਾਈ ਮੇਜਰ ਸਿੰਘ ਨਾਗੋਕੇ, ਭਾਈ ਸੁਰਿੰਦਰ ਸਿੰਘ ਨਾਗੋਕੇ ਤੇ ਅਨੇਕਾਂ ਸੂਰਬੀਰ ਯੋਧਿਆਂ ਦੀਆਂ ਸ਼ਹਾਦਤਾਂ ਸਿੱਖ ਇਤਿਹਾਸ ਦਾ ਸੁਨਹਿਰੀ ਅੰਕ ਹੋ ਨਿਬੜੀਆਂ ਹਨ। ਅਸੀਂ ਸਾਕਾ ਨੀਲਾ ਤਾਰਾ ਦੇ ਸਮੂਹ ਜਾਂਬਾਜ਼ ਯੋਧਿਆਂ ਸਿੰਘਾਂ, ਸਿੰਘਣੀਆਂ ਅਤੇ ਇਸ ਕਾਂਡ ਦੇ ਮਹਾਂਨਾਇਕ ਸ਼ਹੀਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆ ਨੂੰ ਕਰੋੜ ਵਾਰ ਸੀਸ ਨਿਵਾਉਂਦੇ ਹਾਂ। ਆਓ, ਸਾਰੇ ਰਲ ਕੇ ਸ਼ਹੀਦਾਂ ਦੇ ਉਲੀਕੇ ਪ੍ਰੋਗਰਾਮ ਨੂੰ ਅੱਗੇ ਵਧਾਈਏ। ਸ਼ਹੀਦਾਂ ਦੀ ਸੋਚ 'ਤੇ ਪਹਿਰਾ ਦੇਣਾ ਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ............।

**ਜ਼ਿੰਦਾ ਰਹਿਨਾ ਚਾਹਤੇ ਹੋ ਤੋ ਕੋਹਰਾਮ ਮਚਾ ਦੋ,**
**ਯਹ ਮਜ਼ਾਰੇ ਖਾਮੋਸ਼ੀ ਤੁਮ੍ਹੇ ਜੀਨੇ ਨਹੀਂ ਦੇਗੀ...।**



# ਬਾਲ ਸੰਸਾਰ



# ਸਫਲਤਾ ਦੀ ਅਸਲ ਕੁੰਜੀ

ਲੇਖਕ : ਤਰਸੇਮ ਸਿੰਘ ਬੁੱਟਰ
ਸੰਪਰਕ : 81465-82152

ਜੀਵਨ ਵਿੱਚ ਸਫਲਤਾ ਦਾ ਕਾਰਗਰ ਮੰਤਰ ਹੈ 'ਹਿੰਮਤ'। ਹਿੰਮਤੀ ਮਨੁੱਖ ਮਿਹਨਤ ਰੂਪੀ ਕੁੰਜੀ ਨਾਲ ਜ਼ਿੰਦਗੀ ਦੇ ਜੰਗਾਲੇ ਹੋਏ ਜੰਦਰਿਆਂ ਨੂੰ ਬਿਨਾਂ ਤੇਲ ਦਿੱਤਿਆਂ ਖੋਲ੍ਹ ਕੇ ਭਵਿੱਖ ਰੂਪੀ ਦਰਵਾਜ਼ਾ ਖੋਲ੍ਹਦੇ ਹਨ। ਹਿੰਮਤ ਅਕਸਰ ਹੀ ਟੁੱਟੇ ਤੇ ਥੱਕੇ, ਜੀਵਨ ਤੋਂ ਅੱਕੇ, ਹੰਭੇ-ਹਾਰਿਆਂ, ਕਰਮਾਂ ਮਾਰਿਆਂ, ਬੇਆਸ, ਨਿਰਾਸ਼, ਉਦਾਸ ਤੇ ਮਾਨਵੀ ਜੀਵਨ ਨੂੰ ਅਕਬਕਾ ਤੇ ਨੀਰਸ ਸਮਝਣ ਵਾਲੇ ਲੋਕਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਸੰਜੀਵਨੀ ਬੂਟੀ ਹੋ ਨਿੱਬੜਦੀ ਹੈ। ਹਿੰਮਤਹੀਣ ਮਨੁੱਖ ਨੂੰ ਆਲਸ, ਸੁਸਤੀ ਤੇ ਘੌਲ ਆਪਣੀ ਲਪੇਟ ਵਿੱਚ ਲੈ ਕੇ ਉਸ ਦੀ ਹੋਂਦ ਲਈ ਖ਼ਤਰੇ ਦਾ ਸਬੱਬ ਬਣ ਜਾਂਦੀਆਂ ਹਨ। ਪਰ ਇਸ ਦੇ ਵਿਪਰੀਤ ਹਿੰਮਤ ਦਾ ਪੱਲਾ ਫੜਨ ਵਾਲੇ ਅਗਾਂਹਵਧੂ ਲੋਕ ਜੀਵਨ ਦੀਆਂ ਕਠਿਨਾਈਆਂ, ਪਰਬਤਾਂ ਦੀਆਂ ਉੱਚਾਈਆਂ, ਸਮੁੰਦਰ ਦੀਆਂ ਗਹਿਰਾਈਆਂ, ਤਪਦੇ ਥਲ ਤੇ ਵਗਦੇ ਜਲ ਨੂੰ ਸਹਿਜਤਾ, ਸਰਲਤਾ ਅਤੇ ਸੰਜਮਤਾ ਨਾਲ ਪਾਰ ਕਰਨ ਦੀ ਅਥਾਹ ਸਮਰੱਥਾ ਰੱਖਦੇ ਹਨ। ਹਿੰਮਤ ਦੇ ਸਹਾਰੇ ਭਿਆਨਕ ਜੰਗਲ-ਬੇਲੇ ਬੇਖ਼ੌਫ਼ ਹੋ ਕੇ ਗਾਹੇ ਜਾ ਸਕਦੇ ਹਨ ਤੇ ਦੂਰ ਦਿਸਦੇ ਚੰਨ ਦੀ ਯਾਤਰਾ ਕੀਤੀ ਜਾ ਸਕਦੀ ਹੈ। ਹਿੰਮਤੀ ਬੰਦੇ ਦੀ ਪਹੁੰਚ ਪਤਾਲ ਤੋਂ ਲੈ ਕੇ ਆਕਾਸ਼ ਤਕ ਹੁੰਦੀ ਹੈ। ਹਿੰਮਤ ਨਾਲ ਇਨਸਾਨ ਦੇ ਆਤਮ ਵਿਸ਼ਵਾਸ ਦੇ ਖੰਭ ਉੱਗ ਆਉਂਦੇ ਹਨ, ਜਿਸ ਨਾਲ ਲੰਬੀਆਂ ਉਡਾਣਾਂ ਭਰਨੀਆਂ ਆਸਾਨ ਹੋ ਜਾਂਦੀਆਂ ਹਨ।

ਹਿੰਮਤ ਦੇ ਧਾਰਨੀ ਬਰਬਾਦ ਹੋ ਕੇ ਵੀ ਆਬਾਦ ਹੋ ਜਾਂਦੇ ਹਨ, ਪਰ ਹਿੰਮਤਹੀਣ ਵਿਅਕਤੀ ਬਰਬਾਦ ਹੋ ਕੇ ਅਜਿਹਾ ਢਹਿ-ਢੇਰੀ ਹੁੰਦਾ ਹੈ ਕਿ ਉਹ ਕਦੇ ਮੁੜ ਉਸਰ ਨਹੀਂ ਸਕਦਾ। ਕਰਮਹੀਣ, ਦਿਸ਼ਾਹੀਣ, ਕੰਮਚੋਰ ਤੇ ਆਰਾਮਖੋਰ ਲੋਕ ਆਪਣੇ ਮਨੋਰਥ ਦੀ ਪ੍ਰਾਪਤੀ ਲਈ ਅਰਦਾਸਾਂ ਤਾਂ ਬਹੁਤ ਕਰਦੇ ਹਨ, ਪਰ ਕੰਮ ਨਹੀਂ ਕਰਦੇ। ਪਰਮਾਤਮਾ ਵੀ ਅਕਸਰ ਹਿੰਮਤੀ ਬੰਦਿਆਂ ਦੀ ਮਦਦ ਕਰਦਾ ਹੈ। ਹਿੰਮਤ ਨਾਲ ਅਸੰਭਵ ਨੂੰ ਸੰਭਵ, ਅਸਫਲਤਾ ਨੂੰ ਸਫਲਤਾ, ਨਿਰਾਸ਼ਾ ਨੂੰ ਆਸ਼ਾ, ਨੁਕਸਾਨ ਨੂੰ ਨਫ਼ੇ, ਢਹਿੰਦੀਕਲਾ ਨੂੰ ਚੜ੍ਹਦੀਕਲਾ ਤੇ ਬਿਮਾਰੀ ਨੂੰ ਤੰਦਰੁਸਤੀ ਵਿੱਚ ਮੁਫ਼ਤੋ-ਮੁਫ਼ਤੀ ਤਬਦੀਲ ਕੀਤਾ ਜਾ ਸਕਦਾ ਹੈ। ਜਿੱਥੇ ਹਿੰਮਤ ਦੀ ਗ਼ੈਰ-ਹਾਜ਼ਰੀ ਪ੍ਰਗਤੀ ਦੇ ਸਾਰੇ ਰਾਹ ਬੰਦ ਕਰ ਦਿੰਦੀ ਹੈ, ਉੱਥੇ ਹਿੰਮਤ ਦੀ ਹਾਜ਼ਰੀ-ਹਜ਼ੂਰੀ ਵਿੱਚ ਤਬਾਹਕੁੰਨ ਤੂਫ਼ਾਨ, ਵਿਕਰਾਲ ਸਮੁੰਦਰੀ ਲਹਿਰਾਂ ਤੇ ਦਿਲ ਦਹਿਲਾ ਦੇਣ ਵਾਲੇ ਭੁਚਾਲ ਵੀ ਸ਼ਾਂਤ ਹੋ ਜਾਂਦੇ ਹਨ।

ਹਿੰਮਤ ਮਨੁੱਖ ਨੂੰ ਹੁਨਰ, ਕਲਾ, ਅਭਿਆਸ, ਜਾਚ, ਤਜਰਬਾ, ਸਿਖਲਾਈ, ਅਨੁਭਵ, ਮੁਹਾਰਤ ਅਤੇ ਗਤੀ ਬਖ਼ਸ਼ਣ ਦੇ ਨਾਲ-ਨਾਲ ਔਖੇ ਤੋਂ ਔਖੇ ਅਤੇ ਪ੍ਰਤੀਕੂਲ ਹਾਲਾਤਾਂ ਨਾਲ ਜੂਝਣ ਤੇ ਸਿੱਝਣ ਦੇ ਸਮਰੱਥ ਤੇ ਪ੍ਰਪੱਕ ਬਣਾਉਂਦੀ ਹੈ। ਹਿੰਮਤੀ ਮਨੁੱਖ ਦੂਸਰਿਆਂ ਲਈ ਪ੍ਰੇਰਨਾ ਸਰੋਤ ਅਤੇ ਰਾਹ ਦਸੇਰਾ ਬਣਦਾ ਹੈ। ਹਿੰਮਤ ਜੀਵਨ ਉਦੇਸ਼ ਦੀ ਪ੍ਰਾਪਤੀ ਲਈ ਰਾਹ ਪੱਧਰਾ ਕਰਨ ਦੀ ਅਹਿਮ ਭੂਮਿਕਾ ਅਦਾ ਕਰਦੀ ਹੈ। ਮਨੁੱਖ ਦੇ ਮੁਕਾਬਲੇ ਪਸ਼ੂ-ਪੰਛੀ, ਜੀਵ-ਜੰਤੂ ਤੇ ਕੀਟ-ਪਤੰਗੇ ਵੱਧ ਹਿੰਮਤੀ, ਸਿਰੜੀ ਤੇ ਮਿਹਨਤਕਸ਼ ਹੁੰਦੇ ਹਨ। ਹਿੰਮਤੀ ਮਨੁੱਖ ਕੋਲ ਅਨੇਕਾਂ ਰੁਝੇਵੇਂ ਹੋਣ ਦੇ ਬਾਵਜੂਦ ਵੀ ਵਿਹਲ ਹੁੰਦੀ ਹੈ, ਪਰ ਹਿੰਮਤ ਤੋਂ ਸੱਖਣੇ ਸੱਜਣ ਵਿਹਲੇ ਹੋਣ ਦੀ ਸੂਰਤ ਵਿੱਚ ਵੀ ਆਖਦੇ ਹਨ 'ਸਾਡੇ ਕੋਲ ਸਮਾਂ ਨਹੀਂ।' ਹਿੰਮਤੀ ਹੋਣ ਕਾਰਨ ਪੱਛਮੀ ਮੁਲਕਾਂ ਨੇ ਬੇਅੰਤ ਆਰਥਿਕ ਤਰੱਕੀ ਕੀਤੀ ਹੈ। ਹਿੰਮਤ ਅਜਿਹਾ ਸਰਮਾਇਆ ਹੈ, ਜਿਸ ਨਾਲ ਮਾਇਆ ਦੀ ਘਾਟ ਨਹੀਂ ਰਹਿੰਦੀ।

ਸੋ ਆਓ, ਇਸ ਬਹੁਮੱਲੇ ਜੀਵਨ ਦੀ ਦਸ਼ਾ ਤੇ ਦਿਸ਼ਾ ਨਿਖਾਰਨ ਅਤੇ ਸੁਧਾਰਨ ਲਈ ਅਤੇ ਸਾਰਥਕ ਜੀਵਨ ਉਦੇਸ਼ ਦੀ ਪ੍ਰਾਪਤੀ ਲਈ ਹਿੰਮਤ ਨੂੰ ਆਪਣੀ ਆਦਤ ਤੇ ਜੀਵਨ ਸ਼ੈਲੀ ਦਾ ਅਟੁੱਟ ਅੰਗ ਬਣਾਈਏ।


# ਅਮਰੀਕਾ ਦਾ ਵ੍ਹਾਈਟ ਹਾਊਸ ਸਫ਼ੈਦ ਕਿਉਂ ਹੈ?

ਲਿਖਤ : ਪ੍ਰੋ. ਜਸਪ੍ਰੀਤ ਕੌਰ, ਸੰਪਰਕ: 94178-31583



ਵ੍ਹਾਈਟ ਹਾਊਸ, ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਦਾ ਸਰਕਾਰੀ ਨਿਵਾਸ ਸਥਾਨ ਹੈ। ਇਹ ਵਾਸ਼ਿੰਗਟਨ ਡੀ.ਸੀ. ਸ਼ਹਿਰ ਵਿੱਚ ਸਥਿਤ ਹੈ। ਜਦੋਂ ਇਸ ਭਵਨ ਦਾ ਨਿਰਮਾਣ ਹੋਇਆ ਸੀ, ਉਦੋਂ ਨਾ ਤਾਂ ਇਸ ਦਾ ਰੰਗ ਸਫ਼ੈਦ ਸੀ ਅਤੇ ਨਾ ਹੀ ਇਸ ਦਾ ਨਾਂ ਵ੍ਹਾਈਟ ਹਾਊਸ ਸੀ। ਇਸ ਭਵਨ ਦੇ ਨਿਰਮਾਣ ਦਾ ਨਕਸ਼ਾ ਜੇਮਸ ਹਾਬਨ ਨਾਮਕ ਇੰਜਨੀਅਰ ਨੇ ਤਿਆਰ ਕੀਤਾ ਸੀ। 13 ਅਕਤੂਬਰ 1792 ਵਿੱਚ ਇਸ ਭਵਨ ਦੀ ਨੀਂਹ ਰੱਖੀ ਗਈ ਅਤੇ ਸੰਨ 1800 ਵਿੱਚ ਇਸ ਦਾ ਨਿਰਮਾਣ ਕਾਰਜ ਪੂਰਾ ਹੋਇਆ। ਇਹ ਭਵਨ ਸਲੇਟੀ ਰੰਗ ਦੇ ਪੱਥਰਾਂ ਦਾ ਬਣਾਇਆ ਗਿਆ ਸੀ। ਉਸ ਸਮੇਂ ਇਸ ਦਾ ਰੰਗ ਸਫ਼ੈਦ ਨਹੀਂ ਸੀ। ਇਸ ਭਵਨ ਵਿੱਚ ਸਭ ਤੋਂ ਪਹਿਲਾਂ ਰਹਿਣ ਵਾਲੇ ਰਾਸ਼ਟਰਪਤੀ ਜਾਨ ਐਡਮਜ਼ ਸਨ। ਉਦੋਂ ਤੋਂ ਇਹ ਭਵਨ ਅਮਰੀਕਾ ਦੇ ਹਰ ਰਾਸ਼ਟਰਪਤੀ ਦਾ ਸਰਕਾਰੀ ਨਿਵਾਸ ਰਿਹਾ ਹੈ। 24 ਅਗਸਤ 1814 ਵਿੱਚ ਹੋਏ ਯੁੱਧ ਦੇ ਦੌਰਾਨ ਬ੍ਰਿਟਿਸ਼ ਸੈਨਾਵਾਂ ਨੇ ਵਾਸ਼ਿੰਗਟਨ ਉੱਪਰ ਹਮਲਾ ਕਰ ਦਿੱਤਾ ਅਤੇ ਇਸ ਭਵਨ ਨੂੰ ਸਾੜ ਦਿੱਤਾ। ਇਸ ਹਮਲੇ ਤੋਂ ਬਾਅਦ ਇਸ ਦਾ ਇੱਕ ਛੋਟਾ ਜਿਹਾ ਭਾਗ ਹੀ ਸੁਰੱਖਿਅਤ ਬਚਿਆ ਸੀ। ਹਾਬਨ ਦੀ ਦੇਖ-ਰੇਖ ਵਿੱਚ ਇਸ ਭਵਨ ਦਾ ਨਿਰਮਾਣ ਦੁਬਾਰਾ ਸ਼ੁਰੂ ਕੀਤਾ ਗਿਆ, ਜੋ ਸੰਨ 1817 ਵਿੱਚ ਪੂਰਾ ਹੋਇਆ। ਇਸ ਦੀਆਂ ਦੀਵਾਰਾਂ ਤੋਂ ਅੱਗ ਅਤੇ ਧੂੰਏਂ ਦੇ ਧੱਬੇ ਹਟਾਉਣ ਲਈ ਇਸ ਨੂੰ ਸਫ਼ੈਦ ਰੰਗ ਦੇ ਨਾਲ ਰੰਗਿਆ ਗਿਆ। ਸਫ਼ੈਦ ਰੰਗ ਕਾਰਨ ਇਸ ਭਵਨ ਨੂੰ ਵ੍ਹਾਈਟ ਹਾਊਸ ਦੇ ਨਾਂ ਨਾਲ ਪੁਕਾਰਿਆ ਜਾਣ ਲੱਗਾ ਪਰ ਸਰਕਾਰੀ ਤੌਰ 'ਤੇ ਇਸ ਭਵਨ ਦਾ ਨਾਂ 'ਵ੍ਹਾਈਟ ਹਾਊਸ' ਸਾਲ 1902 ਵਿੱਚ ਰਾਸ਼ਟਰਪਤੀ ਥਿਓਡੋਰ ਰੂਜ਼ਵੈਲਟ ਨੇ ਰੱਖਿਆ ਸੀ। ਇਸ ਭਵਨ ਦੀਆਂ ਤਿੰਨ ਮੰਜ਼ਿਲਾਂ ਹਨ ਜਿਨ੍ਹਾਂ ਵਿੱਚ ਸੌ ਕਮਰੇ ਹਨ। ਇਨ੍ਹਾਂ ਦੇ ਰੰਗ ਅਲੱਗ-ਅਲੱਗ ਹਨ। ਉਦਾਹਰਨ ਦੇ ਲਈ ਅੰਡਾਕਾਰ ਨੀਲੇ ਰੰਗ ਦਾ ਕਮਰਾ ਰਾਸ਼ਟਰਪਤੀ ਅਤੇ ਉਨ੍ਹਾਂ ਦੀ ਪਤਨੀ ਦੇ ਮਹਿਮਾਨਾਂ ਦੇ ਲਈ ਸਵਾਗਤੀ ਕਮਰਾ ਹੈ। ਲਾਲ ਰੰਗ ਦੇ ਕਮਰੇ ਵਿੱਚ ਉਸ ਸਮੇਂ ਦੀਆਂ ਚੀਜ਼ਾਂ ਸੰਭਾਲੀਆਂ ਗਈਆਂ ਹਨ, ਜਦੋਂ ਅਮਰੀਕਾ, ਇੰਗਲੈਂਡ ਦੇ ਅਧੀਨ ਸੀ। 'ਰੋਜ਼' ਨਾਮਕ ਮਹਿਮਾਨ ਕਮਰੇ ਵਿੱਚ ਰਾਸ਼ਟਰਪਤੀ ਅਤੇ ਉਨ੍ਹਾਂ ਦਾ ਪਰਿਵਾਰ ਰਹਿੰਦਾ ਹੈ।

## ਕੀ ਤੁਸੀਂ ਹੇਠਾਂ ਦਿੱਤੀ ਸ਼ਬਦ ਪਹੇਲੀ ਨੂੰ ਹੱਲ ਕਰ ਸਕਦੇ ਹੋ?





## ਬਿੰਦੂ ਮਿਲਾਓ



## ਰਸਤਾ ਲੱਭੋ



## ਪਹੇਲੀ ਹੱਲ ਕਰੋ



# ਸਿੱਖਿਆ ਪ੍ਰਣਾਲੀ 'ਤੇ ਏ.ਆਈ. ਦਾ ਪਰਛਾਵਾਂ, ਵਿਦਿਆਰਥੀਆਂ ਦੀ ਸੋਚਣ ਸ਼ਕਤੀ ਨੂੰ ਲੈ ਕੇ ਗੰਭੀਰ ਚਿੰਤਾ

**ਪਰਮਜੀਤ ਸਿੰਘ**

ਆਸਟਰੇਲੀਆ ਦੇ ਨਿਊ ਸਾਊਥ ਵੇਲਜ਼ ਸੂਬੇ ਦੇ ਸਕੂਲਾਂ ਅੰਦਰ ਮਸਨੂਈ ਬੁੱਧੀ ਯਾਨੀ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਨੇ ਇੱਕ ਗੰਭੀਰ ਚਿੰਤਾ ਪੈਦਾ ਕਰ ਦਿੱਤੀ ਹੈ। ਵਿਦਿਆਰਥੀਆਂ ਵੱਲੋਂ ਚੈਟ ਜੀਪੀਟੀ ਵਰਗੇ ਆਧੁਨਿਕ ਟੂਲਾਂ ਦੀ ਮਦਦ ਨਾਲ ਅਸਾਈਨਮੈਂਟਾਂ ਅਤੇ ਹੋਰ ਸਕੂਲੀ ਕੰਮ ਪੂਰੇ ਕਰਨ ਦਾ ਰੁਝਾਨ ਬਹੁਤ ਤੇਜ਼ੀ ਨਾਲ ਵਧਿਆ ਹੈ। ਇਸ ਵਰਤਾਰੇ ਨੇ ਸਿੱਖਿਆ ਸ਼ਾਸਤਰੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਤਕਨਾਲੋਜੀ ਨੇ ਜਿੱਥੇ ਸਿੱਖਣ ਦੇ ਨਵੇਂ ਰਾਹ ਖੋਲ੍ਹੇ ਹਨ, ਉੱਥੇ ਹੀ ਇਸ ਦੇ ਗਲਤ ਇਸਤੇਮਾਲ ਨੇ ਸਿੱਖਿਆ ਪ੍ਰਣਾਲੀ ਦੀ ਬੁਨਿਆਦ ਉੱਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਹ ਮਸਲਾ ਸਿਰਫ਼ ਇੱਕ ਸੂਬੇ ਤੱਕ ਸੀਮਤ ਨਹੀਂ ਰਿਹਾ ਸਗੋਂ ਫੈਡਰਲ ਪੱਧਰ ਉੱਤੇ ਵੀ ਸਿੱਖਿਆ ਨੀਤੀਆਂ ਵਿੱਚ ਸੁਧਾਰ ਕਰਨ ਬਾਰੇ ਚਰਚਾਵਾਂ ਸ਼ੁਰੂ ਹੋ ਗਈਆਂ ਹਨ।

ਹਾਲ ਹੀ ਵਿੱਚ ਹੋਏ ਇੱਕ ਸਰਵੇਖਣ ਅਨੁਸਾਰ ਲਗਪਗ 50 ਫੀਸਦੀ ਅਧਿਆਪਕਾਂ ਨੇ ਖੁੱਲ੍ਹ ਕੇ ਮੰਨਿਆ ਹੈ ਕਿ ਉਹ ਵਿਦਿਆਰਥੀਆਂ ਨੂੰ ਇਹਨਾਂ ਟੂਲਾਂ ਦੀ ਮਦਦ ਨਾਲ ਨਕਲ ਕਰਨ ਤੋਂ ਰੋਕਣ ਵਿੱਚ ਪੂਰੀ ਤਰ੍ਹਾਂ ਅਸਮਰੱਥ ਮਹਿਸੂਸ ਕਰ ਰਹੇ ਹਨ। ਅਧਿਆਪਕਾਂ ਦਾ ਕਹਿਣਾ ਹੈ ਕਿ ਮਸਨੂਈ ਬੁੱਧੀ ਨਾਲ ਤਿਆਰ ਕੀਤੇ ਗਏ ਕੰਮ ਦੀ ਪਛਾਣ ਕਰਨਾ ਹੁਣ ਬਹੁਤ ਮੁਸ਼ਕਲ ਜਾਂ ਲਗਪਗ ਅਸੰਭਵ ਬਣ ਚੁੱਕਾ ਹੈ। ਪਹਿਲਾਂ ਜਦੋਂ ਵਿਦਿਆਰਥੀ ਇੰਟਰਨੈੱਟ ਤੋਂ ਸਮੱਗਰੀ ਕਾਪੀ ਕਰਦੇ ਸਨ ਤਾਂ ਸਾਫਟਵੇਅਰ ਦੀ ਮਦਦ ਨਾਲ ਉਸ ਨੂੰ ਆਸਾਨੀ ਨਾਲ ਫੜਿਆ ਜਾ ਸਕਦਾ ਸੀ। ਪਰ ਹੁਣ ਇਹ ਨਵੇਂ ਟੂਲ ਹਰ ਵਾਰ ਇੱਕ ਨਵਾਂ ਅਤੇ ਮੌਲਿਕ ਲੱਗਣ ਵਾਲਾ ਜਵਾਬ ਤਿਆਰ ਕਰਦੇ ਹਨ, ਜਿਸ ਕਾਰਨ ਸਾਧਾਰਨ ਪਲੈਜਰਿਜ਼ਮ ਸਾਫਟਵੇਅਰ ਵੀ ਇਹਨਾਂ ਨੂੰ ਫੜਨ ਵਿੱਚ ਨਾਕਾਮ ਸਾਬਤ ਹੋ ਰਹੇ ਹਨ। ਇਹ ਸਥਿਤੀ ਅਧਿਆਪਕਾਂ ਲਈ ਬਹੁਤ ਨਿਰਾਸ਼ਾਜਨਕ ਬਣਦੀ ਜਾ ਰਹੀ ਹੈ।

ਸਿੱਖਿਆ ਮਾਹਿਰਾਂ ਨੇ ਇਸ ਰੁਝਾਨ ਪ੍ਰਤੀ ਸਖ਼ਤ ਚਿਤਾਵਨੀ ਦਿੱਤੀ ਹੈ। ਉਹਨਾਂ ਦਾ ਮੰਨਣਾ ਹੈ ਕਿ ਜੇਕਰ ਵਿਦਿਆਰਥੀਆਂ ਦੀ ਇਹ ਨਿਰਭਰਤਾ ਇਸੇ ਤਰ੍ਹਾਂ ਜਾਰੀ ਰਹੀ ਤਾਂ ਇਸ ਦੇ ਨਤੀਜੇ ਬਹੁਤ ਭਿਆਨਕ ਹੋ ਸਕਦੇ ਹਨ। ਸਿੱਖਿਆ ਦਾ ਮੁੱਖ ਉਦੇਸ਼ ਸਿਰਫ਼ ਜਾਣਕਾਰੀ ਇਕੱਠੀ ਕਰਨਾ ਨਹੀਂ ਹੁੰਦਾ, ਸਗੋਂ ਦਿਮਾਗੀ ਵਿਕਾਸ, ਆਲੋਚਨਾਤਮਕ ਸੋਚ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਦੀ ਯੋਗਤਾ ਪੈਦਾ ਕਰਨਾ ਹੁੰਦਾ ਹੈ। ਜਦੋਂ ਇੱਕ ਵਿਦਿਆਰਥੀ ਆਪਣਾ ਲੇਖ ਜਾਂ ਪ੍ਰੋਜੈਕਟ ਲਿਖਣ ਲਈ ਮਸ਼ੀਨ ਦੀ ਵਰਤੋਂ ਕਰਦਾ ਹੈ, ਤਾਂ ਉਹ ਸੋਚਣ ਦੀ ਪ੍ਰਕਿਰਿਆ ਵਿੱਚੋਂ ਬਾਹਰ ਹੋ ਜਾਂਦਾ ਹੈ। ਇਸ ਨਾਲ ਵਿਦਿਆਰਥੀਆਂ ਦੀ ਸੋਚਣ, ਲਿਖਣ ਅਤੇ ਖੁਦ ਸਿੱਖਣ ਦੀ ਯੋਗਤਾ ਬੁਰੀ ਤਰ੍ਹਾਂ ਕਮਜ਼ੋਰ ਹੋ ਰਹੀ ਹੈ। ਬੱਚੇ ਆਪਣੀ ਮਿਹਨਤ ਦੀ ਬਜਾਏ ਤਕਨਾਲੋਜੀ ਉੱਤੇ ਨਿਰਭਰ ਹੋ ਰਹੇ ਹਨ, ਜੋ ਉਹਨਾਂ ਦੇ ਸੁਨਹਿਰੀ ਭਵਿੱਖ ਲਈ ਇੱਕ ਖਤਰੇ ਦੀ ਘੰਟੀ ਹੈ।

ਨਿਊ ਸਾਊਥ ਵੇਲਜ਼ ਦੇ ਸਿੱਖਿਆ ਵਿਭਾਗ ਨੇ ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਇਹ ਸਵੀਕਾਰ ਕੀਤਾ ਹੈ ਕਿ ਮਸਨੂਈ ਬੁੱਧੀ ਹੁਣ ਆਧੁਨਿਕ ਸਿੱਖਿਆ ਦਾ ਇੱਕ ਅਨਿੱਖੜਵਾਂ ਹਿੱਸਾ ਬਣ ਚੁੱਕੀ ਹੈ। ਸਰਕਾਰ ਅਤੇ ਵਿਭਾਗ ਦੋਵਾਂ ਦਾ ਇਹ ਮੰਨਣਾ ਹੈ ਕਿ ਇਸ ਤਕਨਾਲੋਜੀ ਨੂੰ ਪੂਰੀ ਤਰ੍ਹਾਂ ਬੈਨ ਕਰਨਾ ਸ਼ਾਇਦ ਸੰਭਵ ਨਹੀਂ ਹੈ, ਕਿਉਂਕਿ ਆਉਣ ਵਾਲੇ ਸਮੇਂ ਵਿੱਚ ਕੰਮਕਾਜ ਵਾਲੀਆਂ ਥਾਵਾਂ ਉੱਤੇ ਇਸ ਦੀ ਵਰਤੋਂ ਆਮ ਹੋ ਜਾਵੇਗੀ। ਇਸ ਲਈ, ਵਿਦਿਆਰਥੀਆਂ ਨੂੰ ਇਸ ਤੋਂ ਪੂਰੀ ਤਰ੍ਹਾਂ ਦੂਰ ਰੱਖਣ ਦੀ ਬਜਾਏ, ਇਸ ਦੀ ਜ਼ਿੰਮੇਵਾਰ ਅਤੇ ਨੈਤਿਕ ਵਰਤੋਂ ਸਿਖਾਉਣੀ ਜ਼ਰੂਰੀ ਹੈ। ਸਿੱਖਿਆ ਵਿਭਾਗ ਵੱਲੋਂ ਸਕੂਲਾਂ ਨੂੰ ਨਵੀਆਂ ਗਾਈਡਲਾਈਨਾਂ ਜਾਰੀ ਕੀਤੀਆਂ ਜਾ ਰਹੀਆਂ ਹਨ। ਇਹਨਾਂ ਗਾਈਡਲਾਈਨਾਂ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਤਕਨਾਲੋਜੀ ਦੀ ਵਰਤੋਂ ਸਿੱਖਣ ਵਿੱਚ ਮਦਦਗਾਰ ਵਜੋਂ ਹੋਵੇ, ਨਾ ਕਿ ਸੋਚਣ ਦੀ ਪ੍ਰਕਿਰਿਆ ਨੂੰ ਖਤਮ ਕਰਨ ਲਈ।




ਇਸ ਚੁਣੌਤੀ ਦਾ ਟਾਕਰਾ ਕਰਨ ਲਈ ਸਕੂਲਾਂ ਦੇ ਮੁਲਾਂਕਣ ਤਰੀਕਿਆਂ ਵਿੱਚ ਭਾਰੀ ਬਦਲਾਅ ਲਿਆਉਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਕਈ ਸਕੂਲਾਂ ਨੇ ਪੁਰਾਣੇ ਅਤੇ ਰਵਾਇਤੀ ਤਰੀਕਿਆਂ ਵੱਲ ਵਾਪਸੀ ਕਰਨ ਦਾ ਫੈਸਲਾ ਕੀਤਾ ਹੈ। ਘਰੋਂ ਕਰਕੇ ਲਿਆਉਣ ਵਾਲੀਆਂ ਅਸਾਈਨਮੈਂਟਾਂ ਦੀ ਥਾਂ ਹੁਣ ਕਲਾਸਰੂਮ ਦੇ ਅੰਦਰ ਹੀ ਹੱਥ ਲਿਖਤ ਟੈਸਟ ਲੈਣ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਮੌਖਿਕ ਪ੍ਰੀਖਿਆਵਾਂ ਵੀ ਮੁੜ ਸ਼ੁਰੂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਅਧਿਆਪਕ ਵਿਦਿਆਰਥੀਆਂ ਨਾਲ ਸਿੱਧੀ ਗੱਲਬਾਤ ਕਰਕੇ ਉਹਨਾਂ ਦੇ ਅਸਲੀ ਗਿਆਨ ਦਾ ਪਤਾ ਲਗਾ ਸਕਣ। ਕਲਾਸਰੂਮ ਆਧਾਰਿਤ ਮੁਲਾਂਕਣ ਵਧਾਉਣ ਦਾ ਮੁੱਖ ਮਕਸਦ ਇਹੀ ਹੈ ਕਿ ਵਿਦਿਆਰਥੀਆਂ ਦੀ ਅਸਲੀ ਕਾਬਲੀਅਤ ਅਤੇ ਮਿਹਨਤ ਸਾਹਮਣੇ ਆ ਸਕੇ। ਜਦੋਂ ਵਿਦਿਆਰਥੀ ਕਲਾਸ ਵਿੱਚ ਬੈਠ ਕੇ ਕਾਗਜ਼ ਅਤੇ ਪੈੱਨ ਨਾਲ ਪ੍ਰੀਖਿਆ ਦੇਵੇਗਾ ਤਾਂ ਏਆਈ ਦੀ ਮਦਦ ਲੈਣ ਦਾ ਸਵਾਲ ਹੀ ਪੈਦਾ ਨਹੀਂ ਹੋਵੇਗਾ।

ਤਕਨਾਲੋਜੀ ਮਾਹਿਰਾਂ ਦਾ ਕਹਿਣਾ ਹੈ ਕਿ ਮਸਨੂਈ ਬੁੱਧੀ ਦਾ ਵਿਕਾਸ ਬਹੁਤ ਤੇਜ਼ੀ ਨਾਲ ਹੋ ਰਿਹਾ ਹੈ ਅਤੇ ਆਉਣ ਵਾਲੇ ਕੁਝ ਸਾਲਾਂ ਵਿੱਚ ਇਹ ਹੋਰ ਵੀ ਸਮਾਰਟ ਹੋ ਜਾਵੇਗੀ। ਅਜਿਹੇ ਵਿੱਚ ਸਿੱਖਿਆ ਢਾਂਚੇ ਨੂੰ ਵੀ ਸਮੇਂ ਦੇ ਹਾਣੀ ਬਣਾਉਣ ਦੀ ਲੋੜ ਹੈ। ਫੈਡਰਲ ਸਰਕਾਰ ਨੂੰ ਵੀ ਸੂਬਾ ਸਰਕਾਰਾਂ ਨਾਲ ਮਿਲ ਕੇ ਕੰਮ ਕਰਨ ਦੀ ਜ਼ਰੂਰਤ ਹੈ ਤਾਂ ਜੋ ਪੂਰੇ ਦੇਸ਼ ਵਿੱਚ ਇੱਕ ਸਮਾਨ ਅਤੇ ਪ੍ਰਭਾਵਸ਼ਾਲੀ ਨੀਤੀ ਲਾਗੂ ਕੀਤੀ ਜਾ ਸਕੇ। ਸਿੱਖਿਆ ਪ੍ਰਣਾਲੀ ਵਿੱਚ ਇਹ ਬਦਲਾਅ ਸਿਰਫ਼ ਨਕਲ ਰੋਕਣ ਤੱਕ ਹੀ ਸੀਮਤ ਨਹੀਂ ਹੋਣਾ ਚਾਹੀਦਾ, ਸਗੋਂ ਪਾਠਕ੍ਰਮ ਵਿੱਚ ਅਜਿਹੇ ਵਿਸ਼ੇ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ ਜੋ ਵਿਦਿਆਰਥੀਆਂ ਨੂੰ ਮਸਨੂਈ ਬੁੱਧੀ ਦੇ ਕੰਮ ਕਰਨ ਦੇ ਤਰੀਕੇ ਅਤੇ ਇਸ ਦੇ ਨੈਤਿਕ ਪਹਿਲੂਆਂ ਬਾਰੇ ਜਾਗਰੂਕ ਕਰਨ। ਵਿਦਿਆਰਥੀਆਂ ਨੂੰ ਇਹ ਸਮਝਾਉਣਾ ਲਾਜ਼ਮੀ ਹੈ ਕਿ ਏਆਈ ਇੱਕ ਸੰਦ ਹੈ, ਜਿਸ ਦੀ ਵਰਤੋਂ ਆਪਣੀ ਸਮਰੱਥਾ ਵਧਾਉਣ ਲਈ ਕਰਨੀ ਚਾਹੀਦੀ ਹੈ, ਨਾ ਕਿ ਆਪਣੀ ਥਾਂ ਕੰਮ ਕਰਵਾਉਣ ਲਈ।

ਅਧਿਆਪਕਾਂ ਦੀ ਸਿਖਲਾਈ ਦਾ ਮੁੱਦਾ ਵੀ ਇਸ ਪੂਰੇ ਸੰਦਰਭ ਵਿੱਚ ਬਹੁਤ ਅਹਿਮ ਹੈ। ਸਕੂਲ ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਉਹ ਅਧਿਆਪਕਾਂ ਲਈ ਖਾਸ ਵਰਕਸ਼ਾਪਾਂ ਅਤੇ ਟਰੇਨਿੰਗ ਪ੍ਰੋਗਰਾਮ ਆਯੋਜਿਤ ਕਰਨ। ਅਧਿਆਪਕਾਂ ਨੂੰ ਆਧੁਨਿਕ ਟੂਲਾਂ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ ਤਾਂ ਜੋ ਉਹ ਸਮਝ ਸਕਣ ਕਿ ਇਹ ਪ੍ਰੋਗਰਾਮ ਕਿਵੇਂ ਕੰਮ ਕਰਦੇ ਹਨ। ਜਦੋਂ ਅਧਿਆਪਕ ਖੁਦ ਤਕਨੀਕੀ ਤੌਰ ਉੱਤੇ ਮਜ਼ਬੂਤ ਹੋਣਗੇ, ਤਾਂ ਉਹ ਵਿਦਿਆਰਥੀਆਂ ਦੇ ਕੰਮ ਦਾ ਸਹੀ ਤਰੀਕੇ ਨਾਲ ਮੁਲਾਂਕਣ ਕਰ ਸਕਣਗੇ। ਇਸ ਦੇ ਨਾਲ ਹੀ, ਅਧਿਆਪਕਾਂ ਨੂੰ ਸਵਾਲ ਪੁੱਛਣ ਦੇ ਆਪਣੇ ਤਰੀਕਿਆਂ ਵਿੱਚ ਵੀ ਤਬਦੀਲੀ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ। ਉਹਨਾਂ ਨੂੰ ਅਜਿਹੇ ਸਵਾਲ ਤਿਆਰ ਕਰਨੇ ਚਾਹੀਦੇ ਹਨ ਜਿਹਨਾਂ ਦਾ ਜਵਾਬ ਸਿੱਧੇ ਤੌਰ ਉੱਤੇ ਇੰਟਰਨੈੱਟ ਜਾਂ ਏਆਈ ਤੋਂ ਨਾ ਮਿਲ ਸਕੇ, ਸਗੋਂ ਵਿਦਿਆਰਥੀ ਨੂੰ ਆਪਣੀ ਨਿੱਜੀ ਰਾਇ, ਤਜਰਬੇ ਅਤੇ ਜਮਾਤ ਵਿੱਚ ਹੋਈ ਚਰਚਾ ਦੇ ਆਧਾਰ ਉੱਤੇ ਜਵਾਬ ਦੇਣਾ ਪਵੇ।

ਮਾਪਿਆਂ ਦੀ ਭੂਮਿਕਾ ਵੀ ਇਸ ਬਦਲਦੇ ਦੌਰ ਵਿੱਚ ਹੋਰ ਵੀ ਅਹਿਮ ਹੋ ਜਾਂਦੀ ਹੈ। ਘਰ ਦੇ ਮਾਹੌਲ ਵਿੱਚ ਵਿਦਿਆਰਥੀ ਆਸਾਨੀ ਨਾਲ ਇੰਟਰਨੈੱਟ ਦੀ ਵਰਤੋਂ ਕਰਦੇ ਹਨ, ਇਸ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਪੜ੍ਹਾਈ ਦੇ ਤਰੀਕਿਆਂ ਉੱਤੇ ਨਜ਼ਰ ਰੱਖਣ। ਬੱਚਿਆਂ ਨਾਲ ਖੁੱਲ੍ਹੀ ਗੱਲਬਾਤ ਕਰਨੀ ਚਾਹੀਦੀ ਹੈ ਅਤੇ ਉਹਨਾਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਸ਼ਾਰਟਕੱਟ ਰਾਹੀਂ ਪ੍ਰਾਪਤ ਕੀਤੇ ਗਏ ਚੰਗੇ ਨੰਬਰ ਭਵਿੱਖ ਵਿੱਚ ਉਹਨਾਂ ਦੀ ਕੋਈ ਮਦਦ ਨਹੀਂ ਕਰਨਗੇ। ਮਾਪਿਆਂ ਨੂੰ ਬੱਚਿਆਂ ਅੰਦਰ ਪੜ੍ਹਨ ਦੀ ਆਦਤ ਪਾਉਣ ਅਤੇ ਖੁਦ ਖੋਜ ਕਰਕੇ ਜਾਣਕਾਰੀ ਇਕੱਠੀ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਮਸਨੂਈ ਬੁੱਧੀ ਦੀ ਵਰਤੋਂ ਸਿਰਫ਼ ਇੱਕ ਹੱਦ ਤੱਕ, ਜਿਵੇਂ ਕਿ ਕਿਸੇ ਔਖੇ ਵਿਸ਼ੇ ਨੂੰ ਸਮਝਣ ਲਈ, ਕੀਤੀ ਜਾ ਸਕਦੀ ਹੈ, ਪਰ ਪੂਰਾ ਕੰਮ ਮਸ਼ੀਨ ਤੋਂ ਕਰਵਾਉਣਾ ਵਿਦਿਆਰਥੀ ਦੇ ਆਪਣੇ ਵਿਕਾਸ ਨੂੰ ਰੋਕ ਦਿੰਦਾ ਹੈ। ਫੈਡਰਲ ਅਤੇ ਸੂਬਾਈ ਪੱਧਰ ਦੀਆਂ ਮੁਹਿੰਮਾਂ ਰਾਹੀਂ ਮਾਪਿਆਂ ਨੂੰ ਵੀ ਇਸ ਨਵੀਂ ਤਕਨਾਲੋਜੀ ਦੇ ਫਾਇਦਿਆਂ ਅਤੇ ਨੁਕਸਾਨਾਂ ਬਾਰੇ ਜਾਗਰੂਕ ਕਰਨ ਦੀ ਲੋੜ ਹੈ।

ਇਹ ਸਥਿਤੀ ਪੂਰੇ ਵਿਸ਼ਵ ਲਈ ਇੱਕ ਉਦਾਹਰਣ ਬਣ ਗਈ ਹੈ। ਜਿਸ ਤਰ੍ਹਾਂ ਹਰ ਨਵੀਂ ਤਕਨਾਲੋਜੀ ਆਪਣੇ ਨਾਲ ਕੁਝ ਚੁਣੌਤੀਆਂ ਲੈ ਕੇ ਆਉਂਦੀ ਹੈ, ਉਸੇ ਤਰ੍ਹਾਂ ਏਆਈ ਨੇ ਵੀ ਸਿੱਖਿਆ ਜਗਤ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਅੱਜ ਤੋਂ ਕੁਝ ਦਹਾਕੇ ਪਹਿਲਾਂ ਜਦੋਂ ਕੈਲਕੁਲੇਟਰ ਦੀ ਵਰਤੋਂ ਸ਼ੁਰੂ ਹੋਈ ਸੀ, ਤਾਂ ਉਸ ਵੇਲੇ ਵੀ ਕਈ ਤਰ੍ਹਾਂ ਦੇ ਸਵਾਲ ਉੱਠੇ ਸਨ ਕਿ ਇਸ ਨਾਲ ਬੱਚਿਆਂ ਦੀ ਹਿਸਾਬ ਕਰਨ ਦੀ ਸਮਰੱਥਾ ਖਤਮ ਹੋ ਜਾਵੇਗੀ। ਪਰ ਸਮੇਂ ਦੇ ਨਾਲ ਸਿੱਖਿਆ ਢਾਂਚੇ ਨੇ ਕੈਲਕੁਲੇਟਰ ਨੂੰ ਅਪਣਾ ਲਿਆ ਅਤੇ ਗਣਿਤ ਦੇ ਪਾਠਕ੍ਰਮ ਨੂੰ ਇਸ ਤਰੀਕੇ ਨਾਲ ਢਾਲਿਆ ਗਿਆ ਕਿ ਵਿਦਿਆਰਥੀ ਬੁਨਿਆਦੀ ਹਿਸਾਬ ਖੁਦ ਕਰਨ ਅਤੇ ਗੁੰਝਲਦਾਰ ਸਮੱਸਿਆਵਾਂ ਲਈ ਮਸ਼ੀਨ ਦੀ ਮਦਦ ਲੈਣ। ਮਸਨੂਈ ਬੁੱਧੀ ਦੇ ਮਾਮਲੇ ਵਿੱਚ ਵੀ ਅਜਿਹਾ ਹੀ ਸੰਤੁਲਨ ਬਣਾਉਣ ਦੀ ਲੋੜ ਹੈ।

ਬੱਚਿਆਂ ਦਾ ਦਿਮਾਗ ਇੱਕ ਕੋਰੀ ਸਲੇਟ ਵਾਂਗ ਹੁੰਦਾ ਹੈ ਅਤੇ ਸਕੂਲੀ ਸਿੱਖਿਆ ਉਸ ਉੱਤੇ ਬੁਨਿਆਦੀ ਢਾਂਚਾ ਉਸਾਰਨ ਦਾ ਕੰਮ ਕਰਦੀ ਹੈ। ਜੇਕਰ ਬੁਨਿਆਦ ਹੀ ਕਮਜ਼ੋਰ ਹੋਵੇਗੀ ਤਾਂ ਭਵਿੱਖ ਦੀ ਇਮਾਰਤ ਕਦੇ ਵੀ ਮਜ਼ਬੂਤ ਨਹੀਂ ਹੋ ਸਕਦੀ। ਭਾਸ਼ਾ ਉੱਤੇ ਪਕੜ, ਸ਼ਬਦਾਵਲੀ, ਵਾਕ ਬਣਤਰ ਅਤੇ ਆਪਣੇ ਵਿਚਾਰਾਂ ਨੂੰ ਲਿਖਤੀ ਰੂਪ ਵਿੱਚ ਪੇਸ਼ ਕਰਨ ਦੀ ਕਲਾ ਅਭਿਆਸ ਨਾਲ ਹੀ ਆਉਂਦੀ ਹੈ। ਜਦੋਂ ਇਹ ਸਾਰਾ ਕੰਮ ਕੋਈ ਸਾਫਟਵੇਅਰ ਕਰਨ ਲੱਗ ਪੈਂਦਾ ਹੈ, ਤਾਂ ਬੱਚੇ ਦਾ ਭਾਸ਼ਾਈ ਵਿਕਾਸ ਰੁਕ ਜਾਂਦਾ ਹੈ। ਸਿੱਖਿਆ ਵਿਭਾਗ ਵੱਲੋਂ ਚੁੱਕੇ ਜਾ ਰਹੇ ਕਦਮ, ਜਿਵੇਂ ਕਿ ਹੱਥ ਲਿਖਤ ਪ੍ਰੀਖਿਆਵਾਂ ਦੀ ਵਾਪਸੀ, ਇਸ ਦਿਸ਼ਾ ਵਿੱਚ ਬਹੁਤ ਸ਼ਲਾਘਾਯੋਗ ਹਨ। ਕਲਾਸਰੂਮ ਦੇ ਅੰਦਰ ਹੋਣ ਵਾਲਾ ਮੁਲਾਂਕਣ ਵਿਦਿਆਰਥੀਆਂ ਨੂੰ ਪੜ੍ਹਾਈ ਪ੍ਰਤੀ ਸੁਹਿਰਦ ਬਣਾਏਗਾ ਅਤੇ ਉਹਨਾਂ ਅੰਦਰ ਆਤਮ-ਵਿਸ਼ਵਾਸ ਪੈਦਾ ਕਰੇਗਾ ਕਿ ਉਹ ਆਪਣੀ ਮਿਹਨਤ ਨਾਲ ਸਫਲ ਹੋ ਸਕਦੇ ਹਨ।

ਆਰਥਿਕ ਅਤੇ ਉਦਯੋਗਿਕ ਮਾਹਿਰਾਂ ਦਾ ਮੰਨਣਾ ਹੈ ਕਿ ਭਵਿੱਖ ਦੀਆਂ ਨੌਕਰੀਆਂ ਵਿੱਚ ਉਹਨਾਂ ਲੋਕਾਂ ਦੀ ਮੰਗ ਵਧੇਗੀ ਜੋ ਮਸਨੂਈ ਬੁੱਧੀ ਦੀ ਸਹੀ ਵਰਤੋਂ ਕਰਨਾ ਜਾਣਦੇ ਹੋਣਗੇ। ਇਸ ਲਈ ਤਕਨਾਲੋਜੀ ਤੋਂ ਮੂੰਹ ਮੋੜ ਲੈਣਾ ਕੋਈ ਹੱਲ ਨਹੀਂ ਹੈ। ਵਿਦਿਆਰਥੀਆਂ ਨੂੰ ਇਹ ਸਿੱਖਣ ਦੀ ਲੋੜ ਹੈ ਕਿ ਮਸਨੂਈ ਬੁੱਧੀ ਤੋਂ ਸਹੀ ਸਵਾਲ ਕਿਵੇਂ ਪੁੱਛਣੇ ਹਨ, ਉਸ ਵੱਲੋਂ ਦਿੱਤੀ ਗਈ ਜਾਣਕਾਰੀ ਦੀ ਪਰਖ ਕਿਵੇਂ ਕਰਨੀ ਹੈ ਅਤੇ ਉਸ ਜਾਣਕਾਰੀ ਨੂੰ ਆਪਣੇ ਸ਼ਬਦਾਂ ਵਿੱਚ ਕਿਵੇਂ ਢਾਲਣਾ ਹੈ। ਆਲੋਚਨਾਤਮਕ ਸੋਚ ਹੀ ਉਹ ਹਥਿਆਰ ਹੈ ਜੋ ਇਨਸਾਨ ਨੂੰ ਮਸ਼ੀਨ ਤੋਂ ਵੱਖਰਾ ਕਰਦਾ ਹੈ। ਜੇਕਰ ਸਿੱਖਿਆ ਪ੍ਰਣਾਲੀ ਵਿਦਿਆਰਥੀਆਂ ਅੰਦਰ ਇਹ ਸੋਚ ਵਿਕਸਤ ਕਰਨ ਵਿੱਚ ਕਾਮਯਾਬ ਹੋ ਜਾਂਦੀ ਹੈ, ਤਾਂ ਮਸਨੂਈ ਬੁੱਧੀ ਇੱਕ ਖਤਰਾ ਨਹੀਂ ਸਗੋਂ ਇੱਕ ਵਰਦਾਨ ਸਾਬਤ ਹੋਵੇਗੀ।

ਵਿਦਿਆਰਥੀਆਂ ਦੇ ਮਾਨਸਿਕ ਪੱਧਰ ਦੀ ਗੱਲ ਕਰੀਏ ਤਾਂ ਇਹ ਤਕਨਾਲੋਜੀ ਉਹਨਾਂ ਅੰਦਰ ਬੇਲੋੜਾ ਦਬਾਅ ਵੀ ਪੈਦਾ ਕਰ ਰਹੀ ਹੈ। ਜਦੋਂ ਕੁਝ ਵਿਦਿਆਰਥੀ ਮਸਨੂਈ ਬੁੱਧੀ ਦੀ ਮਦਦ ਨਾਲ ਬਹੁਤ ਉੱਚੇ ਪੱਧਰ ਦਾ ਕੰਮ ਪੇਸ਼ ਕਰਦੇ ਹਨ, ਤਾਂ ਉਹਨਾਂ ਬੱਚਿਆਂ ਅੰਦਰ ਹੀਣ ਭਾਵਨਾ ਪੈਦਾ ਹੁੰਦੀ ਹੈ ਜੋ ਆਪਣੀ ਮਿਹਨਤ ਨਾਲ ਇਮਾਨਦਾਰੀ ਨਾਲ ਕੰਮ ਕਰ ਰਹੇ ਹੁੰਦੇ ਹਨ। ਇਹ ਅਸਮਾਨਤਾ ਕਲਾਸਰੂਮ ਦੇ ਮਾਹੌਲ ਨੂੰ ਜ਼ਹਿਰੀਲਾ ਬਣਾ ਸਕਦੀ ਹੈ। ਇਮਾਨਦਾਰ ਵਿਦਿਆਰਥੀਆਂ ਨੂੰ ਲੱਗਣ ਲੱਗਦਾ ਹੈ ਕਿ ਉਹਨਾਂ ਦੀ ਮਿਹਨਤ ਦਾ ਕੋਈ ਮੁੱਲ ਨਹੀਂ ਹੈ, ਕਿਉਂਕਿ ਮਸ਼ੀਨ ਦੀ ਮਦਦ ਲੈਣ ਵਾਲੇ ਬੱਚੇ ਆਸਾਨੀ ਨਾਲ ਚੰਗੇ ਗ੍ਰੇਡ ਲੈ ਜਾਂਦੇ ਹਨ। ਸਿੱਖਿਆ ਵਿਭਾਗ ਵੱਲੋਂ ਕਲਾਸਰੂਮ ਦੇ ਅੰਦਰ ਪ੍ਰੀਖਿਆਵਾਂ ਲੈਣ ਦਾ ਫੈਸਲਾ ਇਸ ਅਸਮਾਨਤਾ ਨੂੰ ਖਤਮ ਕਰਨ ਵਿੱਚ ਬਹੁਤ ਸਹਾਈ ਸਾਬਤ ਹੋਵੇਗਾ। ਸਾਰੇ ਬੱਚਿਆਂ ਨੂੰ ਇੱਕੋ ਜਿਹਾ ਮਾਹੌਲ ਅਤੇ ਬਰਾਬਰ ਸਮਾਂ ਮਿਲੇਗਾ, ਜਿਸ ਨਾਲ ਮੁਕਾਬਲਾ ਸਹੀ ਮਾਅਨਿਆਂ ਵਿੱਚ ਨਿਰਪੱਖ ਹੋਵੇਗਾ।

ਸਮੁੱਚੇ ਤੌਰ ਉੱਤੇ, ਮਸਨੂਈ ਬੁੱਧੀ ਦਾ ਸਕੂਲਾਂ ਵਿੱਚ ਦਾਖਲਾ ਇੱਕ ਅਜਿਹੀ ਹਕੀਕਤ ਹੈ ਜਿਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਅਧਿਆਪਕਾਂ, ਵਿਦਿਆਰਥੀਆਂ, ਮਾਪਿਆਂ ਅਤੇ ਸਰਕਾਰ, ਸਾਰੀਆਂ ਧਿਰਾਂ ਨੂੰ ਮਿਲ ਕੇ ਇਸ ਦਾ ਹੱਲ ਲੱਭਣਾ ਪਵੇਗਾ। ਜਿੱਥੇ ਇੱਕ ਪਾਸੇ ਹੱਥ ਲਿਖਤ ਪ੍ਰੀਖਿਆਵਾਂ ਅਤੇ ਮੌਖਿਕ ਮੁਲਾਂਕਣ ਰਾਹੀਂ ਵਿਦਿਆਰਥੀਆਂ ਦੀ ਅਸਲੀ ਕਾਬਲੀਅਤ ਨੂੰ ਪਰਖਣ ਦੇ ਯਤਨ ਜ਼ਰੂਰੀ ਹਨ, ਉੱਥੇ ਹੀ ਦੂਜੇ ਪਾਸੇ ਉਹਨਾਂ ਨੂੰ ਨੈਤਿਕ ਕਦਰਾਂ-ਕੀਮਤਾਂ ਸਿਖਾਉਣਾ ਵੀ ਲਾਜ਼ਮੀ ਹੈ। ਅਸਲ ਸਿੱਖਿਆ ਉਹ ਹੈ ਜੋ ਮਨੁੱਖ ਨੂੰ ਖੁਦਮੁਖਤਿਆਰ ਬਣਾਉਂਦੀ ਹੈ, ਨਾ ਕਿ ਮਸ਼ੀਨਾਂ ਦਾ ਗੁਲਾਮ। ਜੇਕਰ ਆਸਟਰੇਲੀਆਈ ਸਿੱਖਿਆ ਢਾਂਚਾ ਇਸ ਚੁਣੌਤੀ ਦਾ ਸਹੀ ਤਰੀਕੇ ਨਾਲ ਸਾਹਮਣਾ ਕਰ ਲੈਂਦਾ ਹੈ, ਤਾਂ ਇਹ ਪੂਰੀ ਦੁਨੀਆ ਲਈ ਇੱਕ ਰਾਹ ਦਸੇਰਾ ਬਣ ਸਕਦਾ ਹੈ। ਭਵਿੱਖ ਦੀ ਸਿੱਖਿਆ ਤਕਨਾਲੋਜੀ ਅਤੇ ਮਨੁੱਖੀ ਸੋਚ ਦਾ ਇੱਕ ਖੂਬਸੂਰਤ ਸੁਮੇਲ ਹੋਣੀ ਚਾਹੀਦੀ ਹੈ, ਜਿੱਥੇ ਮਸ਼ੀਨ ਇਨਸਾਨ ਦੀ ਮਦਦ ਕਰੇ, ਪਰ ਉਸ ਦੀ ਸੋਚਣ ਸ਼ਕਤੀ ਉੱਤੇ ਕਬਜ਼ਾ ਨਾ ਕਰੇ।

ਇਹ ਕਿਹਾ ਜਾ ਸਕਦਾ ਹੈ ਕਿ ਨਿਊ ਸਾਊਥ ਵੇਲਜ਼ ਦਾ ਇਹ ਸੰਕਟ ਸਾਡੇ ਸਾਰਿਆਂ ਲਈ ਇੱਕ ਜਾਗਰੂਕਤਾ ਸੁਨੇਹਾ ਹੈ। ਆਉਣ ਵਾਲਾ ਸਮਾਂ ਨਵੀਨਤਮ ਤਕਨਾਲੋਜੀ ਦਾ ਹੀ ਹੋਵੇਗਾ, ਪਰ ਮਨੁੱਖੀ ਦਿਮਾਗ ਦੀ ਥਾਂ ਕੋਈ ਵੀ ਮਸ਼ੀਨ ਨਹੀਂ ਲੈ ਸਕਦੀ। ਬੱਚਿਆਂ ਨੂੰ ਇਹ ਸਮਝਾਉਣਾ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ ਕਿ ਸਿੱਖਣ ਦੀ ਪ੍ਰਕਿਰਿਆ ਵਿੱਚ ਹੋਣ ਵਾਲੀ ਥਕਾਵਟ ਅਤੇ ਸੰਘਰਸ਼ ਹੀ ਉਹਨਾਂ ਨੂੰ ਭਵਿੱਖ ਦੀਆਂ ਅਸਲ ਚੁਣੌਤੀਆਂ ਲਈ ਤਿਆਰ ਕਰਦਾ ਹੈ। ਜੇਕਰ ਸਕੂਲ, ਅਧਿਆਪਕ, ਮਾਪੇ ਅਤੇ ਫੈਡਰਲ ਪੱਧਰ ਦੇ ਅਧਿਕਾਰੀ ਮਿਲ ਕੇ ਕੰਮ ਕਰਨਗੇ ਤਾਂ ਮਸਨੂਈ ਬੁੱਧੀ ਦੇ ਨੁਕਸਾਨਾਂ ਤੋਂ ਬਚਦਿਆਂ ਇਸ ਦੇ ਫਾਇਦਿਆਂ ਨੂੰ ਸਿੱਖਿਆ ਖੇਤਰ ਵਿੱਚ ਬਾਖੂਬੀ ਵਰਤਿਆ ਜਾ ਸਕੇਗਾ। ਇਸ ਨਾਲ ਸਾਡੇ ਵਿਦਿਆਰਥੀ ਨਾ ਸਿਰਫ਼ ਤਕਨੀਕੀ ਤੌਰ ਉੱਤੇ ਮਜ਼ਬੂਤ ਹੋਣਗੇ, ਸਗੋਂ ਉਹਨਾਂ ਦੀ ਸੋਚਣ ਅਤੇ ਸਮਝਣ ਦੀ ਸਮਰੱਥਾ ਵੀ ਬਰਕਰਾਰ ਰਹੇਗੀ।

# ਦੇਸੀ ਤੜਕਾ

## ਸੂਜੀ ਪੁਡਿੰਗ



**ਸਮੱਗਰੀ**

- 2 ਕਪ ਸੂਜੀ
- 11/2 ਵੱਡੇ ਚਮਚ ਮਿਲਕਵੁਡ ਘਿਓ
- 1 ਕਪ ਚੀਨੀ
- 1 ਛੋਟਾ ਚਮਚ ਇਲਾਚੀ ਪਾਊਡਰ
- 2 ਕਪ ਦੁੱਧ
- ਲੋੜ ਅਨੁਸਾਰ ਸੁਕੇ ਮੇਵੇ

**ਬਣਾਉਣ ਦਾ ਢੰਗ :** ਨੌਨ-ਸਟਿਕ ਪੈਨ ਵਿਚ ਘਿਓ ਗਰਮ ਕਰ ਕੇ ਸੂਜੀ ਨੂੰ ਸੋਨੇ-ਰੰਗਾ ਹੋਣ ਤੱਕ ਲਗਾਤਾਰ ਭੁੰਨਦੇ ਰਹੋ। ਹੁਣ ਦੁੱਧ ਅਤੇ ਚੀਨੀ ਪਾਓ ਅਤੇ ਕੁੱਝ ਦੇਰ ਤੱਕ ਭੁੰਨ ਕੇ ਢੱਕਣ ਰੱਖ ਕੇ ਪਕਣ ਦਿਓ। ਢੱਕਣ ਹਟਾ ਕੇ ਗੈਸ ਘੱਟ ਕਰਕੇ ਭੁੰਨਦੇ ਹੋਏ ਇਲਾਚੀ ਪਾਊਡਰ, ਥੋੜ੍ਹਾ ਜਿਹਾ ਘਿਓ ਅਤੇ ਡਰਾਈ ਫਰੂਟ ਮਿਲਾਓ। ਡਰਾਈ ਫਰੂਟ ਨਾਲ ਗਾਰਨਿਸ਼ ਕਰ ਕੇ ਪਰੋਸੋ।

## ਮਸਾਲੇਦਾਰ ਕੌਰਨ ਬਾਲ



**ਸਮੱਗਰੀ**

- 1 ਕਪ ਉੱਬਲ਼ੇ ਹੋਏ ਮੱਕੀ ਦਾਣੇ
- 1/2 ਕਪ ਰਾਜਧਾਨੀ ਵੇਸਣ
- 1 ਇੰਚ ਅਦਰਕ ਦਾ ਟੁਕੜਾ
- 2 ਹਰੀ ਮਿਰਚ, 2 ਲਸਣ
- 2 ਚਮਚ ਕੱਦੂਕਸ ਕੀਤਾ ਨਾਰੀਅਲ
- 1/2 ਕਪ ਬਰੈਡ ਕਰੰਬਸ
- ਲੂਣ, ਮਿਰਚ ਅਤੇ ਚਾਟ ਮਸਾਲਾ ਸਵਾਦਾਨੁਸਾਰ
- 1 ਚਮਚ ਹਰਾ ਧਨੀਆ ਬਰੀਕ ਕੱਟਿਆ

**ਬਣਾਉਣ ਦਾ ਢੰਗ :** ਅਦਰਕ, ਹਰੀ ਮਿਰਚ, ਲਸਣ ਅਤੇ ਉੱਬਲ਼ੇ ਮੱਕੀ ਦੇ ਦਾਨਿਆਂ ਨੂੰ ਮਿਕਸੀ ਵਿਚ ਮੋਟਾ ਮੋਟਾ ਪੀਸ ਲਓ। ਇਸ ਵਿਚ ਉੱਬਲ਼ਿਆ ਅਤੇ ਮੈਸ਼ ਕੀਤਾ ਆਲੂ, ਨਾਰੀਅਲ, ਕੌਰਨਫਲੋਰ ਅਤੇ ਬਰੈਡ ਕਰੰਬਸ ਨੂੰ ਛੱਡ ਕਰ ਕੇ ਸਾਰੇ ਸੁੱਕੇ ਮਸਾਲੇ ਅਤੇ ਧਨੀਆ ਮਿਲਾ ਲਓ। ਛੋਟੇ ਛੋਟੇ ਬਾਲ ਬਣਾਓ ਅਤੇ ਉਨ੍ਹਾਂ ਨੂੰ ਬਰੈਡ ਕਰੰਬਸ ਵਿਚ ਲਪੇਟ ਕੇ ਮੀਡੀਅਮ ਗੈਸ 'ਤੇ ਸੋਨੇ-ਰੰਗਾ ਹੋਣ ਤੱਕ ਡੀਪ ਫਰਾਈ ਕਰ ਲਓ। ਸਪਾਇਸੀ ਕੌਰਨ ਬਾਲ ਤਿਆਰ ਹਨ। ਚਟਨੀ ਜਾਂ ਸੌਸ ਦੇ ਨਾਲ ਸਰਵ ਕਰੋ।

## ਸਬਜ਼ੀਆਂ ਦਾ ਸੂਪ



**ਸਮੱਗਰੀ**

- ਇਕ ਕੱਪ ਘੀਆ
- ਇਕ ਆਲੂ, ਇਕ ਗਾਜਰ
- ਇਕ ਪਿਆਜ਼, ਇਕ ਟਮਾਟਰ
- ਇਕ ਚਮਚ ਮੱਖਣ
- ਦੋ ਕੱਪ ਗਰਮ ਪਾਣੀ
- ਨਮਕ ਸਵਾਦ ਅਨੁਸਾਰ
- ਇਕ ਚੁਟਕੀ ਕਾਲੀ ਮਿਰਚ
- ਇਕ ਹਰੀ ਮਿਰਚ।

**ਬਣਾਉਣ ਦਾ ਢੰਗ :** ਘੀਆ, ਆਲੂ, ਟਮਾਟਰ ਅਤੇ ਗਾਜਰ ਨੂੰ ਕੱਟ ਕੇ, ਕੁੱਕਰ ਵਿਚ ਪਾ ਕੇ, ਦੋ ਕੱਪ ਗਰਮ ਪਾਣੀ ਪਾ ਦਿਉ ਤੇ ਇਕ ਸੀਟੀ ਵੱਜਣ ਤਕ ਪਕਾਉ। ਇਕ ਕੜਾਹੀ ਵਿਚ ਮੱਖਣ ਗਰਮ ਕਰੋ ਤੇ ਉਸ ਵਿਚ ਪਿਆਜ਼ ਪਾ ਕੇ ਥੋੜਾ ਜਿਹਾ ਫ਼ਰਾਈ ਕਰੋ ਅਤੇ ਫਿਰ ਕੁੱਕਰ ਵਿਚ ਪਕਾਇਆ ਹੋਇਆ ਮਿਸ਼ਰਣ ਇਸ ਕੜਾਹੀ ਵਿਚ ਪਾ ਦਿਉ। ਦੋ ਮਿੰਟ ਤਕ ਪਕਾਉ ਅਤੇ ਫਿਰ ਇਸ ਵਿਚ ਕਾਲੀ ਮਿਰਚ ਪਾਊਡਰ, ਨਮਕ ਮਿਲਾ ਕੇ ਇਸ ਵਿਚ ਧਨੀਏ ਦੀਆਂ ਪੱਤੀਆਂ ਅਤੇ ਪਨੀਰ ਪਾ ਕੇ ਪਰੋਸੋ।

# ਤਕਨਾਲੋਜੀ ਟਾਈਮਜ਼

## ਯੂਰਪੀਅਨ ਯੂਨੀਅਨ ਵੱਲੋਂ ਗੂਗਲ ਉੱਤੇ ਭਾਰੀ ਜੁਰਮਾਨਾ ਲਗਾਉਣ ਦੀ ਤਿਆਰੀ, ਡਿਜੀਟਲ ਮਾਰਕੀਟ ਐਕਟ ਦੀ ਉਲੰਘਣਾ ਦਾ ਦੋਸ਼

ਲੰਡਨ : ਯੂਰਪੀਅਨ ਯੂਨੀਅਨ ਆਉਣ ਵਾਲੇ ਦਿਨਾਂ ਵਿੱਚ ਪ੍ਰਸਿੱਧ ਤਕਨੀਕੀ ਕੰਪਨੀ ਅਲਫਾਬੈਟ ਦੀ ਮਲਕੀਅਤ ਵਾਲੇ ਗੂਗਲ ਉੱਤੇ ਇੱਕ ਭਾਰੀ ਜੁਰਮਾਨਾ ਲਗਾਉਣ ਦੀ ਤਿਆਰੀ ਕਰ ਰਹੀ ਹੈ। ਜਰਮਨੀ ਦੇ ਮਸ਼ਹੂਰ ਅਖਬਾਰ ਹੈਂਡਲਸਬਲਾਟ ਵੱਲੋਂ ਸੋਮਵਾਰ ਨੂੰ ਪ੍ਰਕਾਸ਼ਿਤ ਕੀਤੀ ਗਈ ਇੱਕ ਰਿਪੋਰਟ ਵਿੱਚ ਇਹ ਅਹਿਮ ਖੁਲਾਸਾ ਕੀਤਾ ਗਿਆ ਹੈ। ਰਿਪੋਰਟ ਵਿੱਚ ਕਮਿਸ਼ਨ ਦੇ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਇਹ ਜੁਰਮਾਨਾ ਉੱਚ 3 ਡਿਜਿਟ ਮਿਲੀਅਨ ਯੂਰੋ ਦੀ ਰਕਮ ਤੱਕ ਹੋ ਸਕਦਾ ਹੈ। ਇਹ ਕਾਰਵਾਈ ਡਿਜੀਟਲ ਮਾਰਕੀਟ ਐਕਟ ਦੇ ਤਹਿਤ ਚੱਲ ਰਹੀ ਐਂਟੀਟਰਸਟ ਜਾਂਚ ਦਾ ਹਿੱਸਾ ਹੈ। ਇਸ ਜਾਂਚ ਦਾ ਮੁੱਖ ਉਦੇਸ਼ ਇੰਟਰਨੈਟ ਉੱਤੇ ਪ੍ਰਮੁੱਖ ਕੰਪਨੀਆਂ ਦੇ ਏਕਾਧਿਕਾਰ ਨੂੰ ਨਿਯੰਤਰਿਤ ਕਰਨਾ ਅਤੇ ਨਿਰਪੱਖ ਮੁਕਾਬਲੇਬਾਜ਼ੀ ਨੂੰ ਯਕੀਨੀ ਬਣਾਉਣਾ ਹੈ।

ਅਖਬਾਰ ਦੀ ਰਿਪੋਰਟ ਅਨੁਸਾਰ ਇਸ ਮਾਮਲੇ ਸੰਬੰਧੀ ਫੈਸਲਾ ਮੁਕੰਮਲ ਹੋਣ ਦੇ ਬਿਲਕੁਲ ਨੇੜੇ ਹੈ। ਇਹ ਉਮੀਦ ਜਤਾਈ ਜਾ ਰਹੀ ਹੈ ਕਿ ਗਰਮੀਆਂ ਦੀਆਂ ਛੁੱਟੀਆਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਇਸ ਭਾਰੀ ਪੈਨਲਟੀ ਦਾ ਅਧਿਕਾਰਤ ਤੌਰ ਉੱਤੇ ਐਲਾਨ ਕਰ ਦਿੱਤਾ ਜਾਵੇਗਾ। ਜੇਕਰ ਇਹ ਫੈਸਲਾ ਲਾਗੂ ਹੁੰਦਾ ਹੈ ਤਾਂ ਇਹ ਯੂਰਪੀਅਨ ਯੂਨੀਅਨ ਦੇ ਡਿਜੀਟਲ ਮਾਰਕੀਟ ਐਕਟ ਦੀ ਉਲੰਘਣਾ ਲਈ ਹੁਣ ਤੱਕ ਦਾ ਸਭ ਤੋਂ ਸਖਤ ਜੁਰਮਾਨਾ ਹੋਵੇਗਾ। ਡਿਜੀਟਲ ਮਾਰਕੀਟ ਐਕਟ ਨੂੰ ਮੁੱਖ ਤੌਰ ਉੱਤੇ ਵਿਸ਼ਵ ਦੀਆਂ ਪ੍ਰਮੁੱਖ ਟੈੱਕ ਕੰਪਨੀਆਂ ਦੀ ਤਾਕਤ ਉੱਤੇ ਲਗਾਮ ਕੱਸਣ ਲਈ ਬਣਾਇਆ ਗਿਆ ਹੈ। ਇਹ ਕਾਨੂੰਨ ਇਹ ਯਕੀਨੀ ਬਣਾਉਂਦਾ ਹੈ ਕਿ




ਕੋਈ ਵੀ ਇੱਕ ਕੰਪਨੀ ਆਨਲਾਈਨ ਬਾਜ਼ਾਰ ਉੱਤੇ ਆਪਣਾ ਪੂਰਾ ਕਬਜ਼ਾ ਨਾ ਕਰ ਸਕੇ। ਇਸ ਲਈ ਗੂਗਲ ਉੱਤੇ ਹੋਣ ਵਾਲੀ ਇਹ ਕਾਰਵਾਈ ਬਾਕੀ ਕੰਪਨੀਆਂ ਲਈ ਵੀ ਇੱਕ ਸਖਤ ਚੇਤਾਵਨੀ ਹੋਵੇਗੀ।

ਗੂਗਲ ਖਿਲਾਫ ਇਸ ਜਾਂਚ ਦੀ ਸ਼ੁਰੂਆਤ ਅਧਿਕਾਰਤ ਤੌਰ ਉੱਤੇ ਮਾਰਚ 2025 ਵਿੱਚ ਕੀਤੀ ਗਈ ਸੀ। ਇਹ ਜਾਂਚ ਮੁੱਖ ਤੌਰ ਉੱਤੇ ਉਹਨਾਂ ਚਿੰਤਾਵਾਂ ਨਾਲ ਸੰਬੰਧਿਤ ਹੈ ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਗੂਗਲ ਆਪਣੇ ਸਰਚ ਨਤੀਜਿਆਂ ਵਿੱਚ ਆਪਣੀਆਂ ਹੀ ਸੇਵਾਵਾਂ ਨੂੰ ਤਰਜੀਹ ਦਿੰਦਾ ਹੈ। ਯੂਰਪੀਅਨ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਅਜਿਹਾ ਕਰਨ ਨਾਲ ਹੋਰ ਮੁਕਾਬਲੇਬਾਜ਼ ਕੰਪਨੀਆਂ ਨੂੰ ਭਾਰੀ ਨੁਕਸਾਨ ਹੁੰਦਾ ਹੈ। ਇਸ ਕਾਰਵਾਈ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਦੁਨੀਆ ਦਾ ਸਭ ਤੋਂ ਮਸ਼ਹੂਰ ਇੰਟਰਨੈਟ ਸਰਚ ਇੰਜਣ ਸਥਾਨਕ ਨਿਯਮਾਂ ਅਤੇ ਕਾਨੂੰਨਾਂ ਦੀ ਪੂਰੀ ਤਰ੍ਹਾਂ ਪਾਲਣਾ ਕਰੇ।

ਇਸ ਪੂਰੇ ਮਾਮਲੇ ਬਾਰੇ ਯੂਰਪੀਅਨ ਕਮਿਸ਼ਨ ਦੇ ਬੁਲਾਰੇ ਥਾਮਸ ਰੇਗਨੀਅਰ ਨੇ ਇੱਕ ਈਮੇਲ ਬਿਆਨ ਰਾਹੀਂ ਸਥਿਤੀ ਸਪੱਸ਼ਟ ਕੀਤੀ ਹੈ। ਉਹਨਾਂ ਕਿਹਾ ਕਿ ਕਮਿਸ਼ਨ ਦੀ ਮੁੱਖ ਦਿਲਚਸਪੀ ਕੰਪਨੀਆਂ ਉੱਤੇ ਜੁਰਮਾਨੇ ਲਗਾਉਣ ਵਿੱਚ ਨਹੀਂ ਹੈ ਸਗੋਂ ਕਾਨੂੰਨ ਦੀ ਸਹੀ ਢੰਗ ਨਾਲ ਪਾਲਣਾ ਕਰਵਾਉਣ ਵਿੱਚ ਹੈ। ਉਹਨਾਂ ਨੇ ਆਪਣੇ ਬਿਆਨ ਵਿੱਚ ਅੱਗੇ ਕਿਹਾ ਕਿ ਭਵਿੱਖ ਦੇ ਹੱਲ ਲੱਭਣ ਲਈ ਸਾਡੀ ਗੱਲਬਾਤ ਲਗਾਤਾਰ ਜਾਰੀ ਹੈ। ਪਰ ਇਸ ਦੇ ਬਾਵਜੂਦ ਅਸੀਂ ਜਿੰਨੀ ਜਲਦੀ ਸੰਭਵ ਹੋ ਸਕੇ ਅਗਲੇ ਕਦਮ ਚੁੱਕਣ ਤੋਂ ਬਿਲਕੁਲ ਵੀ ਝਿਜਕਾਂਗੇ ਨਹੀਂ। ਯੂਰਪੀਅਨ ਯੂਨੀਅਨ ਅਤੇ ਹੋਰ ਫੈਡਰਲ ਸੰਸਥਾਵਾਂ ਇਨ੍ਹਾਂ ਨਿਯਮਾਂ ਦੀ ਪਾਲਣਾ ਨੂੰ ਲੈ ਕੇ ਬਹੁਤ ਸਖਤ ਰੁਖ ਅਪਣਾ ਰਹੀਆਂ ਹਨ। ਗੂਗਲ ਨੇ ਯੂਰਪੀਅਨ ਯੂਨੀਅਨ ਦੇ ਇਨ੍ਹਾਂ ਨਵੇਂ ਨਿਯਮਾਂ ਦੀ ਸਖਤ ਆਲੋਚਨਾ ਕੀਤੀ ਹੈ। ਕੰਪਨੀ ਦਾ ਕਹਿਣਾ ਹੈ ਕਿ ਇਨ੍ਹਾਂ ਨਿਯਮਾਂ ਦਾ ਉਹਨਾਂ ਦੇ ਸਰਚ ਉਤਪਾਦ ਉੱਤੇ ਬਹੁਤ ਮਾੜਾ ਪ੍ਰਭਾਵ ਪਿਆ ਹੈ। ਹਾਲਾਂਕਿ ਕੰਪਨੀ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਉਹ ਇਸ ਮਾਮਲੇ ਨੂੰ ਸੁਲਝਾਉਣ ਲਈ ਪੂਰੀ ਤਰ੍ਹਾਂ ਇੱਛੁਕ ਹੈ। ਗੂਗਲ ਦੇ ਇੱਕ ਬੁਲਾਰੇ ਨੇ ਕਿਹਾ ਕਿ ਡਿਜੀਟਲ ਮਾਰਕੀਟ ਐਕਟ ਦੇ ਤਹਿਤ ਅਸੀਂ ਆਪਣੇ ਸਰਚ ਇੰਜਣ ਵਿੱਚ ਪਹਿਲਾਂ ਹੀ ਬਹੁਤ ਸਾਰੀਆਂ ਤਬਦੀਲੀਆਂ ਕੀਤੀਆਂ ਹਨ। ਕੰਪਨੀ ਅਨੁਸਾਰ ਇਹ ਤਬਦੀਲੀਆਂ ਉਤਪਾਦ ਦੇ ਇਤਿਹਾਸ ਵਿੱਚ ਸਭ ਤੋਂ ਭਾਰੀ ਗਿਰਾਵਟ ਨੂੰ ਦਰਸਾਉਂਦੀਆਂ ਹਨ। ਗੂਗਲ ਦਾ ਤਰਕ ਹੈ ਕਿ ਇਸ ਨਾਲ ਯੂਰਪੀਅਨ ਲੋਕਾਂ ਲਈ ਸਰਚ ਦਾ ਤਜਰਬਾ ਬਹੁਤ ਨੀਵੇਂ ਪੱਧਰ ਦਾ ਹੋ ਗਿਆ ਹੈ ਜਿਸ ਦਾ ਫਾਇਦਾ ਸਿਰਫ ਕੁਝ ਖਾਸ ਸ਼ਿਕਾਇਤਕਰਤਾਵਾਂ ਨੂੰ ਹੀ ਹੋ ਰਿਹਾ ਹੈ ਜੋ ਆਪਣੇ ਨਿੱਜੀ ਹਿੱਤਾਂ ਲਈ ਕੰਮ ਕਰ ਰਹੇ ਹਨ।

ਇਸ ਮਹੀਨੇ ਦੇ ਸ਼ੁਰੂ ਵਿੱਚ ਯੂਰਪੀਅਨ ਕਮਿਸ਼ਨ ਨੇ ਇਸ ਮਾਮਲੇ ਵਿੱਚ ਇੱਕ ਹੋਰ ਅਹਿਮ ਜਾਣਕਾਰੀ ਸਾਂਝੀ ਕੀਤੀ ਸੀ। ਕਮਿਸ਼ਨ ਨੇ ਦੱਸਿਆ ਸੀ ਕਿ ਉਹਨਾਂ ਵੱਲੋਂ ਗੂਗਲ ਨੂੰ ਅਧਿਕਾਰੀਆਂ ਦੀਆਂ ਚਿੰਤਾਵਾਂ ਦੂਰ ਕਰਨ ਲਈ ਥੋੜ੍ਹਾ ਹੋਰ ਸਮਾਂ ਦਿੱਤਾ ਗਿਆ ਹੈ। ਇਹ ਫੈਸਲਾ ਉਦੋਂ ਲਿਆ ਗਿਆ ਸੀ ਜਦੋਂ ਕੰਪਨੀ ਵੱਲੋਂ ਪੇਸ਼ ਕੀਤਾ ਗਿਆ ਪਿਛਲਾ ਪ੍ਰਸਤਾਵ ਕਮਿਸ਼ਨ ਦੀਆਂ ਉਮੀਦਾਂ ਉੱਤੇ ਖਰਾ ਨਹੀਂ ਉਤਰਿਆ ਸੀ। ਹੁਣ ਇਹ ਦੇਖਣਾ ਕਾਫੀ ਅਹਿਮ ਹੋਵੇਗਾ ਕਿ ਗੂਗਲ ਆਉਣ ਵਾਲੇ ਸਮੇਂ ਵਿੱਚ ਕੀ ਨਵਾਂ ਪ੍ਰਸਤਾਵ ਪੇਸ਼ ਕਰਦਾ ਹੈ ਅਤੇ ਕਮਿਸ਼ਨ ਇਸ ਉੱਤੇ ਕੀ ਅੰਤਿਮ ਫੈਸਲਾ ਲੈਂਦਾ ਹੈ।

# ਸ਼ਰਾਧ

ਬਰਾੜ-ਭਗਤਾ ਭਾਈ ਕਾ
001-604-751-1113






ਹਾਹਾਹਾਹਾਹਾ ਹੱਸਦਾ ਹੱਸਦਾ ਨਾਥਾ ਅਮਲੀ ਜਿਉਂ ਹੀ ਸੱਥ 'ਚ ਆਇਆ ਤਾਂ ਸਾਰੀ ਸੱਥ ਨਾਥੇ ਅਮਲੀ ਦੇ ਹਾਸੇ ਤੋਂ ਹੈਰਾਨ ਹੋ ਗਈ। ਮਾਹਲੇ ਨੰਬਰਦਾਰ ਨੇ ਅਮਲੀ ਨੂੰ ਪੁੱਛਿਆ,

"ਕੀ ਗੱਲ ਅਮਲੀਆ ਅੱਜ ਘਰੋਂ ਈਂ ਹੱਸਦੈ ਆਉਣੈ ਓਏ, ਕੁਸ ਥਿਆ ਗਿਆ ਕੁ ਕੁਸ ਦਿਸ ਗਿਆ। ਅੱਗੇ ਤਾਂ ਪਤੰਦਰਾਂ ਸੱਥ 'ਚ ਇਉਂ ਆ ਕੇ ਵੜਦੈ ਹੁਨੈ ਜਿਮੇਂ ਛੱਪੜ ਦੀ ਗਿੱਬ ਨਾਲ ਲਿਬੜੀ ਵੀ ਮੱਝ ਨਰਮੇਂ ਦੀਆਂ ਛਿਟੀਆਂ ਦੇ ਕੁਨੂੰ 'ਚ ਵੜਣ ਨੂੰ ਫਿਰਦੀ ਹੁੰਦੀ ਐ।"

ਸੀਤਾ ਮਰਾਸੀ ਟਿੱਚਰ 'ਚ ਕਹਿੰਦਾ, "ਸੂਤ ਹੋ ਕੇ ਬਹਿ ਤਾਂ ਲੈਣ ਦਿਉ, ਫੇਰ ਵੇਖਿਓ ਕਿਮੇਂ ਉਧੜਦਾ ਜਿਮੇਂ ਕਿੱਕਰ ਦੇ ਖੁੰਡੇ ਨਾਲ ਟੁੱਲ ਮਾਰੇ ਤੋਂ ਗਲੋਟਾ ਉਧੜਦਾ ਹੁੰਦੈ। ਬਹਿਣ ਤਾਂ ਤੁਸੀਂ ਹਜੇ ਦਿੱਤਾ ਨ੍ਹੀ, ਖਬਰਾਂ ਲੰਡਨ ਦੀਆਂ ਪੁੱਛਣ ਨੂੰ ਫਿਰਦੇ ਐਂ। ਉਰ੍ਹੇ ਆ ਜਾ ਨਾਥਾ ਸਿਆਂ ਐਥੇ ਮੇਰੇ ਕੋਲੇ ਆ ਜਾ।"

ਮਰਾਸੀ ਦੀ ਗੱਲ ਸੁਣ ਕੇ ਅਮਲੀ ਮਰਾਸੀ ਨੂੰ ਕਹਿੰਦਾ, "ਤੇਰੇ ਕੋਲੇ ਕੀ ਮੂਹੜਾ ਪਿਆ ਜੀਹਦੇ 'ਤੇ ਬਠਾਉਣੈ ਮੈਨੂੰ।" ਬਾਬਾ ਉੱਤਮ ਸਿਉਂ ਅਮਲੀਆਂ ਦੀਆਂ ਗੱਲਾਂ ਸੁਣ ਕੇ ਅਮਲੀ ਨੂੰ ਕਹਿੰਦਾ, "ਅੱਜ ਤਾਂ ਨਾਥਾ ਸਿਆਂ ਪੰਜ ਪੌਣ 'ਤੇ ਹੋਇਆ ਫਿਰਦੈਂ ਓਏ। ਚੱਕ ਕੇ ਗੱਲ ਕਰਦੈਂ।" ਬੁੱਘਰ ਦਖਾਣ ਕਹਿੰਦਾ, "ਚੇਤੂ ਬਲੈਕੀਏ ਤੋਂ ਲਿਆ ਕੇ ਖਾਧੀ ਵੀ ਲੱਗਦੀ ਐ। ਪੂਰੀ ਖਰੀ ਦਿੰਦਾ ਕਹਿੰਦੇ ਉਹੋ।" ਬਾਬੇ ਉੱਤਮ ਸਿਉਂ ਨੇ ਮੋੜੀ ਅਮਲੀ ਵੱਲ ਮੁਹਾਰ, "ਛੱਡੋ ਯਾਰ ਇਹ ਗੱਲਾਂ। ਅਮਲੀਆ ਤੂੰ ਇਹ ਗੱਲ ਦੱਸ ਬਈ ਅੱਜ ਕਾਹਦਾ ਹਾਸਾ ਆਇਆ ਤੈਨੂੰ?"

ਅਮਲੀ ਕਹਿੰਦਾ, "ਹਾਸਾ ਕਾਹਦਾ ਆਉਣਾ ਸੀ ਬਾਬਾ, ਅੱਜ ਤਾਂ ਮਦਨ ਪੰਡਤ ਨਾਲ ਜੱਗੋਂ ਤੇਹਰਮੀਂ ਹੋ ਗੀ। ਊਂ ਤਾਂ ਸਾਲਾ ਬਾਹਮਣ ਹਰੇਕ ਨੂੰ ਈਂ ਟਿੱਚ ਕਰਕੇ ਜਾਣਦਾ ਸੀ। ਲੈ ਹੁਣ ਛੀ ਮਹੀਨੇ ਨ੍ਹੀ ਅੱਖ 'ਚ ਪਾਏ ਨੇ ਰੜਕਣਾ। ਉਦੋਂ ਨੂੰ ਫੇਰ ਕੋਈ ਨਾ ਕੋਈ ਜੱਟ ਜਾਗ ਪੂ।"

ਬਾਬੇ ਉੱਤਮ ਸਿਉਂ ਨੇ ਪੁੱਛਿਆ, "ਕੀ ਗੱਲ ਹੋ ਗੀ ਮਦਨ ਪੰਡਤ ਨਾਲ?" ਅਮਲੀ ਕਹਿੰਦਾ, "ਤੈਨੂੰ ਨ੍ਹੀ ਪਤਾ?" ਮਾਹਲਾ ਨੰਬਰਦਾਰ ਕਹਿੰਦਾ, "ਜੇ ਉੱਤਮ ਸਿਉਂ ਨੂੰ ਪਤਾ ਹੁੰਦਾ ਤਾਂ ਤੈਨੂੰ ਕਾਹਤੋਂ ਪੁੱਛਦਾ।"

ਅਮਲੀ ਗੱਲ ਸੁਣਾਉਣ ਨੂੰ ਪੈਰਾਂ ਭਾਰ ਹੋ ਕੇ ਬੋਲਿਆ, "ਸੋਨੂੰ ਪਤਾ ਈ ਐ ਬਾਬਾ ਬਈ ਹੁਣ ਸਰਾਧ ਚੱਲਦੇ ਐ। ਲੋਕ ਆਪੋ ਆਪਣੇ ਵੱਡ ਵਡੇਰਿਆਂ ਦੇ ਸਰਾਧ ਖੁਆਈ ਜਾਂਦੇ ਐ। ਆਪਣੇ ਓਧਰਲੇ ਗੁਆੜ ਆਲਾ ਜੋਰਾ ਜੱਟ ਕਿਤੇ ਮਦਨ ਪੰਡਤ ਨੂੰ ਜਾ ਕੇ ਕਹਿੰਦਾ 'ਦੇਵਤਾ ਜੀ! ਸਾਡੇ ਹਰੇਕ ਕੰਮ 'ਚ ਅੜਿੱਕੇ ਪੈਂਦੇ ਰਹਿੰਦੇ ਐ। ਕੋਈ ਵੀ ਕੰਮ ਸਿਰੇ ਨ੍ਹੀ ਚੜ੍ਹਦਾ। ਸਾਨੂੰ ਕਿਸੇ ਸਿਆਣੇ ਨੇ ਦੱਸਿਆ ਬਈ ਕਿਸੇ ਪੰਡਤ ਨੂੰ ਆਵਦੇ ਵੱਡ ਵਡੇਰੇ ਬਜੁਰਗਾਂ ਦੇ ਸਰਾਧ ਕਰਕੇ ਖੁਆ ਦਿਉ। ਹੁਣ ਅਸੀਂ ਕਰਨੇ ਐ ਸਰਾਧ। ਸਾਨੂੰ ਦੱਸੋ ਬਈ ਕਿੰਨਾ ਖਰਚਾ ਆਊ ਸਰਾਧਾਂ 'ਤੇ? ਅਕੇ ਪੰਡਤ ਕਹਿੰਦਾ 'ਪੰਜ ਸ਼ੈ ਰਪੀਆ ਖਰਚਾ ਆ ਜੂ'। ਜੋਰਾ ਜੱਟ ਵੇਖ ਲਾ ਕੰਜੂਸ ਐ ਸਿਰੇ ਦੇ। ਕੁਕੜੀਆਂ ਦੇ ਆਂਡੇ ਵੇਚ ਵੇਚ ਤਾਂ ਘਰ ਦਾ ਤੋਰੀ ਫੁੱਲਕਾ ਚਲਾਉਂਦੈ, ਪੰਜ ਸੈ ਰਪੀਆ ਕਿੱਥੋਂ ਲਾ ਦਿੰਦਾ ਇਹੇ ਸਲ੍ਹੀਣੇ ਆਲਾ ਨੰਦ ਸਿਉਂ। ਮਦਨ ਪੰਡਤ ਦੀ ਗੱਲ ਸੁਣ ਕੇ ਜੋਰਾ ਜੱਟ ਕਹਿੰਦਾ 'ਮਹਿੰਗਾ ਸੌਦਾ ਪੰਡਤ ਜੀ, ਚੱਲ ਰਹਿਣ ਈਂ ਦਿੰਨੇ ਆਂ ਵੇਖੀ ਜਾਊ ਜਿਹੜਾ ਕੁਸ ਹੋਊ'। ਜਦੋਂ ਜੋਰਾ ਜੱਟ ਉੱਠ ਕੇ ਤੁਰਨ ਲੱਗਿਆ ਤਾਂ ਪੰਡਤ ਕਹਿੰਦਾ 'ਜੋਰਾ ਸ਼ਿਆਂ! ਜੇ ਤਾਂ ਸ਼ਰਾਧ ਕਰਨੇ ਹੁੰਦੇ ਕਿਸੇ ਜੁਆਕ ਜੱਲੇ ਦੇ, ਫੇਰ ਤਾਂ ਸ਼ਸ਼ਤੇ ਭਾਅ ਈ ਸਰ ਜਾਣਾ ਸੀ। ਤੂੰ ਸ਼ਰਾਧ ਕਰਨੇ ਐ ਵੱਡੇ ਬਜੁਰਗਾਂ ਦੇ, ਉਹਦੇ 'ਤੇ ਤਾਂ ਖਰਚ ਵੱਧ ਈ ਆਉਣੈ'। ਅਕੇ ਜੋਰਾ ਕਹਿੰਦਾ 'ਬਜੁਰਗ ਵੀ ਤਾਂ ਦੇਵਤਾ ਜੀ ਜੁਆਕਾਂ ਅਰਗੇ ਈ ਹੁੰਦੇ ਐ। ਚੱਲ ਕੋਈ ਨ੍ਹੀ ਰਹਿਣ ਈਂ ਦੇ'। ਜਦੋਂ ਜੋਰਾ ਜੱਟ ਪੰਡਤ ਦੇ ਘਰੋਂ ਬਾਹਰ ਹੋਇਆ ਤਾਂ ਪੰਡਤ ਨੇ ਫੇਰ 'ਵਾਜ ਮਾਰ ਲੀ। ਕਹਿੰਦਾ 'ਇੱਕ ਸਸਤਾ ਕੰਮ ਵੀ ਹੈਗਾ'। ਅਕੇ ਜੋਰਾ ਕਹਿੰਦਾ 'ਸਸਤਾ ਦੱਸ। ਇਹ ਵੀ ਦੱਸਦੇ ਬਈ ਉਹਦੇ 'ਚ ਕੀ ਕੁਸ ਕਰਨਾ ਪਊ ਤੇ ਕਿੰਨੇ ਪੈਸੇ ਖਰਚ ਆਉਣਗੇ'? ਅਕੇ ਪੰਡਤ ਕਹਿੰਦਾ, "ਛਟਾਂਕੀ ਘਿਉ ਦਾ ਕੜ੍ਹਾਹ ਕਰ ਲੀਂ, ਅੱਧ 'ਚ ਸੇਰ ਖੀਰ ਬਣਾ ਲੀਂ। ਦੋ ਖੰਭਣੀਆਂ ਤੇ ਪੌਲੀ ਧੇਲੀ ਪੈਸੇ ਰੱਖ ਦੀਂ। ਨਾਲ ਬਹਾ ਕੇ ਕਰ ਦੂੰ'। ਜੋਰਾ ਜੱਟ ਮੰਨ ਗਿਆ। ਅਗਲੇ ਦਿਨ ਜੋਰਾ ਸਭ ਕੁਸ ਲੈ ਕੇ ਮਦਨ ਪੰਡਤ ਦੇ ਘਰੇ ਜਾ ਵੜਿਆ। ਪੰਡਤ ਨੂੰ ਕਹਿੰਦਾ 'ਲਉ ਦੇਵਤਾ ਜੀ ਆਹ ਲਉ ਸਮਾਨ ਤੇ ਹੁਣ ਆਪਾਂ ਆਪਣਾ ਕੰਮ ਵਿੱਢ ਦੀਏ'। ਮਦਨ ਪੰਡਤ ਨੇ ਕੀ ਕੀਤਾ ਨਾਂਹ ਬਾਬਾ, ਜਿਹੜਾ ਸਮਾਨ ਲਿਆਂਦਾ ਸੀ ਬਣਾ ਕੇ ਤੇ ਖੰਭਣੀਆਂ ਖੁੰਭਣੀਆਂ। ਬਾਹਮਣ ਨੇ ਆਵਦੇ ਮੂਹਰੇ ਰਖਾਅ ਲਿਆ। ਜੋਰੇ ਨੂੰ ਕਹਿੰਦਾ 'ਜਿਮੇਂ ਜੋਰਾ ਸ਼ਿਆਂ ਮੈਂ ਜੰਤਰ ਮੰਤਰ ਪੜ੍ਹੂੰਗਾ, ਓਮੇਂ ਈ ਤੂੰ ਮੇਰੇ ਮਗਰ ਮਗਰ ਬੋਲੀ ਜਾਈਂ। ਜਿਮੇਂ ਮੈਂ ਕਰੀ ਗਿਆ ਓਮੇਂ ਈਂ ਤੂੰ ਕਰੀਂ ਜਾਈਂ'। ਜੋਰੇ ਨੇ ਪੁੱਛਿਆ 'ਕਿੰਨੇ ਚਿਰ ਦਾ ਮੰਤਰ ਐ ਇਹੇ'? ਮਦਨ ਕਹਿੰਦਾ 'ਦਸ ਵੀਹ ਮਿੰਟਾਂ ਦਾ ਸਾਰਾ ਕੰਮ ਐਂ, ਬਾਕੀ ਵੇਖ ਲਾ ਤੇਰੇ ਸਿਰ ਤੇ ਐ ਬਈ ਤੂੰ ਕਿੰਨਾ ਕੁ ਕਾਹਲੀ ਪੜ੍ਹੇਂਗਾ'। ਬਾਹਮਣ ਤੇ ਜੋਰਾ ਦੋਮੇਂ ਆਹਮੋ ਸਾਹਮਣੇ ਬਹਿ ਗੇ ਬਾਬਾ। ਮਦਨ ਜੋਰੇ ਨੂੰ ਕਹਿੰਦਾ 'ਬੋਲ ਜੱਟਾ ਸ਼ਾਵਾ ਖਾਵਾ ਸ਼ੂੰ'। ਜੋਰਾ ਮਗਰੇ ਬੋਲਿਆ 'ਬੋਲ ਜੱਟਾ ਸ਼ਾਵਾ ਖਾਵਾ ਸ਼ੂੰ'। ਪੰਡਤ ਕਹਿੰਦਾ 'ਤੂੰ ਬੋਲ ਜੱਟਾ ਨ੍ਹੀ ਕਹਿਣਾ'। ਜੋਰਾ ਫੇਰ ਮਗਰੇ ਬੋਲ ਪਿਆ 'ਤੂੰ ਜੱਟਾ ਨ੍ਹੀ ਕਹਿਣਾ'। ਪੰਡਤ ਫੇਰ ਜੋਰੇ ਨੂੰ ਬੋਲਿਆ 'ਜਿਮੇਂ ਮੈਂ ਕਹਿਨੈ ਤੂੰ ਓਮੇਂ ਕਿਉਂ ਨ੍ਹੀ ਮੰਨਦਾ'। ਜੋਰਾ ਫੇਰ ਮਗਰੇ ਬੋਲ ਪਿਆ 'ਜਿਮੇਂ ਮੈਂ ਕਹਿਨੈ ਤੂੰ ਓਮੇਂ ਕਿਉਂ ਨ੍ਹੀ ਮੰਨਦਾ'। ਪੰਡਤ ਸਾਰੀ ਗੱਲ ਸਮਝ ਗਿਆ ਬਈ ਇਹਨੂੰ ਸਮਝ ਨ੍ਹੀ ਆਈ। ਪੰਡਤ ਨੇ ਗੁੱਸੇ 'ਚ ਆ ਕੇ ਜਿਹੜਾ ਮੂਹਰੇ ਥਾਲ 'ਚ ਸੰਧੂਰ ਪਿਆ ਸੀ ਜੱਟ ਦੇ ਮੂੰਹ 'ਤੇ ਲਾ 'ਤਾ। ਜੋਰੇ ਨੇ ਜਿਉਂ ਚੱਕਿਆ ਥਾਲ, ਪੰਡਤ ਦੇ ਸਿਰ 'ਚ ਪਾ 'ਤਾ ਤੇ ਮੂੰਹ 'ਤੇ ਮਸਲ ਕੇ ਮੂੰਹ ਇਉਂ ਬਣਾ 'ਤਾ ਜਿਮੇਂ ਲਾਲ ਲੀੜੇ ਨਾਲ ਪਾਥੀਆਂ ਆਲਾ ਗੀਰ੍ਹਾ ਢਕਿਆ ਹੁੰਦਾ। ਪੰਡਤ ਜੋਰੇ ਨੂੰ ਕਹਿੰਦਾ 'ਜਾਹ ਨਿੱਕਲ ਜਾ ਮੇਰੇ ਘਰੋਂ'। ਮਗਰੇ ਜੋਰੇ ਨੇ ਪੰਡਤ ਨੂੰ ਕਹਿ 'ਤਾ 'ਜਾ ਨਿੱਕਲ ਜਾ ਮੇਰੇ ਘਰੋਂ'। ਦੋਮੇਂ ਆਹਣੋ ਸਾਹਮਣੇ ਬੈਠੇ ਇਉਂ ਲੜੀ ਬੋਲੀ ਜਾਣ ਜਿਮੇਂ ਰਾਜ ਕਮਲ ਸਰਕਸ 'ਚ ਜੋਕਰ ਘੂਕਦੇ ਹੁੰਦੇ ਐ। ਪੰਡਤ ਨੇ ਕੀ ਕੀਤਾ ਬਾਬਾ, ਜੋਰੇ ਦੇ ਕੰਨ 'ਤੇ ਚਪੇੜ ਮਾਰੀ। ਜੋਰੇ ਨੇ ਪੰਡਤ ਦੇ ਦੋ ਧਰ ਤੀਆਂ। ਗੱਦੀ 'ਤੇ ਬੈਠੇ ਚਪੇੜੋ ਚਪੇੜੀ ਹੁੰਦਿਆਂ ਨੂੰ ਵੇਖ ਕੇ ਪੰਡਤਾਣੀ ਵੀ ਆ ਗੀ। ਉਹ ਕਹਿੰਦੀ 'ਇਹ ਕੀ ਡਰਾਮਾ ਹੁੰਦੈ'? ਪੰਡਤ ਪੰਡਤਾਣੀ ਨੂੰ ਕਹਿੰਦਾ 'ਤੂੰ ਚਲੀ ਜਾਹ ਏਥੋਂ'। ਜੋਰਾ ਵੀ ਪੰਡਤਾਣੀ ਨੂੰ ਕਹਿੰਦਾ 'ਤੂੰ ਚਲੀ ਜਾ ਏਥੋਂ'। ਜਦੋਂ ਬਾਬਾ ਇਹ ਗੱਲ ਪੰਡਤਾਣੀ ਨੂੰ ਜੋਰੇ ਨੇ ਕਹੀ ਤਾਂ ਪੰਡਤ ਨੇ ਉੱਠ ਕੇ ਜੋਰਾ ਢਾਹ ਲਿਆ ਬਈ ਤੂੰ ਮੇਰੇ ਟੱਬਰ ਨੂੰ ਇਹ ਕੀ ਬੋਲਦੈਂ ਓਏ। ਜੋਰਾ ਥੱਲੇ ਪਿਆ ਸਾਰਾ ਕੁਸ ਝੱਲੀ ਵੇਖੀ ਗਿਆ ਤੇ ਕੁੱਟ ਖਾਈ ਗਿਆ। ਜਦੋਂ ਪੰਡਤ ਹੰਭ ਕੇ ਜੋਰੇ ਤੋਂ ਉੱਠਿਆ ਤਾਂ ਉੱਠਦੇ ਈ ਬਾਹਮਣ ਨੂੰ ਜੱਟ ਨੇ ਢਾਹ ਲਿਆ। ਮਾਰ ਮਾਰ ਘਸੁੰਨ ਬਾਹਮਣ ਦਾ ਮੂੰਹ ਉੱਠ ਦੀ ਸੁੱਜੀ ਵੀ ਘੁਆਂਡ ਅਰਗਾ ਕਰ 'ਤਾ। ਓਧਰ ਬਾਹਮਣੀ ਰੌਲਾ ਪਾਈ ਜਾਵੇ ਬਈ ਕੋਈ ਆ ਕੇ ਛਡਾਉ। ਬਾਹਮਣ ਨੇ ਜਾ ਕੇ ਚਾਰ ਪੰਜ ਬਾਹਮਣੀ ਦੇ ਧਰ 'ਤੀਆਂ। ਜਦੋਂ ਬਾਹਮਣ ਪੰਡਤਾਣੀ ਨੂੰ ਕੁੱਟ ਕੇ ਹਟਿਆ ਤਾਂ ਮੁੜ ਕੇ ਜੋਰੇ ਨੇ ਢਾਹ ਲੀ ਪੰਡਤਾਣੀ। ਮਾਰ ਮਾਰ ਹੁੱਡੂ ਚਪੇੜਾਂ ਜੋਰੇ ਨੇ ਪੰਡਤਾਣੀ ਢਹੇ ਗਹੀਰੇ ਅਰਗੀ ਕਰ 'ਤੀ। ਪੰਡਤ ਦੇ ਘਰੇ ਇਉਂ ਰੌਲਾ ਪਵੇ ਜਿਮੇਂ ਪਹਿਲੀ ਦੂਜੀ ਜਮਾਤ ਆਲੇ ਜੁਆਕ ਜੋਰ ਲਾ ਲਾ ਕੇ ਪਹਾੜੇ ਬੋਲਦੇ ਹੁੰਦੇ ਐ।"

ਅਮਲੀ ਦੀ ਗੱਲ ਟੋਕ ਕੇ ਬਾਬਾ ਉਤਮ ਸਿਉਂ ਕਹਿੰਦਾ, "ਅਮਲੀਆ ਰੌਲਾ ਸੁਣ ਕੇ ਕੋਈ ਆਂਢ ਗੁਆਂਢ 'ਚੋਂ ਛਡਾਉਣ ਨ੍ਹੀ ਆਇਆ ਫਿਰ?"

ਸੀਤਾ ਮਰਾਸੀ ਟਿੱਚਰ 'ਚ ਕਹਿੰਦਾ, "ਸੁਰਜਨ ਬੁੜ੍ਹੇ ਕੇ ਘੈਂਸਲੇ ਨੇ ਰੌਲਾ ਜਾ ਸੁਣ ਕੇ ਜਦੋਂ ਪੰਡਤਾਂ ਦੇ ਬਾਰ ਮੂਹਰਦੀ ਨੰਘਣ ਲੱਗੇ ਨੇ ਪੈਰ ਮਲ਼ੇ ਤਾਂ ਬਾਹਮਣੀ ਦੇ ਪਈ ਜਾਂਦੀਆਂ ਨੂੰ ਵੇਖ ਕੇ ਘੈਂਸਲਾ ਆਪ ਡਰ ਗਿਆ ਬਈ ਜੋਰਾ ਤੇ ਮਦਨ ਕਿਤੇ ਪੰਡਤਾਣੀ ਨੂੰ ਛੱਡ ਕੇ ਮੈਨੂੰ ਨਾ ਪੈ ਨਿੱਕਲਣ। ਉਹ ਤਾਂ ਭਾਈ ਪੱਤੇ ਲੀਹ ਹੋਇਆ। ਉਹਨੇ ਕਿਤੇ ਜਾ ਕੇ ਚੰਨਣ ਸਿਉਂ ਬਿੰਬਰ ਨੂੰ ਦੱਸ 'ਤਾ ਬਈ ਮਦਨ ਪੰਡਤ ਦੀ ਬਹੂ 'ਚ ਕੋਈ ਭੂਤ ਪ੍ਰੇਤ ਆ ਗਿਆ ਉਹਨੂੰ ਜੋਰਾ ਤੇ ਮਦਨ ਕੁੱਟੀ ਜਾਂਦੇ ਐ।"

ਮਾਹਲੇ ਨੰਬਰਦਾਰ ਨੇ ਪੁੱਛਿਆ, "ਫੇਰ ਚੰਨਣ ਸਿਉਂ ਬਿੰਬਰ ਆਇਆ ਪੰਡਤਾਂ ਦੇ ਘਰੇ ਕੁ ਉਹ ਵੀ ਡਰ ਗਿਆ ਬਈ ਬਾਹਮਣ ਤੇ ਜੱਟ ਰਲੇ ਵੇ ਕਿਤੇ ਮੇਰੇ ਆਲੇ ਭੂਤ ਨਾ ਕੱਢ ਦੇਣ?"

ਨਾਥਾ ਅਮਲੀ ਕਹਿੰਦਾ, "ਚੰਨਣ ਬਿੰਬਰ ਛੀ ਸੱਤ ਬੰਦਿਆਂ ਨੂੰ 'ਕੱਠੇ ਕਰ ਲਿਆਇਆ ਬਈ ਛੇਤੀ ਚੱਲ ਕੇ ਪੰਡਤਾਣੀ ਦਾ ਖਹਿੜਾ ਛਡਾਈਏ। ਜਦੋਂ ਚੰਨਣ ਸਿਉਂ ਹੋਰੀਂ ਮਦਨ ਪੰਡਤ ਦੇ ਘਰੇ ਵੜੇ ਤਾਂ ਜਾਂਦਿਆਂ ਨੂੰ ਮਦਨ ਤੇ ਜੋਰਾ ਫੇਰ ਇੱਕ ਵਟਾ ਦੋ ਹੋਏ ਪਏ ਬਾਬਾ। ਪੰਡਤ ਥੱਲੇ ਪਿਆ ਜੋਰਾ ਬਾਹਮਣ ਦੇ ਉੱਤੇ ਪਿਆ ਘਸੁੰਨਾਂ ਨਾਲ ਇਉਂ ਕੁੱਟੀ ਜਾਵੇ ਜਿਮੇਂ ਚੰਦੇ ਠੋਕਣ ਆਲਾ ਹਾਕਮ ਚੰਦੇ ਠੋਕੀ ਜਾਂਦਾ ਹੁੰਦਾ। ਜਦੋਂ ਚੰਨਣ ਸਿਉਂ ਬਿੰਬਰ ਨੇ ਬਾਰ ਵੜਦੇ ਸਾਰ ਜੋਰੇ ਨੂੰ ਲਲਕਾਰਾ ਮਾਰਿਆ 'ਇਹ ਕੀ ਕਰੀ ਜਾਨੈਂ ਓਏ' ਤਾਂ ਫੇਰ ਕਿਤੇ ਜਾ ਕੇ ਜੋਰੇ ਨੇ ਬਾਹਮਣ ਨੂੰ ਛੱਡਿਆ। ਪੰਡਤਾਂ ਦੇ ਘਰੇ ਤਾਂ ਬਾਬਾ ਇਉਂ 'ਕੱਠ ਹੋ ਗਿਆ ਜਿਮੇਂ ਗਪਾਲ ਮੋਚਨੇ ਦੇ ਮੇਲੇ 'ਤੇ ਲੋਕ ਸਰਕਸ ਵੇਖਣ ਨੂੰ 'ਕੱਠੇ ਹੋਏ ਹੋਣ। ਕੋਈ ਕੁਸ ਕਹੇ ਕੋਈ ਕੁਸ ਕਹੇ। ਜਦੋਂ ਚੰਨਣ ਸਿਉਂ ਬਿੰਬਰ ਨੇ ਮਦਨ ਪੰਡਤ ਨੂੰ ਪੁੱਛਿਆ ਬਈ ਕੀ ਗੱਲ ਐ ਲੜਦੇ ਕਿਉਂ ਐਂ ਤਾਂ ਪੰਡਤ ਨੇ ਬਿੰਬਰ ਨੂੰ ਸਾਰੀ ਹੀਰ ਸਣਾਈ ਬਈ ਗੱਲ ਤਾਂ ਆਹ ਸੀ ਬਣ ਗੀ ਆਹ। ਜਿਹੜੇ ਲੋਕ ਚੰਨਣ ਸਿਉਂ ਨਾਲ ਗਏ ਸੀ ਸਾਰੇ ਉੱਚੀ ਉੱਚੀ ਹੱਸਣ ਲੱਗ ਪੇ। ਫੇਰ ਕਿਤੇ ਜਾ ਕੇ ਚੰਨਣ ਸਿਉਂ ਨੇ ਜੋਰੇ ਨੂੰ ਘੂਰਿਆ। ਇਉਂ ਹੋਈ ਮਦਨ ਪੰਡਤ ਨਾਲ।"

ਬੁੱਘਰ ਦਖਾਣ ਕਹਿੰਦਾ, "ਜੋਰੇ ਜੱਟ ਦਾ ਪਤਾ ਤਾਂ ਹੈ ਬਾਬਾ ਸਾਰੇ ਪਿੰਡ ਨੂੰ ਬਈ ਕਮਲਿਆਂ ਦਾ ਕਮਲ਼ਾ। ਮਦਨ ਪੰਡਤ ਨੇ ਪੰਗਾ ਕਾਹਤੋਂ ਲੈਣਾ ਸੀ?'

ਨਾਥਾ ਅਮਲੀ ਕਹਿੰਦਾ, "ਬਾਹਮਣ ਨੂੰ ਕਿਤੇ ਚਾਅ ਸੀ ਕੁੱਟ ਖਾਣ ਦਾ। ਛਿੱਲੜਾ ਨੂੰ ਬਾਹਮਣ ਮਰਦਾ ਸੀ ਬਈ ਚਾਰ ਛਿੱਲੜ ਬਣ ਜਾਣਗੇ। ਲੈ ਲਾ ਛਿਲੜ, ਲੈਣੇ ਦੇ ਦੇਣੇ ਪੈ ਗੇ। ਬਾਹਮਣ ਤੇ ਬਾਹਮਣੀ ਦੇ ਮੂੰਹ ਤਾਂ ਵੇਖੋ ਜਾ ਕੇ ਕਿਮੇਂ ਹੋਏ ਪਏ ਸੁੱਜ ਕੇ ਜਿਮੇਂ ਸੂਰ ਦੀਆਂ ਨਾਸਾਂ 'ਤੇ ਭੂੰਡ ਲੜਿਆ ਹੁੰਦਾ।"

ਗੱਲਾਂ ਕਰੀ ਜਾਂਦਿਆਂ ਤੋਂ ਏਨੇ ਚਿਰ ਨੂੰ ਤੇਲ ਮੰਗਣ ਵਾਲਾ ਇੱਕ ਸ਼ਨੀ ਪੰਡਤ ਮੰਗਦਾ ਮੰਗਦਾ ਸੱਥ 'ਚ ਆ ਕੇ ਕਹਿੰਦਾ, 'ਜੇ ਕਿਸੇ ਨੇ ਹੱਥ ਵਖਾਉਣੈ ਤਾਂ ਮੈਂ ਵੇਖ ਦਿੰਨਾਂ। ਅਗਲੇ ਪਿੱਛਲੇ ਜਨਮ ਦਾ ਸਾਰਾ ਹਾਲ ਦੱਸ ਦਿਆਂ ਗਾ।"

ਨਾਥਾ ਅਮਲੀ ਕਹਿੰਦਾ, "ਰਾਹੂ ਪੱਤੀ ਆਲੇ ਅੰਦਰਲੇ ਦਰਵਾਜੇ ਕੋਲੇ ਜੋਰੇ ਜੱਟ ਦਾ ਘਰ ਐ, ਉਹਨੇ ਪੰਡਤ ਜੀ ਵਖਾਉਣੈ ਹੱਥ। ਆਹ ਕੱਲ੍ਹ ਪਰਸੋਂ ਸਾਡੇ ਪਿੰਡ ਆਲੇ ਮਦਨ ਪੰਡਤ ਤੇ ਉਹਦੇ ਟੱਬਰ ਨੂੰ ਤਾਂ ਵਖਾ 'ਤੇ। ਜੇ ਤੂੰ ਵੀ ਵੇਖਣੇ ਐਂ ਤਾਂ ਦਰਵਾਜੇ ਕੋਲੇ ਜਾ ਕੇ ਪੁੱਛ ਲੀਂ ਬਈ ਜੋਰੇ ਜੱਟ ਦਾ ਘਰ ਕਿਹੜਾ। ਜਾਹ ਤੂੰ ਵੀ ਵੇਖ ਆ ਜਾ ਕੇ। ਤਿਆਰ ਈ ਬੈਠਾ ਤੇਰੇ ਅਰਗਿਆਂ ਨੂੰ ਪੰਜੀ ਦਾ ਭੌਣ ਵਖਾਉਣ ਨੂੰ।"

ਅਮਲੀ ਦੀ ਗੱਲ ਸੁਣ ਕੇ ਜਿਉਂ ਹੀ ਸ਼ਨੀ ਦੇਵਤਾ ਜੋਰੇ ਜੱਟ ਦੇ ਘਰ ਵੱਲ ਨੂੰ ਤੁਰਿਆ ਤਾਂ ਸੱਥ ਵਾਲੇ ਵੀ ਹੌਲੀ ਹੌਲੀ ਸ਼ਨੀ ਦੇਵਤੇ ਦੇ ਮਗਰ ਹੀ ਤੁਰੇ ਪਏ ਬਈ ਵੇਖਾਂਗੇ ਜੋਰਾ ਜੱਟ ਇਹਨੂੰ ਵੀ ਧਨੇਸੜੀ ਦਿੰਦਾ ਕੁ ਨਹੀਂ। ਪੰਡਤਾਂ ਦੀਆਂ ਗੱਲਾਂ ਕਰਦੇ ਕਰਦੇ ਸਾਰੇ ਜਾਣੇ ਆਪਣੇ ਘਰ ਨੂੰ ਜਾਣ ਲਈ ਸੱਥ 'ਚੋਂ ਉੱਠ ਖੜੋਤੇ ਤੇ ਸੱਥ ਖਾਲੀ ਹੋ ਗਈ।

ਸਫ਼ਾ 14 ਦਾ ਬਾਕੀ

ਕੀਤੀ ਹੈ ਤੇ ਜਦੋਂ ਅੱਜ ਮੈ ਘਰ ਰਿਟਾਇਰ ਹੋਕੇ ਬੈਠਾ ਤਾਂ ਸਰਕਾਰ ਨੇ ਮੈਨੂੰ ਇਹ ਇਨਾਮ ਦਿੱਤਾ ਕਿ ਪੁਲਿਸ ਨੇ ਸਾਡਾ ਇਕਲੌਤਾ ਪੁੱਤ ਚੁੱਕ ਕੇ ਮਾਰ ਖਪਾ ਦਿੱਤਾ ਤਰੱਕੀਆਂ ਲੈਣ ਦੀ ਖਾਤਰ ਅਸੀ ਤਾਂ ਹੁਣ ਸਾਰੇ ਪਾਸੇ ਧੱਕੇ ਖਾ ਕੇ ਹਾਰ ਹੰਭ ਗਏ ਹਾਂ। ਅੰਮ੍ਰਿਤਸਰ 1 ਮਈ ਪੱਤਰ ਪ੍ਰੇਰਕ – ਪੰਜਾਬ ਵਿੱਚ ਪੁਲਿਸ ਵਧੀਕੀਆਂ ਦਿਨ ਬ ਦਿਨ ਵਧਦੀਆਂ ਜਾ ਰਹੀਆਂ ਹਨ ਅਤੇ ਬਿਆਸ ਹਲਕਾ ਦੇ ਪਿੰਡ ਬੁਤਾਲਾ ਪਿਛੋਂ ਇਸ ਦੀ ਇੱਕ ਤਾਜਾ ਮਿਸਾਲ ਵੇਖਣ ਵਿੱਚ ਆਈ ਹੈ, ਪ੍ਰਾਪਤ ਵੇਰਵੇ ਅਨੁਸਾਰ ਅੰਮ੍ਰਿਤਸਰ ਜੇਲ੍ਹ ਵਿੱਚ ਭੰਨਤੋੜ ਦੀਆਂ ਕਾਰਵਾਈਆਂ ਦੇ ਕਾਨੂੰਨ ਤਹਿਤ ਬੰਦ ਪਿਉ ਪੁੱਤਰ ਸਰਦਾਰ ਸਵਰਨ ਸਿੰਘ ਅਤੇ ਸਤਨਾਮ ਸਿੰਘ ਵਾਸੀ ਲਹਿਰ ਕੇ ਥਾਣਾ ਕੱਥੂਨੰਗਲ ਨੇ ਮਨੁੱਖੀ ਅਧਿਕਾਰ ਸੰਗਠਨ ਦੇ ਇੱਕ ਮੈਂਬਰ ਅਤੇ ਐਡਵੋਕੇਟ ਵਰਿੰਦਰਪਾਲ ਸਿੰਘ ਭਾਟੀਆ ਨੂੰ ਇੱਕ ਪੱਤਰ ਲਿਖਿਆ ਹੈ ਜਿਸ ਵਿੱਚ ਸਵਰਨ ਸਿੰਘ ਨੇ ਪੁਲਿਸ ਵਲੋਂ ਉਸ ਦੀਆਂ ਲੜਕੀਆਂ ਤੇ ਤਸ਼ੱਦਦ ਦਾ ਸਬੂਤ ਪੇਸ਼ ਕੀਤਾ ਹੈ, ਸਵਰਨ ਸਿੰਘ ਨੇ ਪੱਤਰ ਵਿੱਚ ਲਿਖਿਆ ਹੈ ਕਿ ਉਸ ਦੀ ਲੜਕੀ ਪਰਮਜੀਤ ਕੌਰ ਨੂੰ 21 ਅਪ੍ਰੈਲ ਨੂੰ ਜੇਲ੍ਹ ਵਿੱਚ ਮਿਲਣ ਆਈ ਸੀ ਜਦੋਂ ਉਹ ਮੁਲਾਕਾਤ ਕਰਕੇ ਵਾਪਸ ਜਾ ਰਹੀ ਸੀ ਤਾਂ ਪੁਲਿਸ ਨੇ ਉਸ ਨੂੰ ਤਲਵੰਡੀ ਘੁੰਮਣ ਦੇ ਬਸ ਅੱਡੇ ਤੇ ਉਤਰਦਿਆਂ ਹੀ ਗ੍ਰਿਫਤਾਰ ਕਰ ਲਿਆ ਅਤੇ ਇਸ ਦੇ ਨਾਲ ਹੀ ਉਸ ਦੀ ਪਤਨੀ ਅਮਰੀਕ ਕੌਰ ਛੋਟੀ ਲੜਕੀ ਗੁਰਮੀਤ ਕੌਰ ਅਤੇ ਲੜਕੇ ਸੁਖਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ, ਸਵਰਨ ਸਿੰਘ ਅਨੁਸਾਰ ਸਾਰ ਪਰਿਵਾਰ ਨੂੰ ਗ੍ਰਿਫਤਾਰ ਕਰਕੇ ਮਹਿਤਾ ਥਾਣੇ ਲੈ ਗਏ ਕਿ ਪਹਿਲਾਂ ਫੜੇ ਮੁਜਰਿਮਾ ਨੇ ਉਹਨਾਂ ਦੀ ਪਛਾਣ ਕਰਨੀ ਹੈ ਪ੍ਰਾਪਤ ਵੇਰਵੇ ਅਨੁਸਾਰ ਪਿੰਡ ਦੀ ਪੰਚਾਇਤ ਨੇ ਉਨ੍ਹਾਂ ਦੇ ਦੋਸ਼ ਬਾਰੇ ਪੁੱਛਿਆ ਤੇ ਆਖਿਆ ਕਿ ਇਨ੍ਹਾਂ ਨੂੰ ਛੱਡ ਦਿਉ ਪਰ ਪੁਲਿਸ ਨੇ ਪੰਚਾਇਤ ਦੀ ਕੋਈ ਗੱਲ ਨਾ ਸੁਣੀ ਪਰ ਪੁਲਿਸ ਅਫਸਰਾਂ ਦੀ ਮੌਜੂਦਗੀ ਵਿੱਚ ਉਨਾਂ ਨੇ ਅਕਹਿ ਤਸ਼ੱਦਦ ਕੀਤਾ ਗਿਆ ਤੇ ਤਿੰਨ ਦਿਨ ਤਸ਼ੱਦਦ ਕਰਨ ਮਗਰੋਂ ਬਿਨਾਂ ਕਿਸੇ ਨੂੰ ਦੱਸੇ ਛੱਡ ਦਿੱਤਾ ਗਿਆ, ਸਵਰਨ ਸਿੰਘ ਨੇ ਦਸਿਆ ਕਿ ਛੋਟੀ ਲੜਕੀ ਗੁਰਮੀਤ ਕੌਰ ਜੋ ਕਿ ਦਸਵੀਂ ਜਮਾਤ ਵਿੱਚ ਪੜਦੀ ਹੈ ਉਸ ਉਤੇ ਇਨ੍ਹਾਂ ਤਸ਼ੱਦਦ ਢਾਇਆ ਗਿਆ ਕਿ ਉਸ ਦੀ ਹਾਲਤ ਬਹੁਤ ਮੰਦੀ ਹੈ ਪਿੰਡ ਵਾਲਿਆਂ ਦੀ ਮੱਦਦ ਨਾਲ ਉਸ ਨੂੰ ਖਿਰੀਏਵਾਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸਵਰਨ ਸਿੰਘ ਨੇ ਮਨੁੱਖੀ ਅਧਿਕਾਰ ਸੰਗਠਨ ਕੋਲ ਅਪੀਲ ਕੀਤੀ ਕਿ ਉਸ ਦੇ ਪਰਿਵਾਰ ਨੂੰ ਪੁਲਿਸ ਤਸ਼ੱਦਦ ਤੋਂ ਬਚਾਇਆ ਜਾਵੇ।

ਇਸੇ ਤਰਾਂ ਹੀ ਸ਼ਹੀਦ ਹਰਮੀਤ ਸਿੰਘ ਜੀ ਭਾਊਵਾਲ ਦੀ ਸਿੰਘਣੀ ਸ਼ਹੀਦ ਭਾਈ ਲਛਮਨ ਸਿੰਘ ਜੀ ਬੱਬਰ ਦੀ ਸਿੰਘਣੀ ਸ਼ਹੀਦ ਰਮਿੰਦਰਜੀਤ ਸਿੰਘ ਜੀ ਟੈਣੀ ਬੱਬਰ ਅਤੇ ਸ਼ਹੀਦ ਭਾਈ ਧਰਮਵੀਰ ਸਿੰਘ ਜੀ ਕੰਮੋਕੇ ਦੀ ਸਿੰਘਣੀ ਜਿਨਾਂ ਦੇ ਬੱਚਾ ਹੋਣ ਵਾਲਾ ਸੀ ਨੂੰ ਵੀ ਪੁਲਿਸ ਨੇ ਗੋਲੀਆਂ ਮਾਰ ਸ਼ਹੀਦ ਕਰ ਦਿੱਤਾ। ਇਹ ਕੁੱਝ ਸਿਰਫ ਸਿੱਖਾਂ ਨਾਲ ਹੀ ਹੋਇਆ।

# ਸਿਹਤ ਸੰਸਾਰ

## ਤਣਾਅ ਦਾ ਕਾਰਨ

### ਕਿਤੇ ਤੁਸੀਂ ਖ਼ੁਦ ਤਾਂ ਨਹੀਂ?



ਲੇਖਕ : ਤਰੰਨੁਮ

ਦੇਖਿਆ ਜਾਵੇ ਤਾਂ ਬਹੁਤੇ ਲੋਕ ਜਿਨ੍ਹਾਂ ਨੂੰ ਤਣਾਅ ਆਣ ਘੇਰਦਾ ਹੈ, ਉਹ ਕਿਸੇ ਨਾ ਕਿਸੇ ਨਿੱਜੀ ਮੁਸੀਬਤ ਕਾਰਨ ਹੀ ਇਸ ਰੋਗ ਦੇ ਘੇਰੇ ਵਿਚ ਆਉਂਦੇ ਹਨ। ਤਣਾਅ ਵਾਲਾ ਰੋਗੀ ਕਦੀ-ਕਦੀ ਤਾਂ ਇਸ ਹੱਦ ਤੱਕ ਪ੍ਰੇਸ਼ਾਨ ਹੋ ਉੱਠਦਾ ਹੈ ਕਿ ਉਸ ਨੂੰ ਛੋਟੀ ਤੋਂ ਛੋਟੀ ਚੀਜ਼ ਨੂੰ ਲੈ ਕੇ ਵੀ ਗੁੱਸਾ ਆਉਂਦਾ ਹੈ। ਦੂਜਿਆਂ ਨਾਲ ਨਫ਼ਰਤ, ਇਥੋਂ ਤੱਕ ਉਸ ਦਾ ਖਾਣ-ਪੀਣ ਤੋਂ ਵੀ ਮਨ ਉੱਠ ਜਾਂਦਾ ਹੈ। ਖਾਣੇ ਵੱਲ ਦੇਖਣ ਨੂੰ ਉਸ ਦਾ ਮਨ ਨਹੀਂ ਕਰਦਾ। ਘਰ 'ਚ ਰਹਿਣਾ ਪਰ ਉਸ ਨੂੰ ਆਪਣਾ ਕਮਰਾ ਬੰਦ ਕਰਕੇ ਸਿਰਫ਼ ਸੌਣਾ ਹੀ ਚੰਗਾ ਲਗਦਾ ਹੈ।

ਉੱਪਰ ਜਿਨ੍ਹਾਂ ਗੱਲਾਂ ਦਾ ਜ਼ਿਕਰ ਇਥੇ ਕੀਤਾ ਗਿਆ ਹੈ, ਉਹ ਵੀ ਖਾਣ-ਪੀਣ ਤੋਂ ਕੋਹਾਂ ਦੂਰ ਹਨ। ਆਓ ਜਾਣੀਏ ਇਸ ਤਰ੍ਹਾਂ ਦੇ ਕੁਝ ਸੌਖੇ ਉਪਾਅ ਜਿਨ੍ਹਾਂ ਨਾਲ ਸੌਖਿਆਂ ਹੀ ਤੁਹਾਨੂੰ ਤਣਾਅ ਵਿਚੋਂ ਬਾਹਰ ਨਿਕਲਣ ਦਾ ਮੌਕਾ ਮਿਲੇਗਾ।

ਖਾਣ-ਪੀਣ ਨਾਲ ਸੰਬੰਧਿਤ : ਸਭ ਤੋਂ ਪਹਿਲਾਂ ਗੱਲ ਸ਼ੁਰੂ ਕਰਦੇ ਹਾਂ ਖਾਣ-ਪੀਣ ਬਾਰੇ। ਤਣਾਅ ਵਿਚ ਰਹਿਣ ਵਾਲੇ ਲੋਕਾਂ ਨੂੰ ਕੁਝ ਵੀ ਚੰਗਾ ਨਹੀਂ ਲਗਦਾ। ਖਾਣ-ਪੀਣ ਨਾਲ ਤਾਂ ਉਨ੍ਹਾਂ ਦਾ ਦੂਰ ਦਾ ਵਾਸਤਾ ਨਹੀਂ ਹੁੰਦਾ ਪਰ ਇਹ ਗੱਲ ਇਕਦਮ ਗ਼ਲਤ ਹੈ। ਜ਼ਰੂਰੀ ਨਹੀਂ ਕਿ ਮਾਨਸਿਕ ਤਣਾਅ ਹੋਣ 'ਤੇ ਖਾਣਾ ਛੱਡਣ ਨਾਲ ਤੁਹਾਡੇ ਤਣਾਅ ਵਿਚ ਕੁਝ ਕਮੀ ਹੋਵੇਗੀ ਸਗੋਂ ਇਸ ਤਰ੍ਹਾਂ ਕਰਨ ਨਾਲ ਤਾਂ ਤੁਸੀਂ ਆਪਣੇ ਨਾਲ ਅਨਿਆਂ ਕਰ ਰਹੇ ਹੋਵੋਗੇ।

ਕੀ ਖਾਈਏ : ਹਮੇਸ਼ਾ ਖਾਣੇ ਨੂੰ ਹਲਕਾ ਗਰਮ ਕਰ ਕੇ ਖਾਓ।

ਖਾਣੇ ਵਿਚ ਅਨਾਜ ਦੀ ਮਾਤਰਾ ਜ਼ਿਆਦਾ ਲਓ ਅਤੇ ਖਾਣੇ ਤੋਂ ਬਾਅਦ ਮਠਿਆਈ (ਥੋੜ੍ਹੀ ਜਿਹੀ) ਖਾਓ।

ਤਣਾਅ ਦੇ ਰੋਗੀ ਲਈ ਸਭ ਤੇਲ ਗੁਣਕਾਰੀ ਹੁੰਦੇ ਹਨ। ਖ਼ਾਸ ਕਰਕੇ ਜੈਤੂਨ ਦਾ ਤੇਲ। ਜੇਕਰ ਖਾਣਾ ਕਿਸੇ ਸਮੇਂ ਨਾ ਖਾਣ ਦਾ ਮਨ ਕਰੇ ਤਾਂ ਮੌਸਮੀ ਫਲ ਜਿਵੇਂ ਸੰਗਤਰਾ, ਅੰਗੂਰ ਜਾਂ ਸੇਬ ਤੁਹਾਡੇ ਲਈ ਲਾਭਕਾਰੀ ਹੋਣਗੇ।

ਦੁੱਧ ਜਾਂ ਦੁੱਧ ਤੋਂ ਬਣੀਆਂ ਚੀਜ਼ਾਂ ਜਿਵੇਂ ਕ੍ਰੀਮ, ਦਹੀਂ, ਪਨੀਰ ਆਦਿ ਦੀ ਵਰਤੋਂ ਤੁਹਾਡੇ ਲਈ ਸਰਬੋਤਮ ਹੈ।

ਚੰਗੀ ਤਰ੍ਹਾਂ ਪੱਕੀਆਂ ਸਬਜ਼ੀਆਂ ਜਿਵੇਂ ਸ਼ੱਕਰਕੰਦੀ, ਗਾਜਰ, ਪੱਤਾ ਗੋਭੀ ਵੀ ਇਸ ਹਾਲਤ ਵਿਚ ਖਾਣੀਆਂ ਫ਼ਾਇਦੇਮੰਦ ਹੁੰਦੀਆਂ ਹਨ।

ਕੀ ਨਾ ਖਾਈਏ : ਇਸ ਰੋਗ ਵਿਚ ਕੱਚੀਆਂ ਸਬਜ਼ੀਆਂ ਦੀ ਵਰਤੋਂ ਨਾ ਕਰੋ।

ਕੱਟੇ ਹੋਏ ਫਲ ਜੋ ਗਲੀਆਂ, ਨੁੱਕੜਾਂ ਵਿਚ ਮਿਲਦੇ ਹਨ, ਉਸ ਦੀ ਵਰਤੋਂ ਬਿਲਕੁਲ ਨਾ ਕਰੋ।

ਮਾਸਾਹਾਰੀ ਚੀਜ਼ਾਂ ਦੀ ਵਰਤੋਂ ਬਿਲਕੁਲ ਨਾ ਕਰੋ।

ਕੁਝ ਸਮੇਂ ਤੋਂ ਫਰਿੱਜ ਵਿਚ ਪਈਆਂ ਹੋਈਆਂ ਸਬਜ਼ੀਆਂ ਨੂੰ ਨਾ ਖਾਓ।

ਤਣਾਅ ਵਿਚ ਆ ਕੇ ਕੌਫ਼ੀ, ਚਾਹ, ਅਲਕੋਹਲ ਦੀ ਵਰਤੋਂ ਜ਼ਿਆਦਾ ਨਾ ਕਰੋ।

ਕਸਰਤ ਜਾਂ ਮੈਡੀਟੇਸ਼ਨ : ਤਣਾਅ ਤੋਂ ਇਕਦਮ ਬਾਹਰ ਨਿਕਲਣਾ ਮੁਸ਼ਕਿਲ ਹੁੰਦਾ ਹੈ। ਇਸ ਤਰ੍ਹਾਂ ਹੋਵੇ ਤਾਂ ਕਿਸੇ ਭਗਤੀ ਵਿਚ ਆਪਣੇ-ਆਪ ਨੂੰ ਲੀਨ ਕਰਨ ਨਾਲ, ਪਰਮੇਸ਼ਵਰ ਦਾ ਧਿਆਨ ਕਰਨ ਨਾਲ, ਯੋਗਾ ਕਰਨ ਨਾਲ, ਲਗਾਤਾਰ ਕਸਰਤ ਕਰਨ ਨਾਲ ਇਸ ਹਾਲਤ 'ਚੋਂ ਹੌਲੀ-ਹੌਲੀ ਬਾਹਰ ਆਇਆ ਜਾ ਸਕਦਾ ਹੈ।

ਆਪਣੇ ਧਿਆਨ ਨੂੰ ਕਿਸੇ ਹੋਰ ਪਾਸੇ ਲਾਓ।

ਦਫ਼ਤਰ ਵਿਚ ਕੋਈ ਪ੍ਰੇਸ਼ਾਨੀ ਹੋਣ 'ਤੇ ਜਾਂ ਘਰ ਵਿਚ ਕਿਸੇ ਦੁਖੀ ਕਰਨ ਵਾਲੀ ਘਟਨਾ ਹੋਣ ਕਾਰਨ ਸਾਨੂੰ ਕਦੀ-ਕਦੀ ਤਣਾਅ ਦਾ ਸ਼ਿਕਾਰ ਹੋਣਾ ਪੈ ਸਕਦਾ ਹੈ। ਕਿਸੇ ਵੀ ਸਥਿਤੀ ਤੋਂ ਆਪਣੇ ਆਪ ਨੂੰ ਬਾਹਰ ਕੱਢਣਾ ਉਂਝ ਤਾਂ ਮੁਸ਼ਕਿਲ ਕੰਮ ਹੈ ਪਰ ਜੇਕਰ ਸਮੇਂ ਦੇ ਨਾਲ ਤੁਸੀਂ ਆਪਣੇ ਆਪ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕਰੋ ਤਾਂ ਜ਼ਰੂਰ ਬਾਹਰ ਆ ਜਾਓਗੇ।

ਕਿਸੇ ਅਣਸੁਖਾਵੀਂ ਘਟਨਾ ਹੋਣ ਨਾਲ ਦੁੱਖ ਤਾਂ ਹੁੰਦਾ ਹੈ ਪਰ ਉਸ ਦੁੱਖ ਨੂੰ ਬਰਦਾਸ਼ਤ ਕਰ ਕੇ ਉਸ 'ਚੋਂ ਬਾਹਰ ਨਿਕਲਣ ਵਾਲਾ ਵਾਕਈ ਕਾਬਲੇ ਤਾਰੀਫ਼ ਹੁੰਦਾ ਹੈ। ਆਪਣੇ ਦੁੱਖ ਨੂੰ ਭੁੱਲ ਕੇ ਦੂਜਿਆਂ ਦਾ ਦੁੱਖ ਵੰਡਣ ਵਾਲੇ ਵਿਅਕਤੀ ਨੂੰ ਜੀਵਨ ਵਿਚ ਸਫਲਤਾ ਦੀ ਪ੍ਰਾਪਤੀ ਹੁੰਦੀ ਹੈ। ਗੀਤ ਸੁਣੋ, ਉਨ੍ਹਾਂ ਨੂੰ ਗੁਣਗੁਣਾਓ, ਕਿਤਾਬਾਂ ਨੂੰ ਆਪਣਾ ਦੋਸਤ ਬਣਾਓ ਅਤੇ ਫਿਰ ਦੁਨੀਆ ਤੁਹਾਨੂੰ ਵੱਖਰੀ ਨਜ਼ਰ ਆਵੇਗੀ।

ਸਾਕਾਰਾਤਮਿਕ ਸੋਚ ਨਾਲ ਜੀਵਨ ਨੂੰ ਜਿਊਣਾ ਸਿੱਖੋ : ਜ਼ਿਆਦਾਤਰ ਤਣਾਅ ਵਾਲੇ ਰੋਗੀ ਨਿਰਾਸ਼ਾਵਾਦੀ ਭਾਵ ਨਕਾਰਾਤਮਿਕ ਸੋਚ ਵਾਲੇ ਹੁੰਦੇ ਹਨ। ਜੀਵਨ ਵਿਚ ਸਾਕਾਰਾਤਮਿਕ ਸੋਚ ਰੱਖਣ ਵਾਲੇ ਹੀ ਸਫਲ ਹੁੰਦੇ ਹਨ। ਆਪਣੇ ਕੰਮ ਨੂੰ ਕੁਝ ਇਸ ਤਰ੍ਹਾਂ ਕਰੋ ਕਿ ਤੁਹਾਨੂੰ ਲੋਕ ਵੱਖਰਾ ਹੀ ਸਮਝਣ। ਆਪਣੇ-ਆਪ ਨੂੰ ਦੂਜਿਆਂ ਤੋਂ ਹੀਣ ਨਹੀਂ ਸਗੋਂ ਸ੍ਰੇਸ਼ਠ ਸਮਝੋ ਪਰ ਇਸ ਦਾ ਮਤਲਬ ਇਹ ਨਹੀਂ ਕਿ ਤੁਸੀਂ ਘੁਮੰਡ ਦਾ ਸ਼ਿਕਾਰ ਹੋ ਜਾਓ।

## ਇੰਝ ਕਰੋ ਅੱਖਾਂ ਦੀ ਦੇਖ-ਭਾਲ

ਲੇਖਕ : ਪੂਨਮ ਦਿਨਕਰ

ਅੱਖਾਂ ਕੁਦਰਤ ਦਾ ਅਨਮੋਲ ਤੋਹਫ਼ਾ ਹੈ । ਇਸ ਕੁਦਰਤ ਦੀ ਸੁੰਦਰਤਾ, ਕਠੋਰਤਾ, ਬਚਿੱਤਰਤਾ ਆਦਿ ਦਾ ਅਵਲੋਕਨ ਅਸੀਂ ਅੱਖਾਂ ਦੇ ਮਾਧਿਅਮ ਤੋਂ ਹੀ ਕਰਦੇ ਹਾਂ ਅਤੇ ਉਨ੍ਹਾਂ ਨੂੰ ਮਹਿਸੂਸ ਕਰਦੇ ਹਾਂ । ਅੱਖਾਂ ਦੁਆਰਾ ਅਸੀਂ ਮਨ ਦੇ ਵੀ ਅਨੇਕਾਂ ਭਾਵਾਂ ਨੂੰ ਪ੍ਰਗਟ ਕਰਦੇ ਹਾਂ ।

ਮਨੁੱਖ ਦੇ ਸਰੀਰ ਵਿਚ ਜਦੋਂ ਅੱਖਾਂ ਅਸਲ ਵਿਚ ਏਨੀਆਂ ਮਹੱਤਵਪੂਰਨ ਹਨ ਤਾਂ ਸਾਨੂੰ ਵੀ ਇਨ੍ਹਾਂ ਦੀ ਦੇਖਭਾਲ ਵਿਚ ਅਣਗਹਿਲੀ ਨਹੀਂ ਵਰਤਣੀ ਚਾਹੀਦੀ । ਸਾਡਾ ਯਤਨ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਅੱਖਾਂ ਦੇ ਤੰਦਰੁਸਤੀ ਦਾ ਹਰ ਮੌਸਮ ਵਿਚ ਧਿਆਨ ਰੱਖੀਏ, ਖਾਸ ਕਰਕੇ ਗਰਮੀ ਦੀ ਰੁੱਤ ਵਿਚ ਜਦੋਂ ਕੜਕਦੀ ਧੁੱਪ ਅਤੇ ਮਿੱਟੀ-ਘੱਟੇ ਦਾ ਸਾਹਮਣਾ ਲਗਾਤਾਰ ਅੱਖਾਂ ਨੂੰ ਕਰਨਾ ਪੈਂਦਾ ਹੈ, ਉਸ ਸਮੇਂ ਸਾਨੂੰ ਇਨ੍ਹਾਂ ਦੀ ਦੇਖਭਾਲ 'ਤੇ ਵਿਸ਼ੇਸ਼ ਧਿਆਨ ਦੇਣਾ ਜ਼ਰੂਰੀ ਹੁੰਦਾ ਹੈ । ਗਰਮੀ ਦੇ ਮੌਸਮ ਵਿਚ ਅੱਖਾਂ ਨੂੰ ਤੰਦਰੁਸਤ ਬਣਾਈ ਰੱਖਣ ਅਤੇ ਉਨ੍ਹਾਂ ਨੂੰ ਆਕਰਸ਼ਕ ਬਣਾਈ ਰੱਖਣ ਲਈ ਹੇਠ ਲਿਖੇ ਉਪਾਅ ਕੀਤੇ ਜਾ ਸਕਦੇ ਹਨ–

- ਹਰ ਰੋਜ਼ ਅੱਖਾਂ ਨੂੰ ਸਾਫ ਪਾਣੀ ਦੇ ਛਿੱਟੇ ਮਾਰ ਕੇ ਕਈ ਵਾਰ ਸਾਫ਼ ਕਰਨਾ ਚਾਹੀਦਾ ਹੈ । ਸਵੇਰੇ ਉਠਣ ਤੋਂ ਬਾਅਦ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਅੱਖਾਂ 'ਤੇ ਠੰਢੇ ਪਾਣੀ ਦੇ ਛਿੱਟੇ ਮਾਰਨੇ ਚਾਹੀਦੇ ਹਨ । ਦਿਨ ਵੇਲੇ ਘਰ ਤੋਂ ਬਾਹਰ ਨਿਕਲਣ ਤੋਂ ਪਹਿਲਾਂ ਅਤੇ ਘਰ ਵਾਪਸ ਆਉਣ ਤੋਂ ਬਾਅਦ ਵੀ ਅੱਖਾਂ ਨੂੰ ਠੰਢੇ ਪਾਣੀ ਨਾਲ ਧੋਣਾ ਜ਼ਰੂਰੀ ਹੁੰਦਾ ਹੈ । ਇਸ ਨਾਲ ਅੱਖਾਂ ਦੀ ਗਰਮੀ ਅਤੇ ਗੰਦਗੀ ਸ਼ਾਂਤ ਹੋ ਜਾਂਦੀ ਹੈ ।
- ਅੱਖਾਂ 'ਤੇ ਕਾਲੀ ਐਨਕ ਲਗਾ ਕੇ ਹੀ ਚਮਕਦੀ ਧੁੱਪ ਵਿਚ ਨਿਕਲਣਾ ਚਾਹੀਦਾ ਹੈ । ਸਿਰ ਦੇ ਉੱਤੇ ਰੁਮਾਲ ਗਿੱਲਾ ਕਰਕੇ, ਤੌਲੀਆ ਜਾਂ ਛਤਰੀ ਲੈ ਕੇ ਨਿਕਲਣ ਨਾਲ ਸਿਰ 'ਤੇ ਗਰਮੀ ਵਧੇਰੇ ਨਹੀਂ ਪੈਂਦੀ ਅਤੇ ਅੱਖਾਂ 'ਤੇ ਧੁੱਪ ਅਤੇ ਗਰਮੀ ਦਾ ਵਧੇਰੇ ਪ੍ਰਭਾਵ ਨਹੀਂ ਪੈਂਦਾ ।
- ਵਿਟਾਮਿਨ 'ਏ' ਅੱਖਾਂ ਲਈ ਇਕ ਬਹੁਤ ਹੀ ਜ਼ਰੂਰੀ ਤੱਤ ਹੈ । ਇਸ ਦੀ ਕਮੀ ਨਾਲ ਅੱਖਾਂ ਦੀ ਦੇਖਣ ਦੀ ਸਮਰੱਥਾ ਪ੍ਰਭਾਵਿਤ ਹੁੰਦੀ ਹੈ । ਇਸ ਕਾਰਨ ਸਿਰ ਵਿਚ ਦਰਦ ਅਤੇ ਹੋਰ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ । ਗਾਜਰ, ਟਮਾਟਰ, ਅੰਬ, ਦੁੱਧ, ਪਪੀਤਾ, ਮੱਖਣ, ਹਰੀਆਂ ਸਬਜ਼ੀਆਂ, ਮੱਛੀ, ਅੰਡੇ ਆਦਿ ਵਿਚ ਵਿਟਾਮਿਨ 'ਏ' ਦੀ ਕਾਫੀ ਮਾਤਰਾ ਹੁੰਦੀ ਹੈ । ਸਹੂਲਤ ਅਨੁਸਾਰ ਗਰਮੀ ਦੀ ਰੁੱਤ ਵਿਚ ਇਨ੍ਹਾਂ ਦਾ ਨਿਯਮਿਤ ਪ੍ਰਯੋਗ ਕਰਦੇ ਰਹਿਣਾ ਚਾਹੀਦਾ ਹੈ ।
- ਧੁੱਪ ਵਿਚੋਂ ਆਉਣ ਤੋਂ ਤੁਰੰਤ ਬਾਅਦ ਸਰੀਰ ਜਾਂ ਚਿਹਰੇ 'ਤੇ ਠੰਢਾ ਪਾਣੀ ਨਹੀਂ ਪਾਉਣਾ ਚਾਹੀਦਾ । ਕੁਝ ਦੇਰ ਆਰਾਮ ਕਰਨ ਤੋਂ



ਬਾਅਦ ਹੀ ਅੱਖਾਂ ਅਤੇ ਚਿਹਰੇ ਨੂੰ ਧੋਣਾ ਚਾਹੀਦਾ ਹੈ । ਅਜਿਹਾ ਨਾ ਕਰਨ ਨਾਲ ਸਰਦੀ, ਖਾਂਸੀ ਆਦਿ ਹੋ ਸਕਦੀ ਹੈ ।
- ਮਹਿੰਦੀ ਪੀਸ ਕੇ ਪੈਰਾਂ ਦੇ ਤਲਿਆਂ 'ਤੇ ਬੰਨ੍ਹਣ ਨਾਲ ਅੱਖਾਂ ਨੂੰ ਠੰਢਕ ਪਹੁੰਚਦੀ ਹੈ । ਅੱਖਾਂ ਉੱਤੇ ਖੀਰੇ ਦੇ ਗੋਲ-ਗੋਲ ਟੁਕੜੇ ਕੱਟ ਕੇ ਰੱਖਣ ਨਾਲ ਵੀ ਅੱਖਾਂ ਦੀ ਗਰਮੀ ਦੂਰ ਹੁੰਦੀ ਹੈ । ਰਾਤ ਨੂੰ ਸੌਣ ਤੋਂ ਪਹਿਲਾਂ ਇਸ ਕਿਰਿਆ ਨੂੰ ਕੀਤਾ ਜਾ ਸਕਦਾ ਹੈ ।
- ਅੱਖਾਂ ਵਿਚ ਕੀੜਾ ਜਾਂ ਹੋਰ ਕੋਈ ਚੀਜ਼ ਪੈ ਜਾਣ 'ਤੇ ਅੱਖ ਨੂੰ ਮਲਣਾ ਨਹੀਂ ਚਾਹੀਦਾ, ਬਲਕਿ ਪਲਕਾਂ ਨੂੰ ਦਬਾਅ ਕੇ ਅੱਖਾਂ ਵਿਚ ਠੰਢੇ ਪਾਣੀ ਦੇ ਛਿੱਟੇ ਮਾਰਨੇ ਚਾਹੀਦੇ ਹਨ । ਇਸ ਤੋਂ ਮਗਰੋਂ ਕਿਸੇ ਮੁਲਾਇਮ ਕੱਪੜੇ ਨਾਲ ਅੱਖਾਂ ਵਿਚ ਪੈ ਗਏ ਕੀੜੇ ਆਦਿ ਨੂੰ ਬਾਹਰ ਕੱਢਿਆ ਜਾ ਸਕਦਾ ਹੈ ।
- ਸਵੇਰੇ ਉੱਠ ਕੇ ਨੰਗੇ ਪੈਰ ਹਰੇ ਘਾਹ 'ਤੇ ਚੱਲਣ ਨਾਲ ਅੱਖਾਂ ਦੀ ਰੌਸ਼ਨੀ ਵਧਦੀ ਹੈ ਅਤੇ ਨਾਲ ਹੀ ਅੱਖਾਂ ਨੂੰ ਠੰਢਕ ਵੀ ਪਹੁੰਚਦੀ ਹੈ ।

## ਥਕਾਵਟ ਦਾ ਹੱਲ ਕੀ?

ਲੇਖਕ : ਦਵਿੰਦਰ ਚੰਦਰ ਪਾਂਡੇ



ਇਸ ਭੱਜ-ਦੌੜ ਭਰੀ ਜ਼ਿੰਦਗੀ ਵਿਚ ਅਕਸਰ ਲੋਕ ਥਕਾਵਟ ਮਹਿਸੂਸ ਕਰਦੇ ਹਨ, ਜਿਸ ਦੇ ਕਈ ਕਾਰਨ ਹਨ । ਇਕ ਤਾਂ ਉਹ ਲੋਕ ਹਨ, ਜੋ ਸਰੀਰਕ ਮਿਹਨਤ ਵਧੇਰੇ ਕਰਦੇ ਹਨ ਅਤੇ ਦੂਜੇ ਉਹ ਜੋ ਮਾਨਸਿਕ ਮਿਹਨਤ ਵਧੇਰੇ ਕਰਦੇ ਹਨ ।

ਇਸ ਲਗਾਤਾਰ ਭੱਜ-ਦੌੜ ਭਰੀ ਜ਼ਿੰਦਗੀ ਵਿਚ ਸਰੀਰਕ ਅਤੇ ਮਾਨਸਿਕ ਥਕਾਵਟ ਦੂਰ ਕਰਨ ਲਈ ਅਸੀਂ ਮਨੋਰੰਜਨ ਅਤੇ ਆਰਾਮ ਦਾ ਸਹਾਰਾ ਲੈਂਦੇ ਹਾਂ, ਫਿਰ ਵੀ ਸਾਨੂੰ ਤਾਜ਼ਗੀ ਨਹੀਂ ਮਿਲਦੀ । ਕੁਝ ਲੋਕ ਸਮਝਦੇ ਹਨ ਕਿ ਅਸੀਂ ਕੰਮ ਕਰਕੇ ਥੱਕਦੇ ਹਾਂ ਪਰ ਅਜਿਹਾ ਨਹੀਂ, ਕਿਉਂਕਿ ਵਿਹਲੇ ਬੈਠਣ ਵਾਲਾ ਵਿਅਕਤੀ ਵੀ ਥੱਕ ਜਾਂਦਾ ਹੈ ।

ਮਾਨਸਿਕ ਥਕਾਵਟ ਕੰਮ ਕਰਨ ਦੀ ਇੱਛਾ ਨਾ ਹੋਣ 'ਤੇ, ਬਿਮਾਰੀ ਦੀ ਹਾਲਤ ਵਿਚ ਕੰਮ ਕਰਨ 'ਤੇ, ਸਮਰੱਥਾ ਤੋਂ ਵਧੇਰੇ ਕੰਮ ਕਰਨ 'ਤੇ ਅਤੇ ਬਿਰਧ ਅਵਸਥਾ ਵਿਚ ਕਮਜ਼ੋਰੀ ਕਰਕੇ ਪੈਦਾ ਹੁੰਦੀ ਹੈ । ਇਨ੍ਹਾਂ ਕਾਰਨਾਂ ਤੋਂ ਇਲਾਵਾ ਮਾਨਸਿਕ ਥਕਾਵਟ ਕੁਝ ਰੋਗਾਂ ਦੇ ਕਾਰਨ ਵੀ ਹੁੰਦੀ ਹੈ, ਜਿਵੇਂ ਖ਼ੂਨ ਦੀ ਕਮੀ, ਕਬਜ਼, ਮਾਨਸਿਕ ਅਸਥਿਰਤਾ, ਥਾਇਰਾਇਡ ਆਦਿ ਤੋਂ ਪਰ ਕੁਝ ਸਾਡੀਆਂ ਗ਼ਲਤ ਆਦਤਾਂ 'ਤੇ ਵੀ ਥਕਾਵਟ ਨਿਰਭਰ ਕਰਦੀ ਹੈ, ਜਿਵੇਂ-ਗਰਮ ਅਤੇ ਉਤੇਜਿਤ ਪਦਾਰਥਾਂ ਦਾ ਸੇਵਨ ਕਰਨਾ, ਅਸੰਤੁਲਤ ਭੋਜਨ ਲੈਣਾ, ਕਈ ਕੰਮ ਇਕੱਠੇ ਹੱਥ ਵਿਚ ਲੈਣਾ ਆਦਿ ।

ਥਕਾਵਟ ਤੋਂ ਬਚਣ ਦੇ ਕਈ ਆਸਾਨ ਉਪਾਅ ਹਨ ਪਰ ਬਹੁਤੇ ਲੋਕ ਮਾਨਸਿਕ ਅਤੇ ਸਰੀਰਕ ਥਕਾਵਟ ਨੂੰ ਦੂਰ ਭਜਾਉਣ ਦੇ ਲਈ ਤੇਜ਼ ਚਾਹ, ਸਿਗਰੇਟ, ਤੰਬਾਕੂ, ਪਾਨ ਅਤੇ ਤਰ੍ਹਾਂ-ਤਰ੍ਹਾਂ ਦੀਆਂ ਹੋਰ ਵਸਤਾਂ ਦਾ ਸਹਾਰਾ ਲੈਂਦੇ ਹਨ ਪਰ ਇਹ ਕੁਝ ਪਲ ਲਈ ਲਾਭ ਜ਼ਰੂਰ ਪਹੁੰਚਾਉਂਦੇ ਹਨ ਪਰ ਸਿਹਤ 'ਤੇ ਇਨ੍ਹਾਂ ਦਾ ਬੁਰਾ ਅਸਰ ਪੈਂਦਾ ਹੈ ।

ਥਕਾਵਟ ਦੂਰ ਕਰਨ ਲਈ ਸਾਨੂੰ ਆਪਣੇ ਕੰਮ ਨੂੰ ਦਿਲਚਸਪੀ ਲੈ ਕੇ ਕਰਨਾ ਚਾਹੀਦਾ ਹੈ । ਜ਼ਰੂਰੀ ਕੰਮਾਂ ਨੂੰ ਲੋੜ ਅਨੁਸਾਰ ਇਕ-ਇਕ ਕਰਕੇ ਨਿਪਟਾਉਣਾ ਚਾਹੀਦਾ ਹੈ । ਜੇਕਰ ਕੰਮ ਕਰਦੇ ਸਮੇਂ ਥਕਾਵਟ ਮਹਿਸੂਸ ਕਰਦੇ ਹਾਂ ਤਾਂ ਥੋੜ੍ਹਾ ਆਰਾਮ ਕਰ ਲੈਣਾ ਚਾਹੀਦਾ ਹੈ । ਇਸ ਸਭ ਤੋਂ ਬਿਨਾਂ ਥਕਾਵਟ ਦੂਰ ਕਰਨ ਦਾ ਸਾਧਨ ਮਨੋਰੰਜਨ ਵੀ ਹੈ । ਸਾਨੂੰ ਰੁਚੀ ਲੈ ਕੇ ਖੇਡਣਾ, ਪੁਸਤਕਾਂ ਪੜ੍ਹਨਾ, ਟੀ. ਵੀ. ਦੇਖਣਾ ਅਤੇ ਨੀਂਦ ਲੈਣੀ ਚਾਹੀਦੀ ਹੈ । ਪੌਸ਼ਟਿਕ ਭੋਜਨ ਦੁੱਧ, ਛੋਲੇ, ਪਪੀਤਾ, ਹਰੀਆਂ ਸਬਜ਼ੀਆਂ, ਫਲ ਆਦਿ ਲੈਣੇ ਚਾਹੀਦੇ ਹਨ । ਥਕਾਨ ਜ਼ਿਆਦਾ ਹੋਣ 'ਤੇ ਡਾਕਟਰ ਦੀ ਸਲਾਹ ਵੀ ਲੈਣੀ ਚਾਹੀਦੀ ਹੈ ।

ਇਕ ਕੰਮ ਨੂੰ ਬਹੁਤੀ ਦੇਰ ਤੱਕ ਨਹੀਂ ਕਰਦੇ ਰਹਿਣਾ ਚਾਹੀਦਾ, ਕਿਉਂਕਿ ਇਸ ਤਰ੍ਹਾਂ ਮਨ ਉਕਤਾਅ ਜਾਂਦਾ ਹੈ । ਰੋਜ਼ ਠੰਢੇ ਪਾਣੀ ਨਾਲ ਇਸ਼ਨਾਨ ਕਰਨਾ ਚਾਹੀਦਾ ਹੈ । ਸਵੇਰ ਵੇਲੇ ਖੁੱਲ੍ਹੀ ਹਵਾ ਵਿਚ ਟਹਿਲਣਾ ਚਾਹੀਦਾ ਹੈ । ਮਾਦਕ ਪਦਾਰਥਾਂ ਨੂੰ ਤਿਆਗ ਦਿਓ, ਨਿੰਬੂ ਜਾਂ ਔਲੇ ਦਾ ਸੇਵਨ, ਮਨੋਰੰਜਨ ਆਦਿ ਥਕਾਵਟ ਦੂਰ ਕਰਨ ਦੇ ਉਪਾਅ ਹਨ ।

## ਰਾਤ ਨੂੰ ਖਾਣਾ ਖਾਣ ਤੋਂ ਬਾਅਦ ਦੰਦਾਂ ਨੂੰ ਜ਼ਰੂਰ ਸਾਫ਼ ਕਰੋ



ਮਾਹਰਾਂ ਅਨੁਸਾਰ ਦੰਦਾਂ ਨੂੰ ਖਾਣਾ ਖਾਣ ਤੋਂ ਬਾਅਦ ਬੁਰਸ਼ ਕਰਨਾ ਫਾਇਦੇਮੰਦ ਰਹਿੰਦਾ ਹੈ, ਕਿਉਂਕਿ ਇਸ ਨਾਲ ਪਲੇਕ ਪਹਿਲਾਂ ਹੀ ਹਟ ਜਾਵੇਗੀ ਅਤੇ ਖਾਣ ਵਾਲੇ ਪਦਾਰਥਾਂ ਦੇ ਨਾਲ ਮਿਲ ਕੇ ਤੇਜ਼ਾਬ ਪੈਦਾ ਨਹੀਂ ਹੋਏਗਾ। ਮਾਹਿਰਾਂ ਦਾ ਮੰਨਣਾ ਹੈ ਕਿ ਖਾਣਾ ਖਾਣ ਤੋਂ ਬਾਅਦ ਤੇਜ਼ਾਬ ਜ਼ਿਆਦਾ ਮਾਤਰਾ ਵਿਚ ਕਾਰਨ ਹੈ, ਜਦੋਂ ਤੱਕ ਬੁਰਸ਼ ਕਰਦੇ ਹਾਂ, ਦੰਦਾਂ ਨੂੰ ਨੁਕਸਾਨ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਇਹ ਵੀ ਧਿਆਨ ਰੱਖੋ ਕਿ ਕੋਈ ਵੀ ਫਲ ਖਾਣ ਤੋਂ ਬਾਅਦ ਬੁਰਸ਼ ਨਾ ਕਰੋ ਕਿਉਂਕਿ ਇਸ ਕਾਰਨ ਤੁਹਾਡਾ ਟੁੱਥਪੇਸਟ ਦੰਦਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਸਭ ਤੋਂ ਜ਼ਰੂਰੀ ਹੈ ਕਿ ਰਾਤ ਨੂੰ ਬੁਰਸ਼ ਕਰਕੇ ਸੌਣਾ ਚਾਹੀਦਾ ਹੈ, ਤਾਂ ਕਿ ਤੁਹਾਡੇ ਦੰਦ ਤੰਦਰੁਸਤ ਰਹਿਣ।

# ਕਾਵਿ ਕਿਆਰੀ

## .ਗ਼ਜ਼ਲ

ਜੇ ਤੂੰ ਮਿਲੇਂ ਤਾਂ ਸਾਹ ਸਾਹ ਸਿਜਦਾ ਕਰਾਂਗਾ ਮੈਂ।

ਇਹ ਜਾਨ, ਜਿਸਮੋ-ਰੂਹ ਵੀ, ਕਦਮੀਂ ਧਰਾਂਗਾ ਮੈਂ।

ਮਾਰੇਗਾ ਤਾਅਨੇ ਜਗ ਜਦੋਂ, ਮੈਂ ਖਿੜਖਿੜਾਵਾਂਗਾ,

ਜਾਨੀ ਏ ਜਾਨ ਇਸ਼ਕ 'ਚ, ਦੱਸ ਕਿਉਂ ਡਰਾਂਗਾ ਮੈਂ ?

ਆਖਣ ਸਿਆਣੇ ਇਸ਼ਕ ਹੈ, ਦਰਿਆ-ਏ-ਆਤਿਸ਼ੀ,

ਵੇਖੀਂ ਤੇਰਾ ਹੀ ਨਾਂ ਲੈ, ਅੱਗ 'ਤੇ ਤਰਾਂਗਾ ਮੈਂ।

ਜਾਣਾ ਹੈ ਇਸ ਜਹਾਨ ਤੋਂ, ਕਰ ਕੇ ਸਫ਼ਰ ਤਮਾਮ,

ਲੇਕਿਨ ਤੇਰੇ ਦੀਦਾਰ ਬਿਨ, ਦੱਸ ਕਿੰਜ ਮਰਾਂਗਾ ਮੈਂ ?

ਬਾਜ਼ੀ ਹੈ ਸੱਚੇ ਇਸ਼ਕ ਦੀ, ਸੂਲਾਂ ਦਾ ਕਾਫ਼ਲਾ,

ਤੇਰਾ ਮਿਲੇ ਜੇ ਸਾਥ, ਤਾਂ ਕਿਉਂ ਕਰ ਹਰਾਂਗਾ ਮੈਂ ?

ਮੇਲੇਗਾ ਜ਼ਖ਼ਮ ਵਿਛੜੇ ਤੇ ਉਜੜੇ ਦਿਲਾਂ ਦੇ ਜੋ,

ਤਾ-ਉਮਰ ਉਸ ਸ਼ਖ਼ਸ ਦਾ ਪਾਣੀ ਭਰਾਂਗਾ ਮੈਂ।

**ਲੇਖਕ : -ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ, ਸੰਪਰਕ : 97816-46008**

## ਨਿੰਦ ਵਿਚਾਰਾਂ

ਭੁੱਬਲ ਅੱਗ ਦੀ ਪੱਲੇ ਫਿਰਨ ਬੰਨ੍ਹੀ,
ਪਰਖਣ ਦੂਜਿਆਂ ਦਾ ਕਿਰਦਾਰ ਨੇਤਾ।
ਆਪਣੀਆਂ ਕੱਛ 'ਚ ਬਿਗਾਨੀਆਂ ਹੱਥ 'ਚ,
ਫੜੀ ਫਿਰਨ ਦਿਮਾਗੋਂ ਬਿਮਾਰ ਨੇਤਾ।

ਰਾਹ ਭੁੱਲੇ ਕਰਨ ਤਰੱਕੀਆਂ ਦੇ,
ਉਲਝੇ ਆਪਸ ਵਿੱਚ ਹੰਕਾਰ ਨੇਤਾ।
ਪਏ ਪੋਤੜੇ ਫਿਰਨ ਫਰੋਲਦੇ ਹੀ,
ਖੋਲ੍ਹ ਗਾਲ੍ਹਾਂ ਦੇ ਭੰਡਾਰ ਨੇਤਾ।

ਭਰੇ ਈਰਖਾ 'ਚ ਪਏ ਆਕੜਾਂ ਦੇ,
ਜਰ ਸਕਣ ਨਾ ਜਿੱਤ ਹਾਰ ਨੇਤਾ।
ਵੇਖ ਚੜ੍ਹਾਈ ਵਿਰੋਧੀ ਆਪਣੇ ਦੀ,
ਮਿਹਣੋ ਮਿਹਣੀ ਹੋਣ ਬੇਕਾਰ ਨੇਤਾ।

ਗੱਲ ਕੰਮ ਦੀ ਨਾ ਕਰਨ 'ਭਗਤਾ',
ਫਿਰਨ ਦਿਲ 'ਚ ਪਾਲ਼ੀ ਖਾਰ ਨੇਤਾ।
ਭੋਲੀ ਪਰਜਾ ਨੂੰ ਵੀ ਲਾ ਪਿੱਛੇ,
ਲੈਂਦੇ ਮਤਲਬ ਕੱਢ ਹਜ਼ਾਰ ਨੇਤਾ।

**ਬਰਾੜ-ਭਗਤਾ ਭਾਈ ਕਾ**
**001-604-751-1113**

## .ਗ਼ਜ਼ਲ

ਬੰਦਿਆਂ ਕੋਲੋਂ ਛਾਵਾਂ ਮੰਗਣ, ਛਾਂਗੇ ਬਿਰਖ ਵਿਚਾਰੇ ਹੋ ਗਏ।
ਮਾਪੇ ਕੱਲਮਕੱਲ੍ਹੇ ਬੈਠੇ, ਕੋਰੇ ਅੱਖ ਦੇ ਤਾਰੇ ਹੋ ਗਏ।

ਸਿਵਿਆਂ ਅੰਦਰ ਜਾਵੇ ਇਹ ਰਾਹ,
ਜ਼ਹਿਰ ਪਹੁੰਚਾ ਪੌਣਾਂ ਅੰਦਰ,
ਅਗਨੀ ਭੇਟ ਬਨਸਪਤਿ ਹੋਈ,
ਸਾਹ ਲੈਣੇ ਵੀ ਭਾਰੇ ਹੋ ਗਏ।

ਘਰ ਤੋਂ ਤੁਰਿਆ ਮੰਜ਼ਿਲ ਵੱਲ ਨੂੰ,
ਰਾਹਾਂ ਵਿੱਚ ਗਵਾਚ ਗਿਆ ਹਾਂ,
ਮੇਰੇ ਮਨ ਦੇ ਖੰਭ ਵੀ ਯਾਰੋ
ਡਾਢੇ ਬੇ ਇਤਬਾਰੇ ਹੋ ਗਏ।

ਮੋਹ ਮਮਤਾ ਦੇ ਧਾਗੇ ਛੁੱਟੇ , ਟੁੱਟੀ ਡੋਰ ਪਤੰਗੜੀਆਂ ਦੀ,
ਖ਼ੁਸ਼ਬੋਈਆਂ ਦੀ ਜੂਨੀ ਪੈ ਗਏ, ਰੱਬ ਨੂੰ
ਯਾਰ ਪਿਆਰੇ ਹੋ ਗਏ।

ਫੁੱਲਾਂ ਭਰੀ ਕਿਆਰੀ ਛੱਡ ਕੇ,
ਅੰਬਰ ਦੇ ਵਿੱਚ ਬਣ ਗਏ ਤਾਰੇ,
ਯਾਰਾਂ ਤੋਂ ਬਿਨ ਧਰਤੀ ਸੁੰਨੀ ,
ਅੱਥਰੂ ਮਣ ਮਣ ਭਾਰੇ ਹੋ ਗਏ।

ਰੋਵੋ ਨਾ ਨੀ ਅੱਖੀਓ ਹੁਣ ਤਾਂ, ਗ਼ਮ ਦਾ ਸਾਗਰ ਤਰਣ ਦੁਹੇਲਾ,
ਕਿੱਥੋਂ ਢੁੰਝ ਭਰੇ ਇਹ ਜ਼ਿੰਦੜੀ, ਸਾਰੇ
ਪਾਣੀ ਖ਼ਾਰੇ ਹੋ ਗਏ।

ਸੂਰਜ ਚੰਨ ਗਵਾਚੇ ਤਾਰੇ ,ਕੱਠੇ ਕੀਤੇ ਜੁਗਨੂੰ ਇਹ ਮੈਂ,
ਮੇਰੀ ਬੁੱਕਲ ਦੇ ਵਿੱਚ ਵੇਖੋ, ਮੁੜ ਕੇ ਕਿੰਨੇ ਸਾਰੇ ਹੋ ਗਏ।

**ਲੇਖਕ : ਗੁਰਭਜਨ ਗਿੱਲ**

## ਕੁੱਝ ਵਿਚਾਰ

ਅਸਮਾਨ ਬਾਰੇ ਜਾਨਣ ਲਈ ਚਮਕਦੇ ਤਾਰਿਆਂ ਤਾਰਿਆਂ ਤੋਂ ਪੁੱਛੋ ,
ਦੁਨੀਆਂ ਤੇ ਕੀ ਵਾਪਰ ਰਿਹਾ ਹੈ ਕੁਦਰਤ ਦੇ ਕਾਰਿਆਂ ਤੋਂ ਪੁੱਛੋ ।
ਸੁਮੁੰਦਰ ਦੀ ਡੂੰਗਾਈ ਜਾਨਣ ਲਈ ਉਸਦੇ ਕਿਨਾਰਿਆਂ ਤੋਂ ਪੁੱਛੋ ,
ਪਹਾੜ ਦੀ ਉਚਾਈ ਜਾਨਣ ਲਈ ਰਹਿੰਦੇ ਥੱਲੇ ਵਾਲਿਆਂ ਨੂੰ ਪੁੱਛੋ ।
ਫੁੱਲਾਂ ਦੀ ਬਗੀਚੀ ਬਾਰੇ ਜਾਨਣ ਲਈ ਜਮੀਨ ਖਾਲੀ ਤੋਂ ਪੁੱਛੋ ,
ਖਾਣਾਂ ਕੀ ਹੈ ਜਾਨਣ ਲਈ ਢਿੱਡ ਖਾਲੀ ਤੋਂ ਪੁੱਛੋ ।
ਜਿੰਦਗੀ ਬਾਰੇ ਜਾਨਣ ਲਈ ਇੱਕ ਮੁਰਦੇ ਤੋਂ ਪੁੱਛੋ ,
ਵਾਤਾਵਰਨ ਬਾਰੇ ਜਾਨਣ ਲਈ ਬਰਫ ਦੇ ਤੋਦੇ ਖੁਰਦੇ ਨੂੰ ਪੁੱਛੋ ।
ਝੂੱਠ ਬਾਰੇ ਜਾਨਣ ਲਈ ਆਪਣੇਂ ਤੋਂ ਸੱਚੇ ਨੂੰ ਪੁੱਛੋ ,
ਚੰਗਾ ਪਿੱਤਾ ਬਣਨ ਲਈ ਆਪਣੇਂ ਬੱਚੇ ਨੂੰ ਪੁੱਛੋ ।
ਸਮਾਜਿਕ ਬਰਾਬਰਤਾ ਜਾਨਣ ਲਈ ਗਰੀਬ
ਜਿੱਤਕੇ ਹਾਰਿਆਂ ਨੂੰ ਪੁੱਛੋ ,
ਲੂਣਾ ਬਾਰੇ ਜਾਨਣ ਲਈ ਸ਼ਿਵ ਦੇ ਇਸ਼ਾਰਿਆਂ ਤੋਂ ਪੁੱਛੋ ।
ਅਨਿਆਂ ਬਾਰੇ ਜਾਨਣ ਲਈ ਨਿਆਂ ਤੋਂ ਪੁੱਛੋ ,
ਧੁੱਪ ਬਾਰੇ ਜਾਨਣ ਲਈ ਢਲਦੀ ਛਾਂ ਤੋਂ ਪੁੱਛੋ ।
ਮੁੰਡੇ ਕੁੜੀ ਵਿੱਚ ਫਰਕ ਜਾਨਣ ਲਈ ਸਮਾਜੀ ਅਨਿਆਵਾਂ ਨੂੰ ਪੁੱਛੋ ,
ਮੁੰਡਾ ਹੀ ਕਿਉਂ ਹਰ ਕਾਸੇ ਦਾ ਵਾਰਿਸ ਹੈ
ਕੁਨੀਆਂ ਦੇ ਕੁਚਲੇ ਭਾਵਨਾਵਾਂ ਨੂੰ ਪੁੱਛੋ ।
ਖੁਸ਼ੀ ਬਾਰੇ ਜਾਨਣ ਲਈ ਕਿਸੇ ਪਰੇਸ਼ਾਨ ਨੂੰ ਪੁੱਛੋ ,
ਜਿੰਦਗੀ ਨੂੰ ਸਮਝਣ ਲਈ ਦੁਖੀ ਇਨਸਾਨ ਨੂੰ ਪੁੱਛੋ ।
ਗਰੀਬ ਦੀ ਕੀਮਤ ਜਾਨਣ ਲਈ ਕਿਸੇ ਸ਼ਾਹੂਕਾਰ ਨੂੰ ਪੁੱਛੋ ,
ਤੰਦਰੁਸਤੀ ਕੀ ਹੈ ਉਸ ਬਾਰੇ ਬੀਮਾਰ ਨੂੰ ਪੁੱਛੋ ।
ਅਗਲੀ ਜਿੱਤ ਪ੍ਰਾਪਤ ਕਰਨ ਲਈ ਪਿਛਲੀ ਹਾਰ ਨੂੰ ਪੁੱਛੋ ,
ਆਪਿਸ ਵਿਚ ਰਲਕੇ ਚਲਣ ਲਈ ਕੂੰਜਾ ਦੀ ਡਾਰ ਤੋਂ ਪੁੱਛੋ ।
ਹਜ਼ਾਰਾਂ ਮੀਲ ਪੈਂਡਾ ਤਹਿ ਕਰਨਾ ਤੇ
ਪਹਿਲੇ ਕਦਮ ਦੀ ਸ਼ੁਰੂਆਤ ਨੂੰ ਪੁੱਛੋ ,
ਦੁਨੀਆ ਦਾ ਕੀ ਬਣੇਂਗਾ ਆਪਣੇ ਵਿਵਹਾਰ ਤੋਂ ਪੁੱਛੋ ।
ਦਿਲੀ ਪਿਆਰ ਕੀ ਹੈ ਆਪਣੀ ਮਾਂ ਤੋਂ ਪੁੱਛੋ ,
ਇੱਕ ਚੰਗਾ ਇਨਸਾਨ ਬਨਣ ਲਈ ਆਪਣੇ ਗੁਨਾਂ ਤੋਂ ਪੁੱਛੋ ।

**ਸੁੱਖਦੇਵ ਸੰਧੂ**

## ਵਾਅਦੇ

ਰੰਗ ਇਸ਼ਕ ਦਾ ਬਹੁਤ ਅਜੀਬ ਹੁੰਦਾ,
ਛੇਤੀ ਕੀਤਿਆਂ ਲਹਿੰਦਾ ਨਹੀਂ ਆਸ਼ਕਾਂ ਤੋਂ।
ਨਾਲ ਉਮੀਦ ਦੇ ਜਿਹੜਾ ਉਸਾਰਦੇ ਨੇ,
ਮਹਿਲ ਉਸਰਿਆ ਢਹਿੰਦਾ ਨਹੀਂ ਆਸ਼ਕਾਂ ਤੋਂ।
ਵਾਅਦੇ ਕਰਨ ਮਸ਼ੂਕ ਦੇ ਨਾਲ ਜਿਹੜੇ,
ਮੁੱਲ ਉਹਨਾਂ ਦਾ ਪੈਂਦਾ ਨਹੀਂ ਆਸ਼ਕਾਂ ਤੋਂ।
ਜਿਥੇ ਸੁੱਖ ਦੀ ਆਉਂਦੀ ਹੈ ਨੀਂਦ 'ਚੋਹਲਾ',
ਮੰਜਾ ਉਸ ਥਾਂ ਡਹਿੰਦਾ ਨਹੀਂ ਆਸ਼ਕਾਂ ਤੋਂ।

## ਮਾਇਆ

ਨਾਮ ਰੱਬ ਦਾ ਵੇਚਦੇ ਭਾਅ ਮਹਿੰਗੇ,
ਫਿਰ ਧਰਮੀ ਕਈ ਅਖਵਾਈ ਜਾਂਦੇ।
ਭੁੱਖੇ ਢਿੱਡ ਤੋਂ ਕਦੇ ਨਾ ਭਗਤ ਹੋਵੇ,
ਬਾਬੇ ਬਾਣੀ ਦੇ ਵਿਚ ਫ਼ੁਰਮਾਈ ਜਾਂਦੇ।
ਕਹਿ ਨਾਗਣੀ ਮਾਇਆ ਨੂੰ ਨਿੰਦਦੇ ਜੋ,
ਬੁੱਕ ਭਰਕੇ ਜੇਬ ਵਿਚ ਪਾਈ ਜਾਂਦੇ।
ਦੇ ਕੇ ਦੂਜਿਆਂ ਨੂੰ ਉਪਦੇਸ਼ 'ਚੋਹਲਾ',
ਆਪ ਉਲਟੇ ਅਮਲ ਕਮਾਈ ਜਾਂਦੇ।

**-ਰਮੇਸ਼ ਬੱਗਾ ਚੋਹਲਾ, ਮੋਬ:9463132719**

## ਪੀਂਘਾਂ ਕਿੱਥੇ ਪਾਵਾਂ ?

ਪਿੱਪਲਾਂ ਦੇ ਸੰਗ ਬੋਹੜ ਗਵਾ ਲਏ,
ਬੋਹੜਾਂ ਦੇ ਸੰਗ ਛਾਵਾਂ।
ਟਾਹਲੀਆਂ ਗਈਆਂ ਆਏ ਸਫ਼ੈਦੇ,
ਪੀਂਘਾਂ ਕਿਥੇ ਪਾਵਾਂ।

ਚੁੰਝ ਵਿੱਚ ਤਿਨਕਾ ਲਈ ਪਰਿੰਦਾ
ਉਡਿਆ ਚਾਰ ਚੁਫੇਰੇ,
ਜੂਹਾਂ ਦੇਸੀ ਬਿਰਖ ਦਸੌਰੀ,
ਕਿਧਰ ਆਲ੍ਹਣਾ ਪਾਵਾਂ।

ਪਿਛਲੀ ਰਾਤੇ ਚੜ੍ਹੀ ਹਨ੍ਹੇਰੀ,
ਕਰ ਗਈ ਤੀਲ੍ਹਾ ਤੀਲ੍ਹਾ,
ਲੁੱਕ ਛੁਪ ਕੇ ਕੋਈ ਬਚੀ ਕਰੂੰਬਲ,
ਪੱਤਰ ਟਾਵਾਂ ਟਾਵਾਂ।

ਲੱਗੀ ਲੌਅ ਤੇ ਕੀ ਪਿਆ ਵੇਖਾਂ,
ਬੰਦ ਦਿਸਣ ਦਰਵਾਜ਼ੇ,
ਤੱਖਤਪੋਸ਼ ਤੇ ਖੁੱਲ੍ਹਿਆ ਠੇਕਾ
ਪਿੰਡ ਦੀ ਸੱਥ ਵਿੱਚ ਠਾਣਾ।

ਖੂਹਾਂ ਤੇ ਸੀ ਰੱਬ ਵਸੇਂਦਾ,
ਉਹ ਵੀ ਰੁੱਸਦਾ ਲਗਿਆ,
ਜੱਟ ਮਰਦਾ ਖੁਦਕੁਸ਼ੀਆਂ ਕਰਦਾ,
ਓਹਨੂੰ ਚੰਬੜੀਆਂ ਦਿਨੇ ਬਲਾਵਾਂ।

ਗੁਰੂਆਂ ਪੀਰਾਂ ਦੀ ਉਹ ਧਰਤੀ,
ਧਾਹਾਂ ਮਾਰ ਕੇ ਰੋਵੇ,
ਜਿਉਂ ਕੋਈ ਲਾੜੀ ਸੱਜ ਵਿਆਹੀ,
ਲੱਟ ਲਈ ਆਪ ਕਹਾਰਾਂ।

ਸੱਪਣੀ ਸਿਰ ਤੇ ਫੂਕਾਂ ਮਾਰੇ,
ਬੋਟ ਆਲ੍ਹਣੇ ਸਹਿਮੇ,
ਉਤਰ ਪਹਾੜੋਂ ਆ ਵੇ ਜੋਗੀ,
ਪੁੱਟ ਵਰਮੀ ਨੂੰ ਢਾਵਾਂ।

ਪਿੱਪਲਾਂ ਦੇ ਸੰਗ ਬੋਹੜ ਗਵਾ ਲਏ,
ਬੋਹੜਾਂ ਦੇ ਸੰਗ ਛਾਵਾਂ।
ਟਾਹਲੀਆਂ ਗਈਆਂ ਆਏ ਸਫ਼ੈਦੇ,
ਪੀਂਘਾਂ ਕਿਥੇ ਪਾਵਾਂ।

**-ਪਸ਼ੌਰਾ ਸਿੰਘ ਢਿੱਲੋਂ**

## ਅਜ਼ਾਦੀ

ਮਨਾਉਂਦੇ ਲੋਕ ਅੱਜ ਕੱਲ੍ਹ ਦੇਖੋ ਕਿਸ ਗੱਲ ਦੀ ਅਜ਼ਾਦੀ ਐ,
ਦੇਖ ਲਓ ਕੋਠੇ ਚੜ੍ਹ ਹੁਣ ਤੇ ਸਭ ਦੀ ਬਰਬਾਦੀ ਐ,
ਮਨਾਉਂਦੇ ਲੋਕ ਅੱਜ ਕੱਲ੍ਹ ਦੇਖੋ ਕਿਸ ਗੱਲ ਦੀ ਅਜ਼ਾਦੀ ਐ।

ਸੱਚ ਨੂੰ ਛੁਪਾਉਂਦੇ ਬਹੁਤਾ, ਝੂਠ ਦਾ ਰੌਲਾ ਪਾਉਂਦੇ ਨੇ,
ਗ਼ਰੀਬੀ ਨੇ ਮਾਰੀ ਦੁਨੀਆ ਲੋਕੀ ਰੋਂਦੇ ਤੇ ਕੁਰਲਾਉਂਦੇ ਨੇ,
ਨਸ਼ੇ ਖਾ ਖਾ ਕੇ ਚਿੱਟੇ ਕਾਲੇ, ਹੋ ਗਈ ਸਭ ਦੀ ਖਰਾਬੀ ਐ,
ਮਨਾਉਂਦੇ ਲੋਕ ਅੱਜ ਕੱਲ੍ਹ ਦੇਖੋ ਕਿਸ ਗੱਲ ਦੀ ਅਜ਼ਾਦੀ ਐ।

ਰਾਜਨੀਤੀ ਪਿੱਛੇ ਬੰਦੇ ਲੜ੍ਹ ਕੇ ਮਰ ਚੱਲਿਆ ਏ,
ਸੱਚੀ ਗੱਲ ਤੋਂ ਡਰਦਾ ਬਹੁਤਾ, ਲੱਗਦਾ ਸਰਕਾਰ ਨੇ ਘੱਲਿਆ ਏ,
ਦੇਖ ਕੇ ਲੋਕਾਂ ਦੇ ਰੰਗ, ਸਮਾਂ ਵੀ ਹੋ ਗਿਆ ਸਮਾਜਵਾਦੀ ਐ,
ਮਨਾਉਂਦੇ ਲੋਕ ਅੱਜ ਕੱਲ੍ਹ ਦੇਖੋ ਕਿਸ ਗੱਲ ਦੀ ਅਜ਼ਾਦੀ ਐ।

ਗ਼ਰੀਬ ਨੂੰ ਮਿਲਦੀ ਰੋਟੀ ਨਾ ਲੋਕੀ ਸੜਕਾਂ ਉੱਤੇ ਸੌਂਦੇ ਨੇ,
ਨਿੱਕੇ-ਨਿੱਕੇ ਮਾਂਵਾਂ ਦੇ ਬੱਚੇ ਰੋਂਦੇ ਕੁਰਲਾਉਂਦੇ ਨੇ,
ਰੋਜ਼ੀ ਕੁੱਟ ਕੇ ਮਿਹਨਤ ਕਰਦੇ, ਕਰਦੇ ਬੇਹਿਸਾਬੀ ਐ,
ਮਨਾਉਂਦੇ ਲੋਕ ਅੱਜ ਕੱਲ੍ਹ ਦੇਖੋ ਕਿਸ ਗੱਲ ਦੀ ਅਜ਼ਾਦੀ ਐ।

ਜੱਜ ਵਕੀਲ ਵਿੱਕ ਗਏ ਵਿਕ ਗਈਆਂ ਕੋਰਟ ਕਚਹਿਰੀਆਂ ਜੀ,
ਇਹ ਤਾਂ ਹਰ ਪਾਸੇ ਫੈਲੀਆਂ ਰਿਸ਼ਵਤ ਦੀਆਂ ਬੀਮਾਰੀਆਂ ਜੀ,
ਨੌਜਵਾਨ ਮੁੰਡੇ ਕੁੜੀਆਂ ਹੋ ਗਏ ਸਭ ਨਸ਼ੇ ਦੇ ਆਦੀ ਐ,
ਮਨਾਉਂਦੇ ਲੋਕ ਅੱਜ ਕੱਲ੍ਹ ਦੇਖੋ ਕਿਸ ਗੱਲ ਦੀ ਅਜ਼ਾਦੀ ਐ।

ਤਿਰੰਗੇ ਲਹਿਰਾਏ ਕਈਆਂ ਕਈਆਂ ਰੱਜ ਕੇ ਜਸ਼ਨ ਮਨਾਏ ਨੇ,
ਸਵਤੰਤਰ ਦੇ ਗੀਤ ਨੇ ਗਾਏ, ਨਾਲੇ ਉਪਰੋਂ ਫੁੱਲ ਵਰਸਾਏ ਨੇ,
ਨੇਤਾ ਜੀ ਇਨਸਾਫ਼ ਕਰੋ, ਸਾਡੀ ਹੱਥ ਜੋੜ ਫਰਿਆਦੀ ਐ,
ਮਨਾਉਂਦੇ ਲੋਕ ਅੱਜ ਕੱਲ੍ਹ ਦੇਖੋ ਕਿਸ ਗੱਲ ਦੀ ਅਜ਼ਾਦੀ ਐ।

'ਮੀਰਪੁਰੀ' ਵੇ ਸ਼ਿੰਦਿਆ ਗੱਲਾਂ ਤੇਰੀਆਂ ਸਭ ਸੱਚ ਨੇ,
ਦੇਸ਼ ਮੇਰੇ ਵਿੱਚ ਬੋਲੇ ਨਾ ਕੋਈ, ਏਥੇ ਤਾਂ ਸਭ ਨੂੰ ਹੱਕ ਨੇ,
ਬੰਦਾ ਮਰ ਜਾਏ ਸੜਕ ਦੇ ਉੱਪਰ ਕਹਿੰਦੇ ਬੇ ਬੁਨਿਆਦੀ ਐ,
ਮਨਾਉਂਦੇ ਲੋਕ ਅੱਜ ਕੱਲ੍ਹ ਦੇਖੋ ਕਿਸ ਗੱਲ ਦੀ ਅਜ਼ਾਦੀ ਐ।

**-ਸ਼ਿੰਦਾ ਮੀਰਪੁਰੀ**

# ਨਾਰੀ ਸੰਸਾਰ

## ਸਾਨੂੰ ਔਲਾਦ ਪ੍ਰਤੀ ਆਪਣੇ ਫ਼ਰਜ਼ ਨਿਭਾਉਣ ਦੀ ਲੋੜ



ਲੇਖਕ : ਸਰਬਜੀਤ ਕੌਰ
ਸੰਪਰਕ : 84272-31155

ਪਹਿਲਾਂ ਔਰਤਾਂ ਜ਼ਿਆਦਾਤਰ ਆਪਣੇ ਘਰਾਂ ਅਤੇ ਬੱਚਿਆਂ ਦੀ ਸਾਂਭ ਸੰਭਾਲ ਵਿੱਚ ਹੀ ਜ਼ਿਆਦਾ ਸਮਾਂ ਬਤੀਤ ਕਰਦੀਆਂ ਸਨ। ਘਰ ਕੱਚੇ ਹੁੰਦੇ ਜਾਂ ਪੱਕੇ ਘਰ ਦੀ ਸੁਆਣੀ ਹੀ ਘਰ ਸੰਵਾਰਦੀ ਸੀ, ਨਾਲ ਹੀ ਆਪਣੀ ਔਲਾਦ ਵੱਲ ਵੀ ਪੂਰਾ-ਪੂਰਾ ਧਿਆਨ ਦਿੰਦੀ ਸੀ। ਉਨ੍ਹਾਂ ਸਮਿਆਂ ਵਿੱਚ ਬੱਚੇ ਵੀ ਘੱਟ ਤੋਂ ਘੱਟ ਤਿੰਨ, ਵੱਧ ਤੋਂ ਵੱਧ ਜਿੰਨੇ ਵੀ ਹੋਣ ,ਉਨ੍ਹਾਂ ਸਾਰਿਆਂ ਦੀ ਜ਼ਿੰਮੇਵਾਰੀ ਘਰ ਦੀ ਸੁਆਣੀ ਦੀ ਹੀ ਹੁੰਦੀ ਸੀ। ਉਸ ਸਮੇਂ ਔਰਤ ਅਨਪੜ੍ਹ ਹੁੰਦੀ ਸੀ ਜਾਂ ਪੜ੍ਹੀ ਲਿਖੀ ਆਪਣੇ ਘਰ ਅਤੇ ਔਲਾਦ ਲਈ ਸਮਰਪਿਤ ਹੁੰਦੀ ਸੀ। ਔਲਾਦ ਵੀ ਚੰਗੇ ਸੰਸਕਾਰਾਂ ਵਾਲੀ ਹੁੰਦੀ ਸੀ। ਬੱਚੇ ਵੱਧ ਤੋਂ ਵੱਧ ਸਮਾਂ ਇੱਕਠੇ ਖੇਡਦੇ ਤੇ ਪੜ੍ਹਦੇ ਸਨ। ਬੱਚੇ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਸਮਝਦੇ ਸਨ।

ਅੱਜ ਦੀਆਂ ਔਰਤਾਂ ਪਹਿਲਾਂ ਨਾਲੋਂ ਜ਼ਿਆਦਾ ਪੜ੍ਹੀਆਂ ਲਿਖੀਆਂ ਹਨ। ਮਹਿੰਗਾਈ ਕਾਰਨ ਦੋਨਾਂ ਪਤੀ ਪਤਨੀ ਨੂੰ ਘਰ ਦਾ ਗੁਜ਼ਾਰਾ ਕਰਨ ਲਈ ਕੰਮ ਕਰਨੇ ਪੈਂਦੇ ਹਨ। ਪੜ੍ਹਣ-ਲਿਖਣ ਨਾਲ ਔਰਤਾਂ ਵਿੱਚ ਬਹੁਤ ਜਾਗਰੂਕਤਾ ਆਈ ਹੈ। ਉਹ ਪੈਸੇ ਕਮਾਉਣ ਵਿੱਚ ਮਰਦਾਂ ਤੋਂ ਪਿੱਛੇ ਨਹੀਂ ਰਹੀਆਂ। ਕਮਾਈ ਕਰਨ ਲਈ ਦੋਵੇਂ ਪਤੀ ਪਤਨੀ ਘਰੋਂ ਬਾਹਰ 6 ਤੋਂ 10 ਘੰਟੇ ਰਹਿੰਦੇ ਹਨ, ਕਈ ਵਾਰ ਤਾਂ ਕਈ ਕਈ ਮਹੀਨੇ। ਔਰਤਾਂ ਨੇ ਘਰ ਵੀ ਸੰਭਾਲਣਾ ਹੁੰਦਾ ਹੈ ਤੇ ਆਪਣੀ ਔਲਾਦ ਵੱਲ ਵੀ ਧਿਆਨ ਦੇਣਾ ਹੁੰਦਾ ਹੈ। ਇਸ ਤਰ੍ਹਾਂ ਤੀਹਰੀ ਜ਼ਿੰਦਗੀ ਜੀਅ ਰਹੀ ਔਰਤ ਨੂੰ ਪਤੀ ਵੱਲੋਂ ਪੂਰਾ ਸਨਮਾਨ ਤੇ ਸਹਿਯੋਗ ਵੀ ਮਿਲਣਾ ਚਾਹੀਦਾ ਹੈ ਤਾਂ ਕਿ ਔਰਤ ਵੱਧ ਤੋਂ ਵੱਧ ਸਮਾਂ ਆਪਣੀ ਔਲਾਦ ਨੂੰ ਦੇ ਸਕੇ ਤੇ ਉਨ੍ਹਾਂ ਵਿੱਚ ਚੰਗੇ ਗੁਣ ਭਰ ਸਕੇ। ਉਨ੍ਹਾਂ ਨੂੰ ਚੰਗਾ ਖਾਣਾ ਖਵਾ ਸਕੇ ਤਾਂ ਜੋ ਉਹ ਤਨ ਮਨ ਤੋਂ ਰਿਸ਼ਟ-ਪੁਸ਼ਟ ਹੋਣ। ਔਰਤ ਆਪਣੇ ਬੱਚਿਆਂ ਦੀ ਰਗ ਰਗ ਤੋਂ ਵਾਕਿਫ਼ ਹੁੰਦੀ ਹੈ, ਪਰ ਸਿਰਫ਼ ਉਹ ਹੀ ਹੈ ਜੋ ਆਪਣੇ ਬੱਚਿਆਂ ਨੂੰ ਕਾਫ਼ੀ ਸਮਾਂ ਦਿੰਦੀ ਹੈ। ਉਹ ਆਪਣੇ ਬੱਚਿਆਂ ਵਿੱਚ ਚੰਗੇ ਸੰਸਕਾਰ ਭਰ ਸਕਦੀ ਹੈ। ਜੇਕਰ ਔਰਤਾਂ ਆਪਣੀ ਔਲਾਦ ਨੂੰ ਵੱਧ ਤੋਂ ਵੱਧ ਸਮਾਂ ਦੇਣਗੀਆਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਹਰ ਮਾਂ-ਬਾਪ ਆਪਣੇ ਬੱਚਿਆਂ 'ਤੇ ਮਾਣ ਮਹਿਸੂਸ ਕਰਨਗੇ ਨਾ ਕਿ ਇਹ ਸੋਚਣਗੇ ਕਿ ਬੱਚੇ ਉਨ੍ਹਾਂ ਨੂੰ ਬੁਢਾਪੇ ਵਿੱਚ ਇਕੱਲੇ ਛੱਡ ਜਾਣਗੇ।

ਕਿਹਾ ਜਾਂਦਾ ਹੈ ਕਿ ਸ਼ਿਵਾਜੀ ਮਰਾਠਾ ਦੀ ਮਾਤਾ ਨੇ ਉਨ੍ਹਾਂ ਨੂੰ ਬਹਾਦਰ ਯੋਧਿਆਂ ਅਤੇ ਮਹਾਂਪੁਰਸ਼ਾਂ ਦੀਆਂ ਮਹਾਨਤਾ ਦੀਆਂ ਕਹਾਣੀਆਂ ਸੁਣਾ ਸੁਣਾ ਕੇ ਇੱਕ ਦਿਨ ਸ਼ਿਵਾ ਜੀ ਨੂੰ ਮਹਾਨ ਯੋਧਾ ਬਣਾ ਦਿੱਤਾ ਸੀ ਜਿਨ੍ਹਾਂ ਨੂੰ ਮਹਾਰਾਜ ਦਾ ਤਾਜ ਪਹਿਨਾ ਕੇ ਛੱਤਰਪਤੀ ਦਾ ਦਰਜਾ ਦਿੱਤਾ ਗਿਆ। ਬਾਬਾ ਫ਼ਰੀਦ ਜੀ ਦੀ ਮਾਤਾ ਨੇ ਉਨ੍ਹਾਂ ਨੂੰ ਛੋਟੀ ਉਮਰੇ ਹੀ ਬੰਦਗੀ ਵਿੱਚ ਲਗਾ ਦਿੱਤਾ ਸੀ। ਜਦੋਂ ਵੀ ਬਾਬਾ ਫ਼ਰੀਦ ਆਪਣੀ ਮਾਤਾ ਜੀ ਨੂੰ ਪੁੱਛਦੇ ਕਿ ਜੇ ਮੈਂ ਬੰਦਗੀ ਕਰਾਗਾਂ ਤਾਂ ਮੈਨੂੰ ਕੀ ਮਿਲੇਗਾ ਤਾਂ ਮਾਤਾ ਜੀ ਉੱਤਰ ਦਿੰਦੇ , ਸ਼ੱਕਰ ਮਿਲੇਗੀ। ਇਸੇ ਤਰ੍ਹਾਂ ਜਦੋਂ ਵੀ ਬਾਬਾ ਫ਼ਰੀਦ ਅੱਖਾਂ ਮੀਟ ਕੇ ਬੰਦਗੀ ਕਰਦੇ ਤਾਂ ਉਨ੍ਹਾਂ ਦੀ ਮਾਤਾ ਹੌਲੀ ਜਿਹੀ ਸ਼ੱਕਰ ਨੂੰ ਕਟੋਰੀ ਵਿੱਚ ਪਾ ਕੇ ਉਨ੍ਹਾਂ ਦੇ ਅੱਗੇ ਰੱਖ ਦਿੰਦੀ। ਅੱਜ ਬਾਬਾ ਫ਼ਰੀਦ ਜੀ ਨੂੰ ਕੌਣ ਨਹੀਂ ਜਾਣਦਾ, ਭਗਤਾਂ ਵਿੱਚੋਂ ਸ਼੍ਰੋਮਣੀ ਭਗਤ ਹੋਏ ਹਨ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ। ਅਜੋਕੇ ਸਮੇਂ ਦੀ ਹੀ ਗੱਲ ਲੈ ਲਵੋ ਪਾਕਿਸਤਾਨੀ ਲੜਕੀ ਮਲਾਲਾ ਦੀ। ਉਸ ਦੇ ਮਾਤਾ ਪਿਤਾ ਨੇ ਆਪਣੀ ਬੱਚੀ ਨੂੰ ਮੁਸੀਬਤਾਂ ਵਿੱਚ ਘਿਰੀ ਵੇਖ ਕੇ ਦੇਸ਼ ਛੱਡ ਦਿੱਤਾ ਸੀ। ਮਲਾਲਾ ਨੇ ਕਈ ਪੁਰਸਕਾਰ ਜਿੱਤੇ ਤੇ ਵਿਸ਼ਵ ਪੱਧਰ 'ਤੇ ਸਨਮਾਨ ਹਾਸਿਲ ਕਰਕੇ ਆਪਣੇ ਮਾਤਾ-ਪਿਤਾ ਦੇ ਨਾਂ ਨੂੰ ਚਾਰ-ਚੰਨ ਲਗਾ ਦਿੱਤੇ। ਇਹੋ ਜਿਹੀਆਂ ਉਦਾਹਰਨਾਂ ਅਨੇਕ ਹਨ।

ਜੋ ਮਾਤਾ-ਪਿਤਾ ਆਪਣੀ ਔਲਾਦ ਨੂੰ ਸੰਸਕਾਰੀ ਬਣਾਉਣ ਲਈ ਵੱਧ ਤੋਂ ਵੱਧ ਸਮਾਂ ਦਿੰਦੇ ਹਨ, ਉਨ੍ਹਾਂ ਦੀ ਔਲਾਦ ਕਦੇ ਵੀ ਖ਼ਰਾਬ ਨਹੀਂ ਹੁੰਦੀ। ਔਰਤ-ਮਰਦ ਨੂੰ ਕੇਵਲ ਮਾਂ-ਬਾਪ ਬਣਨ ਦਾ ਸ਼ੌਕ ਹੀ ਨਹੀਂ ਰੱਖਣਾ ਚਾਹੀਦਾ ਸਗੋਂ ਉਨ੍ਹਾਂ ਪ੍ਰਤੀ ਫ਼ਰਜ਼ ਵੀ ਹੋਣੇ ਚਾਹੀਦੇ ਹਨ ਜੋ ਨਿਭਾਉਣੇ ਜ਼ਰੂਰੀ ਹਨ। ਪਹਿਲੇ ਪੰਜ ਸਾਲ ਤਾਂ ਬੱਚੇ ਦੀ ਮਾਂ ਹੀ ਉਸਦੀ ਅਧਿਆਪਕ ਹੁੰਦੀ ਹੈ। ਉਹ ਬੱਚੇ ਨੂੰ ਬਹੁਤ ਕੁਝ ਸਿਖਾ ਸਕਦੀ ਹੈ ਕਿਉਂਕਿ ਛੋਟਾ ਬੱਚਾ ਕੋਰੀ ਸਲੇਟ ਦੀ ਤਰ੍ਹਾਂ ਹੁੰਦਾ ਹੈ। ਇੱਥੇ ਹੀ ਜ਼ਿੰਮੇਵਾਰੀ ਖ਼ਤਮ ਨਾ ਕਰਕੇ ਬੱਚੇ ਨੂੰ ਸਮਝਣ ਦੀ ਲੋੜ ਹੈ। ਬੱਚਿਆਂ ਨੂੰ ਸਮਝਣ ਲਈ ਬੱਚਿਆਂ ਨਾਲ ਵੱਧ ਤੋਂ ਵੱਧ ਸਮਾਂ ਬਤੀਤ ਕਰਨਾ ਚਾਹੀਦਾ ਹੈ। ਜਦੋਂ ਬੱਚਾ ਸਮਾਜ ਵਿੱਚੋਂ ਵਿਚਰਦਾ ਹੈ ਤਾਂ ਉਸ ਨੂੰ ਕਈ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਸਮੇਂ ਮਾਂ-ਬਾਪ ਦਾ ਬੱਚੇ ਪ੍ਰਤੀ ਜ਼ਿਆਦਾ ਧਿਆਨ ਦੇਣਾ ਬਣਦਾ ਹੈ ਤਾਂ ਕਿ ਬੱਚਾ ਮੁਸੀਬਤਾਂ ਤੋਂ ਡਰਦਾ ਹੋਇਆ ਗ਼ਲਤ ਕਦਮ ਨਾ ਉਠਾ ਸਕੇ। ਔਲਾਦ ਨੂੰ ਮਾਂ-ਬਾਪ ਦੀਆਂ ਨਸੀਹਤਾਂ ਸਦਾ ਮਿਲਦੀਆਂ ਰਹਿਣੀਆਂ ਚਾਹੀਦੀਆਂ ਹਨ ਤਾਂ ਕਿ ਉਨ੍ਹਾਂ ਦੇ ਮਨ ਵਿੱਚ ਆਈਆਂ ਪ੍ਰੇਸ਼ਾਨੀਆਂ ਦੂਰ ਹੁੰਦੀਆਂ ਰਹਿਣ। ਜੇ ਮਾਂ-ਬਾਪ ਆਪਣੀ ਔਲਾਦ ਨੂੰ ਵੱਧ ਸਮਾਂ ਦੇਣਗੇ ਤਾਂ ਬੱਚਿਆਂ ਦਾ ਜੀਵਨ ਮੁਸ਼ਕਿਲਾਂ ਰਹਿਤ ਤੇ ਆਨੰਦਿਤ ਹੋਵੇਗਾ। ਇਸ ਤਰ੍ਹਾਂ ਇੱਕ ਨਿਰੋਏ ਸਮਾਜ ਦੀ ਸਿਰਜਣਾ ਹੋਵੇਗੀ।

# ਰਿਸ਼ਤਿਆਂ ਦੀ ਦਾਸਤਾਂ

ਲੇਖਕ : ਡਾ. ਮਨਜੀਤ ਸਿੰਘ ਬੱਲ, ਸੰਪਰਕ: 98728-43491

ਅਣਵੰਡੇ ਪੰਜਾਬ ਵਿਚ ਬਹੁਤ ਸਾਰੇ ਲੋਕ ਚੰਗੇ ਭਵਿੱਖ ਵਾਸਤੇ ਪੱਛਮੀ ਪੰਜਾਬ ਦੇ ਖੇਤਰਾਂ ਵੱਲ ਜਾਂਦੇ ਸਨ। ਉਥੋਂ ਦੀ ਜ਼ਮੀਨ ਬਹੁਤ ਜ਼ਰਖ਼ੇਜ਼ ਹੈ। ਲੋਕ ਲਾਇਲਪੁਰ, ਮੁਲਤਾਨ, ਬੂਰੇਵਾਲਾ, ਖ਼ਾਨੇਵਾਲ ਆਦਿ ਖੇਤਰਾਂ ਵਿਚ ਕਾਰੋਬਾਰ ਕਰਨ ਜਾਂਦੇ ਸਨ। ਉਦੋਂ ਕਿਹਾ ਜਾਂਦਾ ਸੀ ਕਿ ਫਲਾਣੇ ਦਾ ਟੱਬਰ ਬਾਰ ਗਿਆ ਹੋਇਐ। ਉਦੋਂ ਸਭ ਰਲ ਮਿਲ ਕੇ ਸਾਂਝੇ ਵਿਹੜਿਆਂ ਵਿਚ ਰਹਿੰਦੇ ਸਨ। ਸਭ ਦੇ ਨਿਆਣੇ ਇਕੱਠੇ ਖੇਡਦੇ, ਖਾਂਦੇ-ਪੀਂਦੇ। ਕਦੀ ਮ੍ਹੀਦਾਂ ਖਾਲਾ ਦੇ ਚੁੱਲ੍ਹੇ 'ਤੇ ਰੋਟੀਆਂ ਖਾ ਲੈਂਦੇ, ਕਦੀ ਧੰਨੋ ਦੇ ਤੇ ਕਦੀ ਖੇਡਦੇ ਖੇਡਦੇ 'ਕੱਠੇ ਕਮਲਾ ਤਾਈ ਦੇ ਤੰਦੂਰ 'ਤੇ। ਨਾ ਕੋਈ ਵੈਰ ਵਿਰੋਧ ਸੀ ਤੇ ਨਾ ਧਰਮਾਂ ਦੇ ਬੰਧਨ ਸਨ।



ਧਰਮ ਦੇ ਆਧਾਰ 'ਤੇ ਪਾਕਿਸਤਾਨ ਬਣਨ ਦੀ ਗੱਲ ਨੇ ਮੁਸਲਮਾਨਾਂ ਤੇ ਹਿੰਦੂ-ਸਿੱਖਾਂ ਵਿਚ ਐਸਾ ਪਾੜਾ ਪਾਇਆ ਕਿ 47 ਦੇ ਅੱਧ ਵਿਚ ਪਿਆਰ ਮੁਹੱਬਤ ਨਾਲ ਵੱਸਦੇ ਫਿਰਕਿਆਂ ਦਰਮਿਆਨ ਨਫ਼ਰਤਾਂ ਦੀ ਫ਼ਸਲ ਪੱਕ ਗਈ। ਸਿੱਖ ਹਿੰਦੂ ਚੜ੍ਹਦੇ ਪੰਜਾਬ ਵੱਲ ਤੇ ਮੁਸਲਮਾਨ ਲਹਿੰਦੇ ਵੱਲ ਹਿਜਰਤ ਕਰਨ ਲੱਗੇ। ਬਹੁਤ ਕੱਟ ਵੱਢ ਹੋਈ, ਘਰ-ਬਾਰ ਫੂਕੇ ਗਏ, ਜਬਰ ਜਨਾਹ ਹੋਏ, ਪੰਜਾਬੀਆਂ ਦੇ ਲਹੂ ਨਾਲ ਖੂਹਾਂ-ਟੋਭਿਆਂ ਦਾ ਪਾਣੀ ਲਾਲ ਹੋ ਗਿਆ। ਜਾਇਦਾਦਾਂ ਲੁੱਟੀਆਂ ਗਈਆਂ। ਛੋਟੇ ਨਿਆਣਿਆਂ ਨੂੰ ਮਾਵਾਂ ਰਾਹ ਵਿਚ ਹੀ ਸੁੱਟ ਗਈਆਂ। ਐਸੀ ਲਕੀਰ ਖਿੱਚੀ ਗਈ ਕਿ ਪੁੱਤ ਮਾਪਿਆਂ ਤੋਂ, ਭੈਣ ਵੀਰਾਂ ਤੋਂ, ਚਾਚੇ ਤੇ ਭੂਆ, ਭਤੀਜੇ ਭਤੀਜੀਆਂ ਤੋਂ ਸਦਾ ਲਈ ਵਿਛੜ ਗਏ। 76 ਸਾਲ ਬੀਤ ਜਾਣ 'ਤੇ ਓਸ ਪੀੜ੍ਹੀ ਦੇ ਲੋਕ ਹੁਣ ਬਹੁਤ ਥੋੜ੍ਹੇ ਬਚੇ ਹਨ, ਫਿਰ ਵੀ ਕੋਈ ਨੇੜਲਾ ਖ਼ੂਨ ਦਾ ਰਿਸ਼ਤਾ ਹੁਣ ਵੀ ਮਿਲ ਜਾਂਦਾ ਹੈ। ਟੈਕਨੋਲੋਜੀ (ਫੇਸਬੁੱਕ, ਵ੍ਹੱਟਸਐਪ, ਟਵਿੱਟਰ ਆਦਿ) ਦੀ ਬਦੌਲਤ ਕਈ ਥਾਈਂ, ਦੂਜੀ ਜਾਂ ਤੀਜੀ ਪੀੜ੍ਹੀ ਵਾਲੇ ਖ਼ੂਨ ਦੇ ਰਿਸ਼ਤੇ ਲੱਭ ਗਏ ਹਨ। ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਕੁਝ ਤਨਜ਼ੀਮਾਂ ਵੀ ਹਨ ਜੋ ਇਧਰ ਉਧਰ ਦੇ ਖ਼ੂਨ ਦੇ ਰਿਸ਼ਤੇਦਾਰਾਂ ਨੂੰ ਮਿਲਾਉਣ ਦਾ ਕੰਮ ਕਰਦੀਆਂ ਹਨ। ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਣ ਨਾਲ ਵੀ ਕਈ ਵਿਛੜੇ ਆਖ਼ਰਕਾਰ ਮਿਲ ਗਏ।

1979 ਵਿਚ ਪਹਿਲੀ ਵਾਰ ਜੱਥੇ ਨਾਲ ਲਾਹੌਰ ਗਿਆ ਸਾਂ ਤੇ ਆਪਣੀ ਸਕੀ ਭੂਆ ਨੂੰ ਮਿਲ ਕੇ ਆਇਆ ਸਾਂ। ਉਦੋਂ 'ਡੱਬੀਆਂ ਵਾਲਾ ਖੇਸ' ਲੇਖ ਲਿਖਿਆ ਸੀ।

1991 ਵਿਚ ਜਦ ਅਲਹਮਰਾ ਆਰਟ ਸੈਂਟਰ ਵਿਚ ਮੁਨੱਕਦ ਕਾਨਫਰੰਸ ਵਿਚ ਲੈਕਚਰ ਦੇਣ ਗਿਆ ਸੀ ਤਾਂ ਲਾਹੌਰ ਵਿਚ ਸਕੀ ਮਾਸੀ ਸੱਸ ਤੇ ਉਹਦੇ ਟੱਬਰ ਨੂੰ ਮਿਲ ਕੇ ਆਇਆ ਸਾਂ। ਹੁਣ 2023 ਵਿਚ ਵਿਸਾਖੀ ਜਥੇ ਨਾਲ ਗੁਰਦੁਆਰਿਆਂ ਦੇ ਦਰਸ਼ਨਾਂ ਵਾਸਤੇ ਸਾਡਾ ਵੀਜ਼ਾ ਲੱਗਾ ਤਾਂ ਅਸੀਂ ਦੋਵੇਂ ਜਣੇ, ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ, ਸੱਚਾ ਸੌਦਾ ਚੂਹੜਕਾਣਾ (ਫਾਰੂਕਾਬਾਦ) ਸ੍ਰੀ ਪੰਜਾ ਸਾਹਿਬ ਹਸਨ ਅਬਦਾਲ ਤੇ ਲਾਹੌਰ ਦੇ ਗੁਰਦੁਆਰਿਆਂ ਦੇ ਦਰਸ਼ਨਾਂ ਦੇ ਨਾਲ ਨਾਲ ਖ਼ੂਨ ਦੇ ਰਿਸ਼ਤਿਆਂ ਨੂੰ ਵੀ ਮਿਲੇ। ਚੰਡੀਗੜ੍ਹੋਂ ਚੱਲਣ ਤੋਂ ਪਹਿਲਾਂ ਵ੍ਹੱਟਸਐਪ 'ਤੇ ਭੂਆ ਦੇ ਪੋਤਰੇ ਅਨਵਰ ਨੇ ਜਦ ਮੋਹ ਭਿੱਜੇ ਲਹਿਜੇ ਵਿਚ ਕਿਹਾ ਸੀ, "ਚਾਚਾ ਕੀ ਹਾਲ ਏ ਸਭ ਖੈਰੀਅਤ?" ਤਾਂ ਮਨ ਖੁਸ਼ ਹੋ ਗਿਆ ਸੀ। ਕਹਿੰਦਾ- "ਚਾਚੀ ਨੂੰ ਨਾਲ ਈ ਲੈ ਕੇ ਆਵੀਂ।" ਮੈਂ ਦੱਸਿਆ ਕਿ ਅਸੀਂ ਦੋਵੇਂ ਆਵਾਂਗੇ। ਉਹਨਾਂ ਦੇ ਪੂਰੇ ਟੱਬਰ ਦੀ ਖੁਸ਼ੀ ਦਾ ਅੰਦਾਜ਼ਾ ਮੈਂ ਫੋਨ ਕਾਲਾਂ ਤੋਂ ਲਾ ਸਕਦਾ ਸਾਂ।

"ਜੱਥੇ ਨੇ ਵਾਹਗੇ ਬਾਰਡਰ ਤੋਂ ਏਸੀ ਬੱਸਾਂ ਰਾਹੀਂ ਸਿੱਧਾ ਨਨਕਾਣਾ ਸਾਹਿਬ ਜਾ ਕੇ ਰੁਕਣੈ, ਵਾਪਸੀ 'ਤੇ ਲਾਹੌਰ ਤਿੰਨ ਦਿਨ ਦਾ ਪ੍ਰੋਗਰਾਮ ਹੈ, ਉਦੋਂ ਮਿਲਾਂਗੇ ਤਸੱਲੀ ਨਾਲ।" ਮੈਂ ਅੰਮ੍ਰਿਤਸਰ ਜਾ ਕੇ ਗੱਲ ਕੀਤੀ ਸੀ। ਬਾਰਡਰ ਪਾਰ ਕਰ ਕੇ ਕੋਈ ਮੋਬਾਈਲ ਜਾਂ ਵ੍ਹੱਟਸਐਪ ਨਹੀਂ ਚਲਦਾ। ਅਸੀਂ ਰਾਤ ਕੁਵੇਲੇ ਜਿਹੇ ਨਨਕਾਣਾ ਸਾਹਿਬ ਪੁੱਜੇ। ਰਹਿਣ ਦਾ ਪ੍ਰਬੰਧ ਗੁਰਦੁਆਰੇ ਵਿਚ ਹੀ ਸੀ। ਅਗਲੇ ਦਿਨ ਬੱਸਾਂ ਰਾਹੀਂ ਅਸੀਂ (ਜੱਥਾ) ਗੁਰਦੁਆਰਾ ਸੱਚਾ ਸੌਦਾ, ਚੂਹੜਕਾਣੇ ਦੇ ਦਰਸ਼ਨ ਕੀਤੇ। ਵਾਪਸ ਸ਼ਾਮ ਨੂੰ ਪੰਜ ਕੁ ਵਜੇ ਪੁੱਜੇ ਤਾਂ ਪਤਾ ਲੱਗਾ ਕਿ ਗੁਰਦੁਆਰੇ ਦੇ ਗੇਟ ਦੇ ਬਾਹਰ ਪਰਿਵਾਰ ਸਮੇਤ ਅਨਵਰ ਸਾਨੂੰ ਉਡੀਕ ਰਿਹਾ ਸੀ। 40 ਸਾਲ ਪਹਿਲਾਂ ਮੈਂ ਉਹਨੂੰ ਲਾਹੌਰ ਦੇ ਡੇਰਾ ਸਾਹਿਬ ਵਿਚ ਦੇਖਿਆ ਸੀ ਜਦ ਉਹ ਅਜੇ ਅਲੂੰਆਂ ਜਿਹਾ ਸੀ ਪਰ ਉਹਨੇ ਵ੍ਹੱਟਸਐਪ ਤੇ ਫੇਸਬੁੱਕ ਦੀਆਂ ਫੋਟੋਆਂ ਕਰ ਕੇ ਸਾਨੂੰ ਦੋਵਾਂ ਨੂੰ ਪਛਾਣ ਲਿਆ।

ਇਕ ਦੂਜੇ ਨੂੰ ਦੇਖ ਕੇ ਦਿਲ ਦੀਆਂ ਧੜਕਣਾਂ ਪੂਰੀ ਗਤੀ ਵਿਚ ਆ ਗਈਆਂ ਤੇ ਅੱਖਾਂ ਅੰਦਰ ਖੁਸ਼ੀ ਦੇ ਗਲੇਡੂ। ਚਾਚੇ-ਭਤੀਜੇ ਦੀਆਂ ਘੁੱਟ ਘੁੱਟ ਕੇ ਜੱਫੀਆਂ, ਅਨਵਰ ਦੀ ਬੇਗ਼ਮ ਰਜ਼ੀਆ ਤੇ ਇੰਦਰਜੀਤ ਵੀ ਗ਼ਲਵਕੜੀ ਪਾ ਕੇ ਮਿਲ਼ੀਆਂ। ਗੁਰਦੁਆਰੇ ਦੀ ਦੀਵਾਰ ਕੋਲ ਸਾਨੂੰ ਖੁਸ਼-ਆਮਦੀਦ ਕਹਿਣ ਵਾਸਤੇ ਅਨਵਰ ਨੇ ਮੇਰੇ ਅਤੇ ਰਜ਼ੀਆ ਨੇ ਇੰਦਰਜੀਤ ਦੇ ਗਲ਼ ਵਿਚ ਫੁੱਲ ਮਾਲ਼ਾ ਪਾਈਆਂ। "ਅਨਵਰ... ਤੁਸੀਂ ਐਨੀ ਖੇਚਲ ਕੀਤੀ, ਲਾਹੌਰ ਤੋਂ ਚੱਲ ਕੇ ਆਏ ਹੋ, 4-5 ਦਿਨਾਂ ਬਾਅਦ ਅਸੀਂ ਉਥੇ ਹੀ ਆ ਜਾਣਾ ਸੀ।" "ਪਰ ਚਾਚਾ, ਸਾਡੇ ਕੋਲੋਂ ਸਬਰ ਨਹੀਂ ਹੋਇਆ ਕਿ 4-5 ਦਿਨ ਇੰਤਜ਼ਾਰ ਕਰੀਏ... ਸੋ ਅਸੀਂ ਆ ਗਏ ਤੇ ਦੁਪਹਿਰ ਦੋ ਵਜੇ ਤੋਂ ਇਥੇ ਸਾਰੀਆਂ ਰਾਹਵਾਂ 'ਤੇ ਨਜ਼ਰਾਂ ਗੱਡੀ ਬੈਠੇ ਹਾਂ। ਮੇਰਾ ਖੁਦਾ ਮਿਹਰਬਾਨ ਹੈ, ਤੁਸੀਂ ਮਿਲ ਗਏ; ਨਹੀਂ ਤਾਂ ਸਾਨੂੰ ਮਾਯੂਸ ਹੋ ਕੇ ਮੁੜਨਾ ਪੈਣਾ ਸੀ ਤੇ ਪੰਜ ਦਿਨ ਉਡੀਕਣਾ ਪੈਣਾ ਸੀ।" ਨਨਕਾਣਾ ਸਾਹਿਬ ਦੇ ਦਰਸ਼ਨਾਂ ਤੋਂ ਬਾਅਦ ਸ੍ਰੀ ਪੰਜਾ ਸਾਹਿਬ ਤੇ ਫਿਰ ਲਾਹੌਰ। ਗੁਰਦੁਆਰਾ ਡੇਰਾ ਸਾਹਿਬ ਵਿਚ ਠਹਿਰਾਓ ਦੌਰਾਨ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੁ ਅਰਜਨ ਦੇਵ ਜੀ ਦਾ ਸ਼ਹੀਦੀ ਸਥਾਨ, ਮਹਾਰਾਜਾ ਰਣਜੀਤ ਸਿੰਘ ਤੇ ਉਹਨਾਂ ਦੇ ਪਰਿਵਾਰ ਦੀਆਂ ਸਮਾਧਾਂ, ਸ਼ਾਹੀ ਕਿਲ੍ਹਾ ਜਿਹਦੀ ਕੰਧ ਦੇ ਉਤੋਂ ਦੀ ਬਾਬਾ ਬਿਧੀ ਚੰਦ ਨੇ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘੋੜੇ ਟਪਾਅ ਕੇ ਰਾਵੀ ਵਿਚ ਛਾਲ ਮਾਰੀ ਸੀ, ਆਦਿ ਜਗ੍ਹਾ ਦੇਖਣ ਦੇ ਨਾਲ ਨਾਲ 4-5 ਘੰਟੇ ਅਨਵਰ ਦੇ ਟੱਬਰ ਨਾਲ ਬਿਤਾਏ। ਭੂਆ ਦੇ ਪਿੰਡ ਰੋਸੇ-ਭੈਲ (ਕਸੂਰ) ਤੋਂ ਵੀ ਟੱਬਰ ਸਮੇਤ ਬਾਕੀ ਭਰਾ ਆਏ ਹੋਏ ਸਨ। ਵਿਆਹ ਵਾਲਾ ਮਾਹੌਲ ਸਿਰਜਿਆ ਗਿਆ ਸੀ। ਤੋਹਫਿਆਂ ਦਾ ਲੈਣ-ਦੇਣ, ਖੁਸ਼ੀਆਂ, ਸੈਲਫੀਆਂ, ਵੀਡੀਓਜ਼ ਤੋਂ ਬਾਅਦ ਦੁਪਹਿਰ ਦਾ ਖਾਣਾ ਤੇ ਫਿਰ ਹੰਝੂ ਭਰੀਆਂ ਅੱਖਾਂ ਨਾਲ ਵਿਦਾਇਗੀ।

ਅਗਲੇ ਦਿਨ ਇੰਦਰਜੀਤ ਦੀ ਸਕੀ ਮਾਸੀ ਦੇ ਤਿੰਨਾਂ ਪੁੱਤਾਂ ਨੂੰ ਲਾਹੌਰ 'ਚ ਮਿਲਣ ਦਾ ਸਬਬ ਬਣਿਆ। ਵੱਡੇ ਦੋ ਪੁੱਤਰਾਂ ਨੂੰ ਅਸੀਂ ਉਹਨਾਂ ਦੇ ਪਿੰਡ ਸ਼ਕਰਪੁਰ (ਸ਼ੇਖ਼ੂਪੁਰਾ) ਹੀ ਮਿਲ ਆਏ ਸਾਂ। ਉਸੇ ਤਰ੍ਹਾਂ ਫੁੱਲਾਂ ਦੀ ਬਰਖਾ ਨਾਲ ਸਵਾਗਤ ਤੇ ਤੋਹਫ਼ਿਆਂ ਦਾ ਦੌਰ, ਉਹ ਪਲ ਬਹੁਤ ਭਾਵੁਕ ਸਨ। ਮਾਸੀ ਦੱਸਦੀ ਹੁੰਦੀ ਸੀ ਕਿ 1959 ਵਿਚ ਜਦ ਉਹਦੀ ਭੈਣ ਸੰਮੋ (ਮੇਰੀ ਸੱਸ-ਮਾਂ) ਉਹਨਾਂ ਕੋਲ ਗਏ ਸਨ ਤਾਂ ਮਾਸੀ ਨੇ ਕਿਹਾ ਸੀ, "ਤੇਰੇ ਕੋਲ ਤਿੰਨ ਕੁੜੀਆਂ ਨੇ, ਮੇਰੇ ਕੋਲ ਕੋਈ ਨਹੀਂ, ਆਹ ਵਿਚਕਾਰਲੀ ਕੁੜੀ ਮੈਨੂੰ ਦੇ ਜਾ", ਤਾਂ ਮਾਂ ਨੇ ਕਿਹਾ ਸੀ, "ਜੇ ਤੂੰ ਹਿੰਦੋਸਤਾਨ 'ਚ ਹੁੰਦੀ ਤਾਂ ਭਾਵੇਂ ਮੈਂ ਤੈਨੂੰ ਦੇ ਹੀ ਦੇਂਦੀ ਪਰ ਆਪਣੇ ਜਿਗਰ ਦਾ ਟੁਕੜਾ ਮੈਂ ਪਾਕਿਸਤਾਨ 'ਚ ਛੱਡ ਕੇ ਨਹੀਂ ਜਾ ਸਕਦੀ।" ਚੀਚਾ-ਵਤਨੀ ਰਹਿੰਦਾ ਸਭ ਤੋਂ ਛੋਟਾ ਮਾਮਾ ਸੁਰਜਣ (ਹੁਣ ਗ਼ੁਲਾਮ ਰਸੂਲ), ਸਿਹਤ ਕਰ ਕੇ ਲਾਹੌਰ ਆ ਕੇ ਸਾਨੂੰ ਮਿਲ ਨਹੀਂ ਸਕਿਆ ਪਰ ਫੋਨ 'ਤੇ ਗੱਲ ਹੋਈ ਤਾਂ ਇੰਦਰਜੀਤ ਨੂੰ ਕਹਿੰਦਾ ਸੀ, "ਮੈਨੂੰ ਲੱਗਦਾ ਮੈਂ ਸੰਮੋ ਨਾਲ ਈ ਗੱਲ ਕਰਨ ਡਿਹਾਂ।" ਵਾਹਗੇ ਵਾਲੀ ਲਕੀਰ ਖਿੱਚਣ ਵਾਲੇ ਰੈਡਕਲਿੱਫ ਨੂੰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਇਨ੍ਹਾਂ ਰਿਸ਼ਤਿਆਂ ਬਾਰੇ ਕੋਈ ਜਾਣਕਾਰੀ ਨਹੀਂ ਸੀ। ਕਹਿੰਦੇ ਨੇ, ਕੁਝ ਸਾਲਾਂ ਬਾਅਦ ਜਦ ਉਹਨੂੰ ਇਸ ਬਾਰੇ ਇਲਮ ਹੋਇਆ ਤਾਂ ਉਹਨੇ ਮੱਥੇ 'ਤੇ ਹੱਥ ਮਾਰਿਆ ਸੀ! ਅੱਲ੍ਹਾ ਦੀਆਂ ਰੁਸ਼ਨਾਈਆਂ ਨੇ, ਧਰਤੀ ਜੇ ਸਾਰੀ ਰੱਬ ਦੀ ਤਾਂ ਲਕੀਰਾਂ ਕਿਨ੍ਹੇ ਵਾਹੀਆਂ ਨੇ...।

# ਖ਼ੁਦ ਨਾਲ ਵੀ ਪਿਆਰ ਕਰੋ

ਲੇਖਕ : ਖੁੰਜਰੀ ਦੇਵਾਂਗਨ

**ਆਪਣੀ ਤਾਕਤ ਦੇ ਰੂਬਰੂ ਹੋਵੋ:** ਖ਼ੁਦ ਨੂੰ ਘੱਟ ਮੰਨਣ ਦੀ ਸੋਚ ਸਾਰਿਆਂ ਦੇ ਦਿਲ ਵਿਚ ਕਿਤੇ ਡੂੰਘੀ ਦੱਬੀ ਹੁੰਦੀ ਹੈ। ਆਪਣੀਆਂ ਚੰਗਿਆਈਆਂ ਬਾਰੇ ਨਾ ਸੋਚ ਕੇ ਅਸੀਂ ਇਸ ਤਰ੍ਹਾਂ ਦੀਆਂ ਗ਼ਲਤੀਆਂ ਅਤੇ ਕੰਮਾਂ ਬਾਰੇ ਸੋਚਦੇ ਹਾਂ ਜੋ ਅਸੀਂ ਕੀਤੇ ਹੀ ਨਹੀਂ। ਅਸੀਂ ਜ਼ਿਆਦਾਤਰ ਕਮੀਆਂ ਅਤੇ ਗ਼ਲਤੀਆਂ 'ਤੇ ਧਿਆਨ ਕੇਂਦਰਿਤ ਕਰਦੇ ਹਾਂ। ਇਸ ਆਦਤ ਤੋਂ ਮੁਕਤ ਹੋਣ ਲਈ ਆਪਣੀਆਂ ਪ੍ਰਾਪਤੀਆਂ ਨੂੰ ਲਿਖੋ। ਇਸ ਸੂਚੀ ਨੂੰ ਲਗਾਤਾਰ ਵਧਾਉਂਦੇ ਰਹੋ।

**ਲੇਖਾ-ਜੋਖਾ ਭਾਵਨਾਵਾਂ ਅਤੇ ਵਿਹਾਰ ਦਾ:** ਡਾਇਰੀ ਲਿਖਣਾ ਦਿਮਾਗ਼ੀ ਅਤੇ ਜਿਸਮਾਨੀ ਸਿਹਤ ਲਈ ਫ਼ਾਇਦੇਮੰਦ ਹੁੰਦਾ ਹੈ। ਇਸ ਵਿਚ ਦੁੱਖ ਪਹੁੰਚਾਉਣ ਵਾਲੇ ਪਲਾਂ, ਭਾਵਨਾਵਾਂ ਅਤੇ ਆਪਣੇ ਵਿਹਾਰਾਂ ਨੂੰ ਦਰਜ ਕਰੋ। ਹੋ ਸਕਦਾ ਹੈ ਕਿ ਚੀਜ਼ਾਂ ਫੈਲਾਉਣ ਲਈ ਤੁਸੀਂ ਆਪਣੇ ਬੱਚੇ ਨੂੰ ਝਿੜਕਿਆ ਹੋਵੇ ਜਾਂ ਆਪਣੇ ਨੇੜਲੇ ਦੋਸਤ ਦਾ ਜਨਮ ਦਿਨ ਭੁੱਲ ਗਏ ਹੋਵੋ। ਆਪਣੇ ਇਸ ਵਿਹਾਰ ਨੂੰ ਤਿੰਨ ਫਿਲਟਰ ਵਿਚੀਂ ਕੱਢੋ। ਪਹਿਲਾ ਹੈ ਸਮਝ, ਜਿਸ ਵਿਚ ਤੁਸੀਂ ਸਮਝੋ ਕਿ ਇਸ ਤਰ੍ਹਾਂ ਦਾ ਵਿਹਾਰ ਤੁਸੀਂ ਕਿਉਂ ਕੀਤਾ? ਦੂਜਾ ਹੈ ਅਨੁਭਵ, ਜਿਸ ਵਿਚ ਤੁਸੀਂ ਇਹ ਦੇਖਣਾ ਹੈ ਕਿ, ਕੀ ਦੂਜੇ ਮਾਪੇ ਵੀ ਇਸ ਤਰ੍ਹਾਂ ਹੀ ਕਰਦੇ ਹਨ ਅਤੇ ਤੀਜਾ ਫਿਲਟਰ ਹੈ ਦਿਲਾਸਾ, ਜਿਸ ਵਿਚ ਤੁਹਾਨੂੰ ਇਹ ਮੰਨਣਾ ਹੈ ਕਿ ਤੁਸੀਂ ਬੁਰੇ ਨਹੀਂ ਹੋ, ਬਸ ਆਪਣੇ ਆਪ 'ਤੇ ਕਾਬੂ ਨਹੀਂ ਰੱਖ ਪਾ ਸਕੇ।

**ਸਰੀਰ 'ਚੋਂ ਤਣਾਅ ਨੂੰ ਕੱਢ ਦਿਓ:** ਕੀ ਤੁਹਾਡਾ ਦਿਮਾਗ਼ ਬਹੁਤ ਅਸ਼ਾਂਤ ਰਹਿੰਦਾ ਹੈ। ਇਸ ਤੋਂ ਛੁਟਕਾਰਾ ਸੌਖਿਆਂ ਨਾਲ ਪਾਇਆ ਜਾ ਸਕਦਾ ਹੈ। ਬਸ ਆਪਣੀ ਤਲੀ ਆਪਣੇ ਦਿਲ 'ਤੇ ਰੱਖੋ, ਦੋਵਾਂ ਹੱਥਾਂ ਨੂੰ ਹਲਕਾ ਫੜੋ ਜਾਂ ਤਲੀਆਂ ਤੋਂ ਆਪਣੇ ਗੋਡਿਆਂ ਜਾਂ ਬਾਹਾਂ ਨੂੰ ਥਪਥਪਾਓ। ਇਸ ਤਰ੍ਹਾਂ ਕਰਕੇ ਤੁਸੀਂ ਆਪਣੇ ਸਰੀਰ ਨੂੰ ਦਿਆਲਤਾ ਦਾ ਸੰਕੇਤ ਦਿੰਦੇ ਹੋ, ਜਿਸ ਨਾਲ ਤੁਹਾਡਾ ਨਰਵਸ ਸਿਸਟਮ ਸਰਗਰਮ ਹੋ ਕੇ ਤੁਹਾਨੂੰ ਤਣਾਅਮੁਕਤ ਹੋਣ ਵਿਚ ਮਦਦ ਕਰਦਾ ਹੈ। ਸਮੇਂ-ਸਮੇਂ 'ਤੇ ਖ਼ੁਦ ਨੂੰ ਪੁੱਛੋ ਕਿ ਕੀ ਮੈਂ ਖ਼ੁਦ 'ਤੇ ਥੋੜ੍ਹੀ ਦਇਆ ਕਰ ਕੇ ਤਣਾਅਮੁਕਤ ਰਹਿ ਸਕਦੇ ਹੋ?

**ਉਤਮਤਾ ਨੂੰ ਭੁਲਾ ਦਿਓ:** ਨਾਮੁਮਕਿਨ ਲੱਛਣਾਂ ਨੂੰ ਹਾਸਲ ਕਰਨ ਅਤੇ ਖ਼ੁਦ ਨੂੰ ਪਰਫੈਕਟ ਭਾਵ ਉੱਤਮ ਬਣਾਉਣ ਦੀ ਕੋਸ਼ਿਸ਼ ਤੁਹਾਡੀ ਉਤਪਾਦਕਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਸਕਦੀ ਹੈ। ਇਸ ਨੂੰ ਹਾਸਲ ਕਰਨ ਦੀ ਨਾਕਾਮੀ ਤੁਹਾਨੂੰ ਆਪਣੀ ਕਾਬਲੀਅਤ 'ਤੇ ਸ਼ੱਕ ਕਰਨ ਨੂੰ ਮਜਬੂਰ ਕਰੇਗੀ। ਇਸ ਤੋਂ ਠੀਕ ਉਲਟ ਜੇਕਰ ਟੀਚਾ ਆਸਾਨ ਅਤੇ ਹਾਸਲ ਕਰਨ ਯੋਗ ਹੋਵੇਗਾ ਤਾਂ ਤੁਸੀਂ ਕਾਮਯਾਬੀ ਵੱਲ ਵਧੋਗੇ। ਇਹੀ ਵਜ੍ਹਾ ਹੈ ਕਿ ਛੋਟੇ-ਛੋਟੇ ਮੁਕਾਮ ਪਾਰ ਕਰਦੇ ਹੋਏ ਅੱਗੇ ਵਧਣ ਵਿਚ ਹੀ ਸਮਝਦਾਰੀ ਹੋਵੇਗੀ।



# CLASSIFIEDS & MATRIMONIALS




## BRIDE WANTED

Professionally qualified match from khatri/Arora decent family for our son 1990 born, 5' 7" . Working in Vancouver as data migration analyst, earning $90000. Contact: 9988315117, 604-781-9080

.............................................

Canadian-born, Vegetarian, Jatt Sikh boy. 30 years old. Medical Professional; currently working at Vancouver Coastal Health. Seeking a match with a girl from a Gursikh family who is also Canadian-born and Vegetarian. Please call 778-709-9910

.............................................

ਕੈਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ 32 ਸਾਲਾ 6 ਫੁੱਟ ਸਰਦਾਰ ਤਲਾਕਸ਼ੁਦਾ ਕੈਲਗਰੀ ਵਿੱਚ ਰਹਿੰਦੇ ਲੜਕੇ ਲਈ ਘੱਟੋ-ਘੱਟ 5.5 ਕੱਦ ਵਾਲੀ ਕਨੇਡਾ ਵਿੱਚ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 403 422 1833, 604 441 2723 AP 17-04

.............................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

.............................................

Professionally qualified match from decent Sikh family for our son 30, 5'10 "turboned boy, federal government job. He is chattered Professional Accountantand working in B.C. caste no bar. Whattsapp the biodata with picture to Dr.Sidhu 7788290991. AP 18-07

## BRIDE WANTED

ਜੌਹਲ ਪਰਿਵਾਰ ਦਾ ਖੂਬਸੂਰਤ ਪੜਿਆ ਲਿਖਿਆ ਮਿਹਨਤੀ ਲੜਕਾ, ਚੰਗੀ ਜੌਬ ਵਰਕ ਪਰਮਿਟ 'ਤੇ ਹੈ। ਮਾਲਵੇ ਨਾਲ ਸਬੰਧਤ ਹੈ। ਰਿਸ਼ਤੇਦਾਰਾਂ ਕੋਲ ਰਹਿ ਰਿਹਾ ਹੈ। ਵਿਆਹ ਲਈ ਲੜਕੀ ਵਾਲੇ ਸੰਪਰਕ ਕਰਨ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ : 778-987-8644 RS- 9-01

.............................................

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ। ਸੰਪਰਕ ਕਰੋ : 1 (403) 399-5130 AP 04-04

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a Canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS- 14-09

## BASEMENT FOR RENT

ਸਰੀ ਵਿਚ 140 ਅਤੇ 59 Ave ਵਿਚ 2 ਰੂਮ ਦੀ ਨਵੀਂ ਬੇਸਮੈਂਟ ਹੁਣ ਤੋਂ ਕਿਰਾਏ ਲਈ 2 ਜਾਂ 3 ਕੁੜੀਆਂ ਰਲਮਿਲ ਕਿ ਕਿਰਾਇਆ ਕਰ ਸਕਦੀਆਂ ਹਨ। ਇੰਟਰਨੈਟ ਅਤੇ ਲਾਂਡਰੀ ਵਿਚ ਹੈ। 2 washroom... ਕਿਰਾਇਆ ਬਹੁਤ ਜਿਆਦਾ ਨਹੀਂ। 2 ਪਾਸੇ ਬੱਸਸਟਾਪ ਨੇੜੇ-ਨੇੜੇ ਹੈ। ਫੈਮਲੀ ਵਾਲੇ ਵੀ ਸੰਪਰਕ ਕਰ ਸਕਦੇ ਹਨ : 604-616-2171 RS- 05-12


# ਉਮਰ ਵਧਣ ਵਾਲੀ ਆਬਾਦੀ ਦੇ ਵਿਚਕਾਰ ਪੰਜਾਬ ਵਿੱਚ ਜਨਮ ਦਰ ਅਤੇ ਪ੍ਰਜਨਨ ਸਮਰੱਥਾ ਦਾ ਘਟਦਾ ਪੱਧਰ

ਡਾ ਵਿਜੈ ਗਰਗ

ਪੰਜਾਬ, ਜੋ ਕਦੇ ਵੱਡੇ ਪਰਿਵਾਰਾਂ, ਰੌਣਕਭਰੇ ਪਿੰਡਾਂ ਅਤੇ ਤੇਜ਼ੀ ਨਾਲ ਵਧ ਰਹੀ ਆਬਾਦੀ ਲਈ ਜਾਣਿਆ ਜਾਂਦਾ ਸੀ, ਅੱਜ ਇੱਕ ਵੱਡੇ ਜਨਸੰਖਿਆਕ ਬਦਲਾਅ ਵਿਚੋਂ ਗੁਜ਼ਰ ਰਿਹਾ ਹੈ। ਰਾਜ ਵਿੱਚ ਜਨਮ ਦਰ ਅਤੇ ਪ੍ਰਜਨਨ ਦਰ ਲਗਾਤਾਰ ਘੱਟ ਰਹੀ ਹੈ, ਜਦਕਿ ਬਜ਼ੁਰਗਾਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਹੈ। ਇਹ ਬਦਲਾਅ ਪੰਜਾਬ ਦੇ ਸਮਾਜਿਕ, ਆਰਥਿਕ ਅਤੇ ਸਿਹਤ ਪ੍ਰਬੰਧਾਂ ਲਈ ਨਵੀਆਂ ਚੁਣੌਤੀਆਂ ਪੈਦਾ ਕਰ ਰਿਹਾ ਹੈ।

ਤਾਜ਼ਾ ਸੈਂਪਲ ਰਜਿਸਟ੍ਰੇਸ਼ਨ ਸਿਸਟਮ ( ਐਸਆਰਐਸ) ਦੀ ਰਿਪੋਰਟ ਅਨੁਸਾਰ ਪੰਜਾਬ ਦੀ ਕੁੱਲ ਪ੍ਰਜਨਨ ਦਰ ਟੀਆਰ ਐਫ 1.4 ਤੱਕ ਘਟ ਗਈ ਹੈ, ਜੋ ਕਿ ਆਬਾਦੀ ਨੂੰ ਸਥਿਰ ਰੱਖਣ ਲਈ ਲੋੜੀਂਦੇ 2.1 ਦੇ ਪੱਧਰ ਨਾਲੋਂ ਕਾਫ਼ੀ ਘੱਟ ਹੈ।

**ਪੰਜਾਬ ਵਿੱਚ ਘਟਦੀ ਜਨਮ ਦਰ:**


ਜਨਮ ਦਰ ਕਿਸੇ ਸਾਲ ਵਿੱਚ ਪ੍ਰਤੀ 1,000 ਲੋਕਾਂ 'ਤੇ ਹੋਣ ਵਾਲੇ ਜਨਮਾਂ ਨੂੰ ਦਰਸਾਉਂਦੀ ਹੈ। 2024 ਵਿੱਚ ਪੰਜਾਬ ਦੀ ਜਨਮ ਦਰ 13.6 ਰਹੀ, ਜੋ ਕਿ ਦੇਸ਼ ਦੀ ਔਸਤ 18.3 ਨਾਲੋਂ ਕਾਫ਼ੀ ਘੱਟ ਹੈ। ਹਰਿਆਣਾ ਵਿੱਚ ਇਹ ਦਰ 18.5 ਅਤੇ ਹਿਮਾਚਲ ਪ੍ਰਦੇਸ਼ ਵਿੱਚ 14.0 ਦਰਜ ਕੀਤੀ ਗਈ।

ਪਿਛਲੇ ਦਹਾਕੇ ਦੌਰਾਨ ਪੰਜਾਬ ਦੀ ਜਨਮ ਦਰ ਵਿੱਚ ਲਗਾਤਾਰ ਕਮੀ ਆਈ ਹੈ। ਛੋਟੇ ਪਰਿਵਾਰਾਂ ਦੀ ਸੋਚ, ਦੇਰੀ ਨਾਲ ਵਿਆਹ, ਵਿਦੇਸ਼ਾਂ ਵੱਲ ਪ੍ਰਵਾਸ, ਵਧਦੀ ਪੜ੍ਹਾਈ ਅਤੇ ਮਹਿੰਗਾਈ ਇਸ ਦੇ ਮੁੱਖ ਕਾਰਨ ਹਨ।

ਅੱਜ ਦੇ ਨੌਜਵਾਨ ਜੋੜੇ ਘੱਟ ਬੱਚੇ ਪੈਦਾ ਕਰਨ ਨੂੰ ਤਰਜੀਹ ਦੇ ਰਹੇ ਹਨ ਕਿਉਂਕਿ ਬੱਚਿਆਂ ਦੀ ਸਿੱਖਿਆ, ਸਿਹਤ ਅਤੇ ਭਵਿੱਖ ਲਈ ਖਰਚੇ ਕਾਫ਼ੀ ਵਧ ਗਏ ਹਨ। ਲੋਕ ਹੁਣ ਗਿਣਤੀ ਨਾਲੋਂ ਜੀਵਨ ਦੀ ਗੁਣਵੱਤਾ ਨੂੰ ਵੱਧ ਮਹੱਤਵ ਦੇ ਰਹੇ ਹਨ।

**ਪ੍ਰਜਨਨ ਦਰ ਵਿੱਚ ਚਿੰਤਾਜਨਕ ਕਮੀ:**

ਪੰਜਾਬ ਦੀ ਟੀਐਫਆਰ 1.4 ਦੇਸ਼ ਦੇ ਸਭ ਤੋਂ ਘੱਟ ਪੱਧਰਾਂ ਵਿੱਚੋਂ ਇੱਕ ਹੈ। ਇਸ ਦਾ ਮਤਲਬ ਹੈ ਕਿ ਹਰ ਪੀੜ੍ਹੀ ਨੂੰ ਬਦਲਣ ਲਈ ਜਿੰਨੇ ਬੱਚਿਆਂ ਦੀ ਲੋੜ ਹੁੰਦੀ ਹੈ, ਉਹ ਗਿਣਤੀ ਪੂਰੀ ਨਹੀਂ ਹੋ ਰਹੀ।




ਜਾਪਾਨ, ਦੱਖਣੀ ਕੋਰੀਆ ਅਤੇ ਕਈ ਯੂਰਪੀ ਦੇਸ਼ ਪਹਿਲਾਂ ਹੀ ਘੱਟ ਪ੍ਰਜਨਨ ਅਤੇ ਬੁੱਢੀ ਹੋ ਰਹੀ ਆਬਾਦੀ ਦੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ। ਪੰਜਾਬ ਵੀ ਹੌਲੀ-ਹੌਲੀ ਉਸੇ ਦਿਸ਼ਾ ਵੱਲ ਵਧਦਾ ਦਿਖਾਈ ਦੇ ਰਿਹਾ ਹੈ।

ਬਜ਼ੁਰਗ ਆਬਾਦੀ ਵਿੱਚ ਵਾਧਾ:

ਜਿੱਥੇ ਬੱਚਿਆਂ ਦੀ ਗਿਣਤੀ ਘੱਟ ਰਹੀ ਹੈ, ਉੱਥੇ ਬਜ਼ੁਰਗ ਲੋਕਾਂ ਦੀ ਸੰਖਿਆ ਵੱਧ ਰਹੀ ਹੈ। ਪੰਜਾਬ ਵਿੱਚ 60 ਸਾਲ ਤੋਂ ਉਪਰ ਦੀ ਆਬਾਦੀ ਲਗਭਗ 11.5% ਤੱਕ ਪਹੁੰਚ ਚੁੱਕੀ ਹੈ, ਜੋ ਕਿ ਦੇਸ਼ ਦੀ ਔਸਤ 9.7% ਨਾਲੋਂ ਵੱਧ ਹੈ। ਪਿੰਡਾਂ ਵਿੱਚ ਇਹ ਹਿੱਸਾ ਹੋਰ ਵੀ ਵਧੇਰੇ ਹੈ।

ਇਸਦੇ ਨਾਲ ਹੀ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਹਿੱਸੇਦਾਰੀ ਘਟ ਰਹੀ ਹੈ। 0 ਤੋਂ 4 ਸਾਲ ਦੀ ਉਮਰ ਵਾਲੇ ਬੱਚਿਆਂ ਦੀ ਸੰਖਿਆ ਕੇਵਲ 6% ਰਹਿ ਗਈ ਹੈ, ਜਦਕਿ ਦੇਸ਼ ਦੀ ਔਸਤ 7.9% ਹੈ।

ਇਹ ਸਾਫ਼ ਦਰਸਾਉਂਦਾ ਹੈ ਕਿ ਪੰਜਾਬ ਦੀ ਆਬਾਦੀ ਤੇਜ਼ੀ ਨਾਲ ਬੁੱਢੀ ਹੋ ਰਹੀ ਹੈ।

ਇਸ ਬਦਲਾਅ ਦੇ ਮੁੱਖ ਕਾਰਨ:

**1. ਉੱਚ ਸਿੱਖਿਆ ਅਤੇ ਜਾਗਰੂਕਤਾ:**

ਪੜ੍ਹੇ-ਲਿਖੇ ਪਰਿਵਾਰ ਘੱਟ ਬੱਚਿਆਂ ਨੂੰ ਤਰਜੀਹ ਦਿੰਦੇ ਹਨ। ਮਹਿਲਾਵਾਂ ਉੱਚ ਸਿੱਖਿਆ ਅਤੇ ਕਰੀਅਰ ਵੱਲ ਧਿਆਨ ਦੇ ਰਹੀਆਂ ਹਨ।

**2. ਵਿਦੇਸ਼ਾਂ ਵੱਲ ਪ੍ਰਵਾਸ:**

ਪੰਜਾਬ ਦੇ ਬਹੁਤ ਸਾਰੇ ਨੌਜਵਾਨ ਕੈਨੇਡਾ, ਆਸਟ੍ਰੇਲੀਆ, ਅਮਰੀਕਾ ਅਤੇ ਯੂਕੇ ਵੱਲ ਜਾ ਰਹੇ ਹਨ। ਇਸ ਨਾਲ ਰਾਜ ਵਿੱਚ ਨੌਜਵਾਨਾਂ ਦੀ ਗਿਣਤੀ ਘੱਟ ਰਹੀ ਹੈ।

**3. ਸ਼ਹਿਰੀ ਜੀਵਨ ਸ਼ੈਲੀ:**

ਸ਼ਹਿਰੀ ਜੀਵਨ ਵਿੱਚ ਖਰਚੇ ਵੱਧ ਹਨ ਅਤੇ ਲੋਕ ਛੋਟੇ ਪਰਿਵਾਰਾਂ ਨੂੰ ਤਰਜੀਹ ਦੇ ਰਹੇ ਹਨ।

**4. ਆਰਥਿਕ ਦਬਾਅ:**

ਮਹਿੰਗਾਈ, ਬੇਰੁਜ਼ਗਾਰੀ ਅਤੇ ਸਿੱਖਿਆ ਦੇ ਵਧਦੇ ਖਰਚੇ ਪਰਿਵਾਰਾਂ ਨੂੰ ਘੱਟ ਬੱਚੇ ਪੈਦਾ ਕਰਨ ਵੱਲ ਧੱਕ ਰਹੇ ਹਨ।

**5. ਸਮਾਜਿਕ ਸੋਚ ਵਿੱਚ ਬਦਲਾਅ:**

ਆਧੁਨਿਕ ਪਰਿਵਾਰ ਹੁਣ ਨਿੱਜੀ ਆਜ਼ਾਦੀ, ਕਰੀਅਰ ਅਤੇ ਆਰਥਿਕ ਸਥਿਰਤਾ ਨੂੰ ਵੱਧ ਮਹੱਤਵ ਦੇ ਰਹੇ ਹਨ।

**ਬੁੱਢੀ ਹੋ ਰਹੀ ਆਬਾਦੀ ਨਾਲ ਚੁਣੌਤੀਆਂ:**

ਮਜ਼ਦੂਰਾਂ ਦੀ ਘਾਟ:

ਭਵਿੱਖ ਵਿੱਚ ਖੇਤੀਬਾੜੀ, ਉਦਯੋਗ ਅਤੇ ਸੇਵਾ ਖੇਤਰ ਵਿੱਚ ਮਜ਼ਦੂਰਾਂ ਦੀ ਘਾਟ ਹੋ ਸਕਦੀ ਹੈ।

ਸਿਹਤ ਸੇਵਾਵਾਂ 'ਤੇ ਦਬਾਅ:

ਬਜ਼ੁਰਗਾਂ ਲਈ ਵਧੇਰੇ ਹਸਪਤਾਲ, ਡਾਕਟਰੀ ਸਹੂਲਤਾਂ ਅਤੇ ਲੰਬੇ ਸਮੇਂ ਦੀ ਦੇਖਭਾਲ ਦੀ ਲੋੜ ਪਵੇਗੀ।

**ਆਰਥਿਕ ਬੋਝ:**

ਘੱਟ ਨੌਜਵਾਨ ਆਬਾਦੀ ਨੂੰ ਵਧੇਰੇ ਬਜ਼ੁਰਗਾਂ ਦੀ ਪੈਨਸ਼ਨ ਅਤੇ ਸਹੂਲਤਾਂ ਦਾ ਭਾਰ ਝੇਲਣਾ ਪਵੇਗਾ।

ਇਕੱਲਾਪਨ ਦੀ ਸਮੱਸਿਆ:

ਕਈ ਬਜ਼ੁਰਗ ਮਾਪੇ ਆਪਣੇ ਬੱਚਿਆਂ ਦੇ ਵਿਦੇਸ਼ ਜਾਣ ਕਾਰਨ ਇਕੱਲੇ ਰਹਿ ਰਹੇ ਹਨ, ਜਿਸ ਨਾਲ ਮਾਨਸਿਕ ਤਣਾਅ ਅਤੇ ਇਕੱਲਾਪਨ ਵਧ ਰਿਹਾ ਹੈ।

ਲਿੰਗ ਅਨੁਪਾਤ ਵੀ ਚਿੰਤਾ ਦਾ ਵਿਸ਼ਾ:

ਪੰਜਾਬ ਵਿੱਚ ਜਨਮ ਸਮੇਂ ਲੜਕੀਆਂ ਦੀ ਗਿਣਤੀ ਅਜੇ ਵੀ ਦੇਸ਼ ਦੀ ਔਸਤ ਨਾਲੋਂ ਘੱਟ ਹੈ। 2022-24 ਦੌਰਾਨ ਪੰਜਾਬ ਵਿੱਚ ਹਰ 1,000 ਲੜਕਿਆਂ ਦੇ ਮੁਕਾਬਲੇ 910 ਲੜਕੀਆਂ ਦਾ ਜਨਮ ਦਰਜ ਕੀਤਾ ਗਿਆ।

ਹਾਲਾਂਕਿ ਪਿਛਲੇ ਸਾਲਾਂ ਨਾਲੋਂ ਹਾਲਤ ਵਿੱਚ ਸੁਧਾਰ ਆਇਆ ਹੈ, ਪਰ ਇਹ ਸਮਾਜ ਲਈ ਅਜੇ ਵੀ ਇੱਕ ਗੰਭੀਰ ਚਿੰਤਾ ਹੈ।

**ਕੀ ਘੱਟ ਜਨਮ ਦਰ ਹਮੇਸ਼ਾਂ ਨਕਾਰਾਤਮਕ ਹੈ?**

ਘੱਟ ਜਨਮ ਦਰ ਦੇ ਕੁਝ ਸਕਾਰਾਤਮਕ ਪੱਖ ਵੀ ਹਨ। ਛੋਟੇ ਪਰਿਵਾਰ ਆਪਣੇ ਬੱਚਿਆਂ ਨੂੰ ਵਧੀਆ ਸਿੱਖਿਆ, ਸਿਹਤ ਅਤੇ ਜੀਵਨ ਦੀਆਂ ਸੁਵਿਧਾਵਾਂ ਦੇ ਸਕਦੇ ਹਨ। ਇਹ ਮਹਿਲਾ ਸਸ਼ਕਤੀਕਰਨ ਅਤੇ ਜਾਗਰੂਕਤਾ ਦਾ ਸੰਕੇਤ ਵੀ ਹੈ।

ਪਰ ਜੇਕਰ ਪ੍ਰਜਨਨ ਦਰ ਬਹੁਤ ਲੰਬੇ ਸਮੇਂ ਤੱਕ ਘੱਟ ਰਹਿੰਦੀ ਹੈ, ਤਾਂ ਇਹ ਆਰਥਿਕ ਅਤੇ ਸਮਾਜਿਕ ਸੰਤੁਲਨ ਲਈ ਖਤਰਾ ਬਣ ਸਕਦੀ ਹੈ।

**ਪੰਜਾਬ ਲਈ ਅੱਗੇ ਦਾ ਰਾਹ:**

ਪੰਜਾਬ ਨੂੰ ਆਪਣੀ ਬਦਲ ਰਹੀ ਜਨਸੰਖਿਆ ਲਈ ਹੁਣ ਤੋਂ ਯੋਜਨਾਬੰਦੀ ਕਰਨੀ ਹੋਵੇਗੀ:

ਬਜ਼ੁਰਗਾਂ ਲਈ ਸਿਹਤ ਸਹੂਲਤਾਂ ਮਜ਼ਬੂਤ ਕਰਨੀ।

ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਵਧਾਉਣੇ।

ਮਹਿਲਾਵਾਂ ਲਈ ਕੰਮ ਅਤੇ ਪਰਿਵਾਰ ਵਿੱਚ ਸੰਤੁਲਨ ਵਾਲੀਆਂ ਨੀਤੀਆਂ ਲਿਆਉਣੀਆਂ।

ਪੈਨਸ਼ਨ ਅਤੇ ਸਮਾਜਿਕ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨਾ।

ਹੁਨਰ ਵਿਕਾਸ ਅਤੇ ਉਤਪਾਦਕਤਾ 'ਤੇ ਧਿਆਨ ਦੇਣਾ।

ਪੰਜਾਬ ਵਿੱਚ ਘਟਦੀ ਜਨਮ ਦਰ ਅਤੇ ਵਧਦੀ ਬਜ਼ੁਰਗ ਆਬਾਦੀ ਇੱਕ ਵੱਡੇ ਜਨਸੰਖਿਆਕ ਬਦਲਾਅ ਦਾ ਸੰਕੇਤ ਹੈ। ਇਹ ਸਿਰਫ਼ ਅੰਕੜਿਆਂ ਦੀ ਗੱਲ ਨਹੀਂ, ਸਗੋਂ ਸਮਾਜਿਕ ਢਾਂਚੇ, ਆਰਥਿਕ ਵਿਕਾਸ ਅਤੇ ਪਰਿਵਾਰਕ ਜੀਵਨ ਵਿੱਚ ਆ ਰਹੇ ਬਦਲਾਅ ਦੀ ਤਸਵੀਰ ਵੀ ਹੈ।

ਜੇਕਰ ਸਮੇਂ ਸਿਰ ਸਹੀ ਨੀਤੀਆਂ ਬਣਾਈਆਂ ਜਾਣ, ਤਾਂ ਪੰਜਾਬ ਇਸ ਚੁਣੌਤੀ ਨੂੰ ਮੌਕੇ ਵਿੱਚ ਬਦਲ ਸਕਦਾ ਹੈ ਅਤੇ ਹਰ ਪੀੜ੍ਹੀ ਲਈ ਬਿਹਤਰ ਭਵਿੱਖ ਯਕੀਨੀ ਬਣਾ ਸਕਦਾ ਹੈ।

# ਬ੍ਰਿਟਿਸ਼ ਕੋਲੰਬੀਆ ਤੋਂ ਜਰਮਨੀ ਨੂੰ 20 ਸਾਲ ਤੱਕ ਮਿਲੇਗੀ ਕੁਦਰਤੀ ਗੈਸ, ਸੇਫੇ ਕੰਪਨੀ ਹਰ ਸਾਲ ਖਰੀਦੇਗੀ 1 ਮਿਲੀਅਨ ਟਨ ਗੈਸ

ਸਰੀ, (ਦਿਵਰੂਪ ਕੌਰ): ਕੈਨੇਡਾ ਨੇ ਜਰਮਨੀ ਦੀ ਊਰਜਾ ਕੰਪਨੀ ਸੇਫੇ ਨਾਲ ਇੱਕ ਅਹਿਮ ਊਰਜਾ ਸਮਝੌਤੇ ਉੱਤੇ ਦਸਤਖਤ ਕੀਤੇ ਹਨ। ਇਸ ਸਮਝੌਤੇ ਤਹਿਤ ਕੈਨੇਡਾ ਬ੍ਰਿਟਿਸ਼ ਕੋਲੰਬੀਆ ਦੇ ਤੱਟ ਤੋਂ ਜਰਮਨੀ ਨੂੰ ਤਰਲ ਕੁਦਰਤੀ ਗੈਸ ਦੀ ਸਪਲਾਈ ਕਰੇਗਾ। ਊਰਜਾ ਅਤੇ ਕੁਦਰਤੀ ਸਰੋਤ ਮੰਤਰੀ ਟਿਮ ਹੋਡਜਸਨ ਨੇ ਬੁੱਧਵਾਰ ਨੂੰ ਇਸ ਇਤਿਹਾਸਕ ਕਰਾਰ ਬਾਰੇ ਜਾਣਕਾਰੀ ਦਿੱਤੀ। ਇਸ ਸਮਝੌਤੇ ਦੇ ਤਹਿਤ ਜਰਮਨ ਕੰਪਨੀ ਬੀਸੀ ਦੇ ਤੱਟ ਉੱਤੇ ਸਥਿਤ ਕਸੀ ਲਿਸਿਮਸ ਨਿਰਯਾਤ ਟਰਮੀਨਲ ਰਾਹੀਂ ਕੈਨੇਡਾ ਤੋਂ ਸਾਲਾਨਾ 1 ਮਿਲੀਅਨ ਟਨ ਐਲਐਨਜੀ ਖਰੀਦੇਗੀ।



ਇਹ ਸਪਲਾਈ 2030 ਵਿੱਚ ਸ਼ੁਰੂ ਹੋਵੇਗੀ ਅਤੇ 20 ਸਾਲਾਂ ਤੱਕ ਜਾਰੀ ਰਹੇਗੀ। ਇਹ ਪਹਿਲੀ ਵਾਰ ਹੈ ਜਦੋਂ ਕੈਨੇਡਾ ਨੇ ਕਿਸੇ ਯੂਰਪੀਅਨ ਖਰੀਦਦਾਰ ਨਾਲ ਲੰਬੇ ਸਮੇਂ ਦਾ ਐਲਐਨਜੀ ਸਪਲਾਈ ਸਮਝੌਤਾ ਕੀਤਾ ਹੈ। ਕਸੀ ਲਿਸਿਮਸ ਫੈਸਿਲਿਟੀ ਉੱਤੇ ਲਗਭਗ 10 ਬਿਲੀਅਨ ਡਾਲਰ ਦਾ ਖਰਚਾ ਆਵੇਗਾ ਪਰ ਇਸਦਾ ਨਿਰਮਾਣ ਕਾਰਜ ਅਜੇ ਜ਼ਮੀਨੀ ਪੱਧਰ ਉੱਤੇ ਸ਼ੁਰੂ ਨਹੀਂ ਹੋਇਆ ਹੈ। ਮੰਤਰੀ ਹੋਡਜਸਨ ਨੇ ਕਿਹਾ ਕਿ ਅੱਜ ਦੁਨੀਆ ਪਹਿਲਾਂ ਨਾਲੋਂ ਕਿਤੇ ਵੱਧ ਭਰੋਸੇਮੰਦ ਅਤੇ ਘੱਟ ਕਾਰਬਨ ਵਾਲੀ ਕੈਨੇਡੀਅਨ ਊਰਜਾ ਦੀ ਮੰਗ ਕਰ ਰਹੀ ਹੈ। ਉਹਨਾਂ ਕਿਹਾ ਕਿ ਸਰਕਾਰ ਮੂਲ ਨਿਵਾਸੀਆਂ ਨਾਲ ਭਾਈਵਾਲੀ ਕਰਕੇ ਪ੍ਰੋਜੈਕਟਾਂ ਨੂੰ ਅੱਗੇ ਵਧਾ ਰਹੀ ਹੈ।

ਕਸੀ ਲਿਸਿਮਸ ਦੇ ਸਮਰਥਕ ਇਸ ਸਾਲ ਇੱਕ ਅੰਤਿਮ ਨਿਵੇਸ਼ ਫੈਸਲਾ ਲੈਣ ਤੋਂ ਪਹਿਲਾਂ ਖਰੀਦਦਾਰਾਂ ਨਾਲ ਸਮਝੌਤਿਆਂ ਨੂੰ ਅੰਤਿਮ ਰੂਪ ਦੇਣ ਲਈ ਲਗਾਤਾਰ ਕੰਮ ਕਰ ਰਹੇ ਹਨ। ਇਹ ਪ੍ਰੋਜੈਕਟ ਹਿਊਸਟਨ ਸਥਿਤ ਵੈਸਟਰਨ ਐਲਐਨਜੀ, ਕੈਨੇਡੀਅਨ ਕੁਦਰਤੀ ਗੈਸ ਉਤਪਾਦਕਾਂ ਦੇ ਇੱਕ ਸਮੂਹ ਰੌਕੀਜ਼ ਐਲਐਨਜੀ ਅਤੇ ਨਿਸਗਾ ਫਸਟ ਨੇਸ਼ਨ ਦੁਆਰਾ ਪ੍ਰਸਤਾਵਿਤ ਹੈ। ਇਸ ਪ੍ਰੋਜੈਕਟ ਲਈ ਜ਼ਮੀਨ ਦੀ ਮਲਕੀਅਤ ਨਿਸਗਾ ਫਸਟ ਨੇਸ਼ਨ ਕੋਲ ਹੈ। ਇਸਦੀ ਸਮਰੱਥਾ ਪ੍ਰਤੀ ਸਾਲ 12 ਮਿਲੀਅਨ ਟਨ ਐਲਐਨਜੀ ਹੋਵੇਗੀ ਜੋ ਇਸਨੂੰ ਕੈਨੇਡਾ ਦੀ ਦੂਜੀ ਸਭ ਤੋਂ ਅਹਿਮ ਐਲਐਨਜੀ ਨਿਰਯਾਤ ਸਹੂਲਤ ਬਣਾਵੇਗੀ।

ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਨਵੰਬਰ 2025 ਵਿੱਚ ਇਸਨੂੰ ਮੇਜਰ ਪ੍ਰੋਜੈਕਟਸ ਆਫਿਸ ਕੋਲ ਭੇਜਿਆ ਸੀ। ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਇਸ ਨਾਲ ਕੈਨੇਡਾ ਲਈ 30 ਬਿਲੀਅਨ ਡਾਲਰ ਤੋਂ ਵੱਧ ਦਾ ਨਿਵੇਸ਼ ਆਵੇਗਾ। ਸੇਫੇ ਕੰਪਨੀ ਨੂੰ ਯੂਰਪ ਦੇ ਊਰਜਾ ਸੰਕਟ ਦੌਰਾਨ 2022 ਵਿੱਚ ਜਰਮਨੀ ਦੁਆਰਾ 6.3 ਬਿਲੀਅਨ ਯੂਰੋ ਵਿੱਚ ਰਾਸ਼ਟਰੀਕ੍ਰਿਤ ਕੀਤਾ ਗਿਆ ਸੀ। ਹਾਲਾਂਕਿ ਕੁਝ ਵਾਤਾਵਰਣ ਅਤੇ ਮੂਲ ਨਿਵਾਸੀ ਸਮੂਹਾਂ ਨੇ ਇਸ ਪ੍ਰੋਜੈਕਟ ਬਾਰੇ ਚਿੰਤਾਵਾਂ ਵੀ ਪ੍ਰਗਟਾਈਆਂ ਹਨ। ਸਕੀਨਾ ਵਾਟਰਸ਼ੈੱਡ ਕੰਜ਼ਰਵੇਸ਼ਨ ਕੋਲੀਸ਼ਨ ਦੇ ਅਧਿਕਾਰੀ ਜੈਸੀ ਸਟੋਪਲਰ ਨੇ ਕਿਹਾ ਕਿ ਕੈਨੇਡੀਅਨ ਲੋਕ ਜੈਵਿਕ ਬਾਲਣ ਦੇ ਬੁਨਿਆਦੀ ਢਾਂਚੇ ਨਾਲ ਜੁੜੇ ਜੋਖਮਾਂ ਬਾਰੇ ਇਮਾਨਦਾਰ ਗੱਲਬਾਤ ਦੇ ਹੱਕਦਾਰ ਹਨ। This report was written by Divroop Kaur as part of the Local Journalism Initiative.

---

ਓਨਟਾਰੀਓ ਵਿੱਚ ਕਾਰ ਚੋਰਾਂ ਦੇ ਗਿਰੋਹ ਦਾ ਪਰਦਾਫਾਸ਼

# ਪੁਲਿਸ ਵੱਲੋਂ 5 ਮਿਲੀਅਨ ਡਾਲਰ ਦੀਆਂ ਚੋਰੀ ਹੋਈਆਂ ਗੱਡੀਆਂ ਬਰਾਮਦ

## ਪੱਛਮੀ ਅਫਰੀਕਾ ਭੇਜੀਆਂ ਜਾ ਰਹੀਆਂ ਸਨ ਗੱਡੀਆਂ, ਕਈ ਗ੍ਰਿਫਤਾਰੀਆਂ

ਸਰੀ, (ਦਿਵਰੂਪ ਕੌਰ): ਓਨਟਾਰੀਓ ਵਿੱਚ ਸਰਗਰਮ ਸੰਗਠਿਤ ਆਟੋ ਚੋਰੀ ਨੈੱਟਵਰਕਾਂ ਖਿਲਾਫ ਚਲਾਈ ਗਈ ਇੱਕ ਵਿਆਪਕ ਜਾਂਚ ਮੁਹਿੰਮ ਦੇ ਹਿੱਸੇ ਵਜੋਂ 5 ਮਿਲੀਅਨ ਡਾਲਰ ਤੋਂ ਵੱਧ ਦੀਆਂ ਚੋਰੀ ਹੋਈਆਂ ਗੱਡੀਆਂ ਬਰਾਮਦ ਕੀਤੀਆਂ ਗਈਆਂ ਹਨ। ਨਿਆਗਰਾ ਰੀਜਨਲ ਪੁਲਿਸ ਸਰਵਿਸ ਨੇ ਦੱਸਿਆ ਕਿ ਅਪ੍ਰੈਲ 2025 ਵਿੱਚ ਇੱਕ ਲੈਕਸਸ ਐਸਯੂਵੀ ਦੀ ਚੋਰੀ ਦੀ ਜਾਂਚ ਨੇ ਜਲਦੀ ਹੀ ਇੱਕ ਵਿਸ਼ਾਲ ਰੂਪ ਧਾਰਨ ਕਰ ਲਿਆ। ਇਹ ਜਾਂਚ ਦਰਜਨਾਂ ਵਾਹਨਾਂ ਦੀ ਚੋਰੀ ਨਾਲ ਜੁੜੀ ਹੋਈ ਮਿਲੀ ਜੋ ਸੰਗਠਿਤ ਅਪਰਾਧਿਕ ਗਿਰੋਹਾਂ ਨਾਲ ਸਬੰਧਤ ਸਨ।



ਨਵੰਬਰ 2025 ਤੋਂ ਜਾਂਚਕਰਤਾਵਾਂ ਨੇ ਨਿਆਗਰਾ ਵਿੱਚ ਨਵੇਂ ਮਾਡਲ ਦੀਆਂ ਲੈਕਸਸ ਅਤੇ ਟੋਯੋਟਾ ਗੱਡੀਆਂ ਦੀ ਚੋਰੀ ਅਤੇ ਚੋਰੀ ਦੀਆਂ ਕੋਸ਼ਿਸ਼ਾਂ ਦੇ 50 ਤੋਂ ਵੱਧ ਮਾਮਲਿਆਂ ਦੀ ਬਾਰੀਕੀ ਨਾਲ ਜਾਂਚ ਕੀਤੀ ਹੈ। ਨਿਆਗਰਾ ਪੁਲਿਸ ਦੇ ਜਾਸੂਸਾਂ ਅਨੁਸਾਰ ਇਸ ਚੋਰੀ ਕਾਰਨ ਲਗਭਗ 20 ਮਿਲੀਅਨ ਡਾਲਰ ਦਾ ਨੁਕਸਾਨ ਹੋਣ ਦਾ ਅਨੁਮਾਨ ਹੈ। ਇਸ ਰਕਮ ਵਿੱਚੋਂ 5.5 ਮਿਲੀਅਨ ਡਾਲਰ ਦੀਆਂ ਚੋਰੀ ਹੋਈਆਂ ਗੱਡੀਆਂ ਬਰਾਮਦ ਕਰ ਲਈਆਂ ਗਈਆਂ ਹਨ ਜਦਕਿ 14 ਮਿਲੀਅਨ ਡਾਲਰ ਦੀ ਸੰਪਤੀ ਅਜੇ ਵੀ ਗਾਇਬ ਹੈ। ਪੁਲਿਸ ਨੇ ਦਸੰਬਰ 2025 ਵਿੱਚ ਪ੍ਰੋਜੈਕਟ ਜੈਕ ਲਿੰਕਸ ਸ਼ੁਰੂ ਕੀਤਾ ਸੀ।

ਇਸ ਪ੍ਰੋਜੈਕਟ ਦਾ ਮੁੱਖ ਟੀਚਾ ਮਹਿੰਗੀਆਂ ਗੱਡੀਆਂ ਚੋਰੀ ਕਰਨ ਅਤੇ ਉਹਨਾਂ ਨੂੰ ਵਿਦੇਸ਼ੀ ਬਾਜ਼ਾਰਾਂ ਵਿੱਚ ਵੇਚਣ ਵਾਲੇ ਗਿਰੋਹਾਂ ਨੂੰ ਫੜਨਾ ਸੀ। ਜਾਂਚਕਰਤਾਵਾਂ ਨੇ ਕਿਹਾ ਕਿ ਇਸ ਜਾਂਚ ਦੌਰਾਨ ਕਈ ਵੱਖ-ਵੱਖ ਅਪਰਾਧਿਕ ਨੈੱਟਵਰਕਾਂ ਦੀ ਪਛਾਣ ਕੀਤੀ ਗਈ ਹੈ। ਭਾਵੇਂ ਇਹ ਗਿਰੋਹ ਸੁਤੰਤਰ ਤੌਰ ਉੱਤੇ ਕੰਮ ਕਰ ਰਹੇ ਸਨ ਪਰ ਉਹਨਾਂ ਦਾ ਸਾਂਝਾ ਉਦੇਸ਼ ਵਾਹਨਾਂ ਨੂੰ ਨਿਰਯਾਤ ਕਰਨ ਅਤੇ ਵਿਦੇਸ਼ਾਂ ਵਿੱਚ ਵੇਚਣ ਲਈ ਚੋਰੀ ਕਰਨਾ ਸੀ। ਦੋਸ਼ੀਆਂ ਦੇ ਓਨਟਾਰੀਓ ਭਰ ਵਿੱਚ ਵਾਹਨ ਚੋਰੀ ਦੀਆਂ 112 ਤੋਂ ਵੱਧ ਘਟਨਾਵਾਂ ਨਾਲ ਜੁੜੇ ਹੋਣ ਦਾ ਖਦਸ਼ਾ ਹੈ। ਇਹ ਘਟਨਾਵਾਂ ਨਿਆਗਰਾ, ਹੈਮਿਲਟਨ, ਬਰੈਂਟਫੋਰਡ, ਓਕਵਿਲ ਅਤੇ ਟੋਰਾਂਟੋ ਸਮੇਤ ਕਈ ਸ਼ਹਿਰਾਂ ਵਿੱਚ ਵਾਪਰੀਆਂ ਹਨ। ਜਾਂਚ ਦੇ ਵੱਖ-ਵੱਖ ਪੜਾਵਾਂ ਦੌਰਾਨ ਕਈ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ। ਸੇਂਟ ਕੈਥਰੀਨਜ਼ ਦੇ 2 ਨੌਜਵਾਨਾਂ ਨੂੰ ਜਨਵਰੀ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਮਈ ਵਿੱਚ ਮਿਸੀਸਾਗਾ ਅਤੇ ਓਕਵਿਲ ਵਿੱਚ ਤਲਾਸ਼ੀ ਵਾਰੰਟਾਂ ਤੋਂ ਬਾਅਦ 5 ਹੋਰ ਨੌਜਵਾਨਾਂ ਨੂੰ ਫੜਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਕਈ ਚੋਰੀ ਹੋਏ ਵਾਹਨ ਮਾਂਟਰੀਅਲ ਬੰਦਰਗਾਹ ਤੋਂ ਬਰਾਮਦ ਕੀਤੇ ਗਏ ਸਨ ਜੋ ਪੱਛਮੀ ਅਫਰੀਕਾ ਭੇਜੇ ਜਾਣ ਲਈ ਤਿਆਰ ਕੀਤੇ ਜਾ ਰਹੇ ਸਨ। ਪੁਲਿਸ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਵਾਹਨਾਂ ਦੇ ਦਰਵਾਜ਼ੇ ਹਮੇਸ਼ਾ ਲਾਕ ਰੱਖਣ ਅਤੇ ਕੀਮਤੀ ਸਮਾਨ ਅੰਦਰ ਨਾ ਛੱਡਣ। This report was written by Divroop Kaur as part of the Local Journalism Initiative.

---

## Important Contacts

**EMERGENCY**

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

**NON-EMERGENCY**

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

**SIKH GURDWARAS**

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572

# ਡਾਕਟਰਾਂ ਦੀ ਘਾਟ ਕਾਰਨ ਮਿਸ਼ਨ ਮੈਮੋਰੀਅਲ ਹਸਪਤਾਲ ਦੀ ਐਮਰਜੈਂਸੀ ਬੰਦ

## ਫਰੇਜ਼ਰ ਹੈਲਥ ਵੱਲੋਂ ਮਿਸ਼ਨ ਹਸਪਤਾਲ ਦੀਆਂ ਸੇਵਾਵਾਂ ਵਿੱਚ ਆਰਜ਼ੀ ਕਟੌਤੀ ਦਾ ਐਲਾਨ




ਸਰੀ, (ਦਿਵਰੂਪ ਕੌਰ): ਡਾਕਟਰਾਂ ਦੀ ਭਾਰੀ ਘਾਟ ਕਾਰਨ ਮਿਸ਼ਨ ਮੈਮੋਰੀਅਲ ਹਸਪਤਾਲ ਦਾ ਐਮਰਜੈਂਸੀ ਵਿਭਾਗ ਰਾਤ ਭਰ ਲਈ ਬੰਦ ਰਹੇਗਾ। ਫਰੇਜ਼ਰ ਹੈਲਥ ਵੱਲੋਂ ਜਾਰੀ ਕੀਤੀ ਗਈ ਇੱਕ ਨਿਊਜ਼ ਰਿਲੀਜ਼ ਅਨੁਸਾਰ ਇਹ ਆਰਜ਼ੀ ਰੁਕਾਵਟ 25 ਮਈ ਸ਼ਾਮ 5 ਵਜੇ ਤੋਂ ਸ਼ੁਰੂ ਹੋ ਕੇ 26 ਮਈ ਸਵੇਰੇ 8 ਵਜੇ ਤੱਕ ਲਾਗੂ ਰਹੇਗੀ। ਹਾਲਾਂਕਿ ਜਿਹੜੇ ਮਰੀਜ਼ ਸ਼ਾਮ 5 ਵਜੇ ਤੱਕ ਐਮਰਜੈਂਸੀ ਵਿਭਾਗ ਵਿੱਚ ਪਹੁੰਚ ਚੁੱਕੇ ਹੋਣਗੇ ਉਨ੍ਹਾਂ ਦੀ ਜਾਂਚ ਡਾਕਟਰਾਂ ਵੱਲੋਂ ਸ਼ਿਫਟ ਖਤਮ ਹੋਣ ਤੋਂ ਪਹਿਲਾਂ ਕੀਤੀ ਜਾਵੇਗੀ। ਇਸ ਬੰਦੀ ਦੌਰਾਨ ਐਮਰਜੈਂਸੀ ਸਿਖਲਾਈ ਪ੍ਰਾਪਤ ਨਰਸਾਂ ਹਸਪਤਾਲ ਵਿੱਚ ਮੌਜੂਦ ਰਹਿਣਗੀਆਂ ਤਾਂ ਜੋ ਗੰਭੀਰ ਲੋੜ ਵਾਲੇ ਮਰੀਜ਼ਾਂ ਨੂੰ ਨੇੜਲੇ ਹਸਪਤਾਲ ਵਿੱਚ ਤਬਦੀਲ ਕੀਤਾ ਜਾ ਸਕੇ। ਫਰੇਜ਼ਰ ਹੈਲਥ ਬੀਸੀ ਐਮਰਜੈਂਸੀ ਹੈਲਥ ਸਰਵਿਸਿਜ਼ ਨਾਲ ਮਿਲ ਕੇ ਕੰਮ ਕਰ ਰਿਹਾ ਹੈ ਤਾਂ ਜੋ ਮਰੀਜ਼ਾਂ ਨੂੰ ਸਹੀ ਹਸਪਤਾਲ ਵਿੱਚ ਭੇਜਿਆ ਜਾ ਸਕੇ। ਇਹ ਕਟੌਤੀ ਸਿਰਫ ਐਮਰਜੈਂਸੀ ਵਿਭਾਗ 'ਤੇ ਲਾਗੂ ਹੋਵੇਗੀ ਜਦਕਿ ਹਸਪਤਾਲ ਦੀਆਂ ਬਾਕੀ ਸਾਰੀਆਂ ਸੇਵਾਵਾਂ ਆਮ ਵਾਂਗ ਉਪਲਬਧ ਰਹਿਣਗੀਆਂ। ਮਿਸ਼ਨ ਮੈਮੋਰੀਅਲ ਦਾ ਐਮਰਜੈਂਸੀ ਵਿਭਾਗ ਮਾਰਚ ਵਿੱਚ ਸ਼ੁਰੂ ਹੋਈਆਂ 51 ਲਗਾਤਾਰ ਰਾਤਾਂ ਦੀਆਂ ਘਟਾਈਆਂ ਗਈਆਂ ਸੇਵਾਵਾਂ ਤੋਂ ਬਾਅਦ 4 ਮਈ ਨੂੰ ਮੁੜ ਪੂਰੀ ਕਵਰੇਜ 'ਤੇ ਆਇਆ ਸੀ। ਫਰੇਜ਼ਰ ਹੈਲਥ ਨੇ ਭਰੋਸਾ ਦਿਵਾਇਆ ਹੈ ਕਿ ਉਹ ਡਾਕਟਰਾਂ ਦੀ ਘਾਟ ਨੂੰ ਦੂਰ ਕਰਨ ਅਤੇ ਹੋਰ ਰੁਕਾਵਟਾਂ ਨੂੰ ਰੋਕਣ ਲਈ ਸਟਾਫ ਦੀ ਭਰਤੀ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ। ਜਨਵਰੀ 2024 ਵਿੱਚ ਹਸਪਤਾਲ ਵਿੱਚ ਪਾਣੀ ਭਰ ਗਿਆ ਸੀ ਅਤੇ ਹੁਣ 18 ਮਿਲੀਅਨ ਡਾਲਰ ਦੀ ਲਾਗਤ ਨਾਲ ਇਸਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ। This report was written by Divroop Kaur as part of the Local Journalism Initiative.

# ਅਲਬਰਟਾ ਨੂੰ ਕੈਨੇਡਾ ਤੋਂ ਵੱਖ ਕਰਨ ਦੇ ਮੁੱਦੇ 'ਤੇ ਪ੍ਰੀਮੀਅਰ ਅਤੇ ਪਾਰਟੀ ਪ੍ਰਧਾਨ ਆਹਮੋ-ਸਾਹਮਣੇ

## ਵੱਖ ਹੋਣ 'ਤੇ ਅਲਬਰਟਾ ਨੂੰ ਝੱਲਣਾ ਪਵੇਗਾ ਭਾਰੀ ਆਰਥਿਕ ਨੁਕਸਾਨ ਅਤੇ ਬਾਰਡਰ ਕੰਟਰੋਲ

ਸਰੀ, (ਦਿਵਰੂਪ ਕੌਰ): ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਕੈਨੇਡਾ ਤੋਂ ਵੱਖ ਹੋਣ ਦੇ ਮੁੱਦੇ 'ਤੇ ਆਪਣੀ ਹੀ ਪਾਰਟੀ, ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਦੇ ਪ੍ਰਧਾਨ ਨਾਲ ਅਸਹਿਮਤ ਨਜ਼ਰ ਆ ਰਹੀ ਹੈ। ਯੂਸੀਪੀ ਦੇ ਪ੍ਰਧਾਨ ਰੌਬ ਸਮਿਥ ਨੇ ਹਾਲ ਹੀ ਵਿੱਚ ਕਿਹਾ ਸੀ ਕਿ ਪਾਰਟੀ ਇਸ ਸਬੰਧੀ ਹੋਣ ਵਾਲੇ ਰੈਫਰੈਂਡਮ ਵਿੱਚ ਕੋਈ ਖਾਸ ਪੱਖ ਨਹੀਂ ਲਵੇਗੀ ਕਿ ਅਲਬਰਟਾ ਨੂੰ ਕੈਨੇਡਾ ਵਿੱਚ ਰਹਿਣਾ ਚਾਹੀਦਾ ਹੈ ਜਾਂ ਨਹੀਂ। ਪਰ ਪ੍ਰੀਮੀਅਰ ਸਮਿਥ ਨੇ ਇਸ ਦਾ ਸਖ਼ਤ ਜਵਾਬ ਦਿੱਤਾ ਹੈ।

ਬੁੱਧਵਾਰ ਨੂੰ ਇੱਕ ਰੇਡੀਓ ਇੰਟਰਵਿਊ ਦੌਰਾਨ ਗੱਲਬਾਤ ਕਰਦਿਆਂ ਪ੍ਰੀਮੀਅਰ ਨੇ ਸਪੱਸ਼ਟ ਕੀਤਾ ਕਿ ਪਾਰਟੀ ਵੱਲੋਂ ਬੋਲਣ ਦਾ ਅਧਿਕਾਰ ਉਹਨਾਂ ਕੋਲ ਹੈ ਅਤੇ ਪਾਰਟੀ ਦਾ ਸਟੈਂਡ ਬਿਲਕੁਲ ਸਾਫ਼ ਹੈ ਕਿ ਅਲਬਰਟਾ ਕੈਨੇਡਾ ਦੇ ਅੰਦਰ ਹੀ ਰਹੇਗਾ। ਉਹਨਾਂ ਕਿਹਾ ਕਿ ਸਾਡੀ ਪਾਰਟੀ ਦੇ ਬੁਨਿਆਦੀ ਸਿਧਾਂਤਾਂ ਵਿੱਚ ਸ਼ਾਮਲ ਹੈ ਕਿ ਅਸੀਂ ਇੱਕ ਸੰਯੁਕਤ ਕੈਨੇਡਾ ਦੇ ਅੰਦਰ ਅਲਬਰਟਾ ਦੀ ਖੁਦਮੁਖਤਿਆਰੀ ਦਾ ਸਮਰਥਨ ਕਰਦੇ ਹਾਂ ਅਤੇ ਪਾਰਟੀ ਦੇ ਸਾਰੇ ਵਿਧਾਇਕ ਇਸੇ ਆਧਾਰ 'ਤੇ ਚੁਣੇ ਗਏ ਹਨ। ਉਹਨਾਂ ਮੁਤਾਬਕ ਸਰਕਾਰ ਅਤੇ ਪਾਰਟੀ ਲੋਕਾਂ




ਦੀਆਂ ਚਿੰਤਾਵਾਂ ਨੂੰ ਹੱਲ ਕਰਕੇ ਕੈਨੇਡਾ ਦੇ ਨਾਲ ਰਹਿਣ ਲਈ ਵਚਨਬੱਧ ਹਨ। ਇੰਟਰਵਿਊ ਦੌਰਾਨ ਜਦੋਂ ਉਹਨਾਂ ਨੂੰ ਅਲਬਰਟਾ ਦੇ ਵੱਖ ਹੋਣ ਦੀ ਸੂਰਤ ਵਿੱਚ ਆਉਣ ਵਾਲੀਆਂ ਚੁਣੌਤੀਆਂ ਬਾਰੇ ਪੁੱਛਿਆ ਗਿਆ, ਤਾਂ ਉਹਨਾਂ ਨੇ ਕਈ ਵਿਹਾਰਕ ਮੁਸ਼ਕਲਾਂ ਦਾ ਜ਼ਿਕਰ ਕੀਤਾ। ਪ੍ਰੀਮੀਅਰ ਨੇ ਕਿਹਾ ਕਿ ਇੱਕ ਨਵਾਂ ਦੇਸ਼ ਬਣਾਉਣ ਲਈ ਭਾਰਤੀ ਸ਼ੁਰੂਆਤੀ ਖਰਚੇ ਆਉਣਗੇ, ਕਿਉਂਕਿ ਅਲਬਰਟਾ ਕੋਲ ਆਪਣੀ ਰਾਸ਼ਟਰੀ ਰੱਖਿਆ ਪ੍ਰਣਾਲੀ, ਸੁਤੰਤਰ ਅਦਾਲਤਾਂ ਜਾਂ ਬਾਰਡਰ ਕੰਟਰੋਲ ਵਰਗੀਆਂ ਸਹੂਲਤਾਂ ਨਹੀਂ ਹਨ। ਬ੍ਰਿਟਿਸ਼ ਕੋਲੰਬੀਆ ਅਤੇ ਸਸਕੈਚਵਨ ਵਰਗੇ ਗੁਆਂਢੀ ਸੂਬਿਆਂ ਵਿੱਚ ਜਾਣ ਵਾਲੇ ਲੋਕਾਂ ਨੂੰ ਪਾਸਪੋਰਟ ਦਿਖਾਉਣੇ ਪੈਣਗੇ, ਜੋ ਕੋਈ ਨਹੀਂ ਚਾਹੇਗਾ।

ਉਹਨਾਂ ਨੇ ਯੂਨਾਈਟਿਡ ਕਿੰਗਡਮ ਭਾਵ ਬ੍ਰੈਗਜ਼ਿਟ ਦੀ ਉਦਾਹਰਨ ਦਿੰਦਿਆਂ ਕਿਹਾ ਕਿ ਵੱਖ ਹੋਣ ਤੋਂ ਬਾਅਦ ਉੱਥੇ ਕੋਈ ਵੱਡਾ ਆਰਥਿਕ ਲਾਭ ਨਹੀਂ ਹੋਇਆ, ਸਗੋਂ ਵਪਾਰ, ਯਾਤਰਾ ਅਤੇ ਰੁਜ਼ਗਾਰ ਵਿੱਚ ਕਈ ਤਰ੍ਹਾਂ ਦੀਆਂ ਰੁਕਾਵਟਾਂ ਪੈਦਾ ਹੋ ਗਈਆਂ ਹਨ। ਉਹ ਚਾਹੁੰਦੇ ਹਨ ਕਿ ਅਲਬਰਟਾ ਦੇ ਲੋਕ ਇਹਨਾਂ ਸਾਰੀਆਂ ਹਕੀਕਤਾਂ ਨੂੰ ਚੰਗੀ ਤਰ੍ਹਾਂ ਸਮਝਣ। ਜ਼ਿਕਰਯੋਗ ਹੈ ਕਿ ਅਲਬਰਟਾ ਦੇ ਲੋਕ 19 ਅਕਤੂਬਰ ਨੂੰ ਵੋਟ ਪਾਉਣਗੇ ਕਿ ਕੀ ਉਹ ਕੈਨੇਡਾ ਵਿੱਚ ਰਹਿਣਾ ਚਾਹੁੰਦੇ ਹਨ ਜਾਂ ਵੱਖ ਹੋਣ ਦੀ ਪ੍ਰਕਿਰਿਆ ਲਈ ਦੂਜਾ ਰੈਫਰੈਂਡਮ ਕਰਵਾਉਣਾ ਚਾਹੁੰਦੇ ਹਨ। This report was written by Divroop Kaur as part of the Local Journalism Initiative.

Helping You Unlock Your Dream Home

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।

✔ First-time Home Buyers | ✔ Mortgage Renewals

✔ Refinancing solutions | ✔ Construction mortgage | ✔ Purchase or Refinance



AMARPAL SINGH
Mortgage Advisor
Call : 604.338.7310
CENTUM MORTGAGE

# ਕੈਨੇਡਾ ਅਤੇ ਭਾਰਤ ਵਿਚਕਾਰ ਵਪਾਰਕ ਸਾਂਝ ਨੂੰ ਨਵੀਂ ਦਿਸ਼ਾ, ਨਿਵੇਸ਼ ਵਧਾਉਣ ਲਈ ਪ੍ਰਤੀਨਿਧੀ ਦੀ ਹੋਵੇਗੀ ਨਿਯੁਕਤੀ

ਸਰੀ, (ਦਿਵਰੂਪ ਕੌਰ): ਮੈਨੀਟੋਬਾ ਦੀ ਸਰਕਾਰ ਵੱਲੋਂ ਭਾਰਤ ਨਾਲ ਵਪਾਰਕ ਰਿਸ਼ਤੇ ਹੋਰ ਮਜ਼ਬੂਤ ਕਰਨ ਲਈ ਭਾਰਤ ਵਿੱਚ ਆਪਣਾ ਪ੍ਰਤੀਨਿਧੀ ਨਿਯੁਕਤ ਕੀਤਾ ਜਾਵੇਗਾ। ਭਾਰਤ ਵਿੱਚ ਕੰਮ ਕਰਨ ਵਾਲੇ ਪ੍ਰੋਵਿੰਸ ਦੇ ਨੁਮਾਇੰਦੇ ਨੂੰ 1.5 ਲੱਖ ਡਾਲਰ ਦਾ ਸਲਾਨਾ ਭੱਤਾ ਮਿਲੇਗਾ। ਮੈਨੀਟੋਬਾ ਦੇ ਟਰੇਡ ਮਨਿਸਟਰ ਜੈਮੀ ਮੋਜ਼ਜ਼ ਦਾ ਕਹਿਣਾ ਹੈ ਕਿ ਇਹ ਸੂਬੇ ਲਈ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾਵਾਂ ਵਿੱਚੋਂ 1 ਨਾਲ ਨਜ਼ਦੀਕੀ ਸਬੰਧ ਵਿਕਸਤ ਕਰਨ ਲਈ 1 ਮਹੱਤਵਪੂਰਨ ਕਦਮ ਹੈ। ਸੂਬਾਈ ਸਰਕਾਰ ਵੱਲੋਂ ਸਤੰਬਰ 2025 ਵਿੱਚ ਐਲਾਨੀ ਗਈ ਮੈਨੀਟੋਬਾ ਦੀ ਆਰਥਿਕ ਵਿਕਾਸ ਰਣਨੀਤੀ ਵਿੱਚ ਅਮਰੀਕੀ ਬਾਜ਼ਾਰ 'ਤੇ ਜ਼ਿਆਦਾ ਨਿਰਭਰਤਾ ਨੂੰ ਘਟਾਉਣ ਦਾ ਟੀਚਾ ਮਿਥਿਆ ਗਿਆ ਸੀ।



ਟਰੇਡ ਮਨਿਸਟਰ ਜੈਮੀ ਮੋਜ਼ਜ਼ ਦਾ ਕਹਿਣਾ ਹੈ ਕਿ ਉਕਤ ਪ੍ਰਤੀਨਿਧੀ ਮਾਰਕੀਟ ਇੰਟੈਲੀਜੈਂਸ ਪ੍ਰਦਾਨ ਕਰਨ ਦੇ ਨਾਲ ਨਾਲ ਵਪਾਰਕ ਸੰਪਰਕ ਸਥਾਪਿਤ ਕਰੇਗਾ। ਉਨ੍ਹਾਂ ਕਿਹਾ ਕਿ ਪ੍ਰੋਵਿੰਸ ਦਾ ਨੁਮਾਇੰਦਾ ਨਿਵੇਸ਼ ਨੂੰ ਆਕਰਸ਼ਿਤ ਕਰੇਗਾ। ਦੱਸਣਯੋਗ ਹੈ ਕਿ ਸਸਕੈਚਵਨ ਸਰਕਾਰ ਦਾ ਵੀ ਭਾਰਤ ਵਿੱਚ 1 ਦਫ਼ਤਰ ਹੈ। ਸਸਕੈਚਵਨ ਵਿਆਪਕ ਪੱਧਰ 'ਤੇ ਦਾਲਾਂ ਭਾਰਤ ਨੂੰ ਨਿਰਯਾਤ ਕਰਦਾ ਹੈ। ਮੈਨੀਟੋਬਾ ਸਰਕਾਰ ਦੇ ਇਸ ਕਦਮ ਦਾ ਭਾਰਤ ਵੱਲੋਂ ਸਵਾਗਤ ਕੀਤਾ ਜਾ ਰਿਹਾ ਹੈ। 2 ਦੇਸ਼ਾਂ ਵੱਲੋਂ ਵਪਾਰ ਵਧਾਉਣ ਦੇ ਯਤਨ ਜਾਰੀ ਹਨ। ਕੈਨੇਡਾ ਅਤੇ ਭਾਰਤ ਵੱਲੋਂ ਵਪਾਰਕ ਸਾਂਝਾ ਨੂੰ ਅੱਗੇ ਵਧਾਉਣ ਲਈ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ। ਇਸ ਹਫ਼ਤੇ ਭਾਰਤ ਦੇ ਵਪਾਰ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਦੀ ਅਗਵਾਈ ਵਿਚ 1 ਵਫ਼ਦ ਕੈਨੇਡਾ ਪਹੁੰਚਿਆ ਹੈ ਜੋ ਕਿ ਕੈਨੇਡਾ ਸਰਕਾਰ ਅਨੁਸਾਰ ਭਾਰਤ ਵੱਲੋਂ ਕਦੇ ਵੀ ਕਿਸੇ ਹੋਰ ਦੇਸ਼ ਲਈ ਭੇਜਿਆ ਗਿਆ ਸਭ ਤੋਂ ਵਿਸ਼ਾਲ ਵਫ਼ਦ ਹੈ। ਇਹ ਵਫ਼ਦ ਕੈਨੇਡਾ ਦੇ 3 ਰੋਜ਼ਾ ਦੌਰੇ 'ਤੇ ਹੈ। ਭਾਰਤ ਦੇ ਵਪਾਰ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਹਾਲੀਆ ਭਾਰਤ ਦੌਰੇ ਨੇ ਕੈਨੇਡਾ ਅਤੇ ਭਾਰਤ ਦੇ ਰਿਸ਼ਤਿਆਂ ਨੂੰ ਪੂਰੀ ਤਰ੍ਹਾਂ ਨਵੀਂ ਦਿਸ਼ਾ ਦੇ ਦਿੱਤੀ ਹੈ।

ਗੋਇਲ ਇਸ ਹਫ਼ਤੇ ਕੈਨੇਡਾ ਵਿੱਚ ਵਪਾਰ ਅਤੇ ਨਿਵੇਸ਼ ਨਾਲ ਜੁੜੀਆਂ ਮੀਟਿੰਗਾਂ ਲਈ ਆਏ ਹੋਏ ਹਨ ਅਤੇ ਸੋਮਵਾਰ ਸਵੇਰੇ ਉਨ੍ਹਾਂ ਨੇ ਕੈਨੇਡਾ ਦੇ ਅੰਤਰਰਾਸ਼ਟਰੀ ਵਪਾਰ ਮੰਤਰੀ ਮਨਿੰਦਰ ਸਿੱਧੂ ਨਾਲ ਮੁਲਾਕਾਤ ਕੀਤੀ। ਮੀਟਿੰਗ ਤੋਂ ਪਹਿਲਾਂ ਗੋਇਲ ਨੇ ਕਿਹਾ ਕਿ ਆਉਣ ਵਾਲੇ ਸਾਲਾਂ ਵਿੱਚ ਕੈਨੇਡਾ ਅਤੇ ਭਾਰਤ ਦੇ ਰਿਸ਼ਤੇ ਬਹੁਤ ਮਹੱਤਵਪੂਰਨ ਹੋਣਗੇ। ਉਨ੍ਹਾਂ ਨੇ ਕਿਹਾ ਕਿ 2 ਦੇਸ਼ 2026 ਤੱਕ 1 ਮੁਕਤ ਵਪਾਰ ਸਮਝੌਤਾ ਕਰਨ ਲਈ ਉਤਸੁਕ ਹਨ। ਕੈਨੇਡਾ ਅਤੇ ਭਾਰਤ ਵਿਚਕਾਰ ਵਪਾਰਕ ਗੱਲਬਾਤ 2010 ਤੋਂ ਚੱਲ ਰਹੀ ਹੈ ਪਰ 2023 ਵਿੱਚ ਇਹ ਗੱਲਬਾਤ ਰੋਕ ਦਿੱਤੀ ਗਈ ਸੀ।

ਉਸ ਵੇਲੇ ਕੈਨੇਡਾ ਦੀ ਫੈਡਰਲ ਸਰਕਾਰ ਨੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿੱਚ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਭਾਰਤ ਦੀ ਭੂਮਿਕਾ ਹੋਣ ਦੇ ਦੋਸ਼ ਲਗਾਏ ਸਨ। ਇਸ ਤੋਂ ਬਾਅਦ 2 ਦੇਸ਼ਾਂ ਦੇ ਰਿਸ਼ਤੇ ਕਾਫ਼ੀ ਤਣਾਅਪੂਰਨ ਹੋ ਗਏ ਸਨ। ਪਰ ਜਦੋਂ 2025 ਵਿੱਚ ਮਾਰਕ ਕਾਰਨੀ ਕੈਨੇਡਾ ਦੇ ਪ੍ਰਧਾਨ ਮੰਤਰੀ ਬਣੇ ਤਾਂ ਉਨ੍ਹਾਂ ਨੇ ਭਾਰਤ ਨਾਲ ਰਿਸ਼ਤਿਆਂ ਨੂੰ ਦੁਬਾਰਾ ਮਜ਼ਬੂਤ ਕਰਨ ਨੂੰ ਤਰਜੀਹ ਦਿੱਤੀ। ਇਸੇ ਸਿਲਸਿਲੇ ਵਿੱਚ ਕਾਰਨੀ ਨੇ ਮਾਰਚ ਵਿੱਚ ਮੁੰਬਈ ਅਤੇ ਨਵੀਂ ਦਿੱਲੀ ਦਾ ਦੌਰਾ ਕੀਤਾ ਜੋ ਪਿਛਲੇ 8 ਸਾਲਾਂ ਵਿੱਚ ਕਿਸੇ ਕੈਨੇਡੀਅਨ ਪ੍ਰਧਾਨ ਮੰਤਰੀ ਦਾ ਭਾਰਤ ਦਾ ਦੌਰਾ ਸੀ। This report was written by Divroop Kaur as part of the Local Journalism Initiative.

## ਭਾਰਤੀ ਹਾਈ ਕਮਿਸ਼ਨਰ ਦੇ ਬਿਆਨਾਂ ਦੀ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵਲੋਂ ਨਿਖੇਧੀ

ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ਼ ਕੈਨੇਡਾ ਨੇ ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਦੇ ਬਿਆਨਾਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਡਬਲਯੂਐਸਓ ਅਨੁਸਾਰ ਭਾਰਤੀ ਹਾਈ ਕਮਿਸ਼ਨਰ ਨੇ ਕੈਨੇਡਾ ਦੀਆਂ ਰਾਸ਼ਟਰੀ ਸੁਰੱਖਿਆ ਏਜੰਸੀਆਂ ਅਤੇ ਕਾਨੂੰਨ ਲਾਗੂ ਕਰਨ ਵਾਲੇ ਅਦਾਰਿਆਂ 'ਤੇ ਭ੍ਰਿਸ਼ਟਾਚਾਰ, ਰਾਜਨੀਤਿਕ ਹੇਰਾਫੇਰੀ ਅਤੇ ਭਾਰਤੀ ਵਿਦੇਸ਼ੀ ਦਖਲਅੰਦਾਜ਼ੀ ਨਾਲ ਸੰਬੰਧਿਤ ਦੋਸ਼ਾਂ ਨੂੰ ਮਨਘੜਤ ਤਰੀਕੇ ਨਾਲ ਪੇਸ਼ ਕਰਨ ਦੇ ਇਲਜ਼ਾਮ ਲਗਾਏ ਹਨ। ਇਹ ਟਿੱਪਣੀਆਂ ਅਜਿਹੇ ਸਮੇਂ ਆਈਆਂ ਹਨ ਜਦੋਂ ਕੈਨੇਡਾ ਵਿੱਚ ਭਾਰਤ ਦੇ ਵਪਾਰ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਦੀ ਅਗਵਾਈ ਹੇਠ ਹੁਣ ਤੱਕ ਦੇ ਸਭ ਤੋਂ ਵਿਸ਼ਾਲ ਭਾਰਤੀ ਵਪਾਰਕ ਵਫ਼ਦ ਦੀ ਮੇਜ਼ਬਾਨੀ ਕੀਤੀ ਜਾ ਰਹੀ ਹੈ। ਇਸ ਦੌਰੇ ਦੌਰਾਨ ਦੋਵਾਂ ਦੇਸ਼ਾਂ ਵਿਚਕਾਰ ਆਰਥਿਕ ਸਬੰਧਾਂ ਨੂੰ ਡੂੰਘਾ ਕਰਨ ਅਤੇ ਇੱਕ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ ਨੂੰ ਅੱਗੇ ਵਧਾਉਣ ਲਈ ਲਗਾਤਾਰ ਚਰਚਾ ਚੱਲ ਰਹੀ ਹੈ। ਉਨ੍ਹਾਂ ਨੇ ਕੈਨੇਡੀਅਨ ਇੰਟੈਲੀਜੈਂਸ ਏਜੰਸੀ ਸਿਸ 'ਤੇ ਸਮਝੌਤਾ ਕਰਨ ਦੇ ਦੋਸ਼ ਲਗਾਏ ਅਤੇ ਦਾਅਵਾ ਕੀਤਾ ਕਿ ਖਾਲਿਸਤਾਨ ਸਮਰਥਕਾਂ ਨੇ ਭਾਰਤ ਵਿਰੁੱਧ ਝੂਠੇ ਦਾਅਵੇ ਤਿਆਰ ਕਰਨ ਲਈ ਕੈਨੇਡੀਅਨ ਖੁਫੀਆ ਅਧਿਕਾਰੀਆਂ ਨੂੰ ਪੈਸੇ ਦਿੱਤੇ ਸਨ। ਇਸ ਤੋਂ ਇਲਾਵਾ ਉਨ੍ਹਾਂ ਨੇ ਆਰਸੀਐਮਪੀ ਵੱਲੋਂ ਭਾਰਤੀ ਸ਼ਮੂਲੀਅਤ ਬਾਰੇ ਕੀਤੀ ਜਾ ਰਹੀ ਜਾਂਚ ਨੂੰ ਕਾਲਪਨਿਕ ਦੱਸਿਆ ਅਤੇ ਕਿਹਾ ਕਿ ਕੈਨੇਡਾ ਦੀਆਂ ਸੁਰੱਖਿਆ ਏਜੰਸੀਆਂ ਰਾਜਨੀਤਿਕ ਇਸ਼ਾਰਿਆਂ 'ਤੇ ਕੰਮ ਕਰ ਰਹੀਆਂ ਹਨ। ਉਨ੍ਹਾਂ ਨੇ ਕੈਨੇਡਾ ਵਿੱਚ ਭਾਰਤੀ ਸਫ਼ਾਰਤਖਾਨਿਆਂ ਵੱਲੋਂ ਕਿਸੇ ਵੀ ਗੁਪਤ ਜਾਂ ਅਣਉਚਿਤ ਗਤੀਵਿਧੀ ਵਿੱਚ ਸ਼ਾਮਲ ਹੋਣ ਤੋਂ ਸਾਫ਼ ਇਨਕਾਰ ਕੀਤਾ ਹੈ।

ਐਨਕ੍ਰਿਪਸ਼ਨ ਅਤੇ ਮੈਟਾਡਾਟਾ ਸੁਰੱਖਿਆ ਨੂੰ ਲੈ ਕੇ ਟੈੱਕ ਕੰਪਨੀਆਂ ਦੇ ਵਿਰੋਧ ਅੱਗੇ ਝੁਕੀ ਸਰਕਾਰ

# ਫੈਡਰਲ ਸਰਕਾਰ ਵੱਲੋਂ ਲਾਅਫੁਲ ਐਕਸੈਸ ਬਿੱਲ C-22 ਵਿੱਚ ਸੋਧ ਕਰਨ ਦਾ ਫੈਸਲਾ

ਸਰੀ, (ਦਿਵਰੂਪ ਕੌਰ): ਕੈਨੇਡਾ ਦੇ ਪਬਲਿਕ ਸੇਫਟੀ ਮਿਨਿਸਟਰ ਗੈਰੀ ਆਨੰਦਸੰਗਰੀ ਨੇ ਬੁੱਧਵਾਰ ਨੂੰ ਐਲਾਨ ਕੀਤਾ ਹੈ ਕਿ ਫੈਡਰਲ ਸਰਕਾਰ ਦੇ ਪ੍ਰਸਤਾਵਿਤ ਲਾਅਫੁਲ ਐਕਸੈਸ ਕਾਨੂੰਨ ਵਿੱਚ ਸੋਧ ਕੀਤੀ ਜਾਵੇਗੀ। ਇਸ ਸੋਧ ਦਾ ਉਦੇਸ਼ ਐਨਕ੍ਰਿਪਟਡ ਡਾਟਾ ਦੀ ਸੁਰੱਖਿਆ ਨੂੰ ਸਪੱਸ਼ਟ ਕਰਨਾ ਅਤੇ ਇਹ ਨਿਰਧਾਰਤ ਕਰਨਾ ਹੈ ਕਿ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਕਿਸ ਕਿਸਮ ਦੇ ਮੈਟਾਡਾਟਾ ਨੂੰ ਆਪਣੇ ਕੋਲ ਰੱਖ ਸਕਦੀਆਂ ਹਨ ਅਤੇ ਉਸ ਤੱਕ ਪਹੁੰਚ ਕਰ ਸਕਦੀਆਂ ਹਨ। ਮੰਤਰੀ ਨੇ ਬਿੱਲ C-22 ਦਾ ਬਚਾਅ ਕਰਦਿਆਂ ਕਿਹਾ ਕਿ ਜਾਂਚਕਰਤਾਵਾਂ ਲਈ ਇਹ ਬਹੁਤ ਜ਼ਰੂਰੀ ਹੈ, ਪਰ ਇਸ ਦੇ ਨਾਲ ਹੀ ਇਸ ਬਿੱਲ ਨੂੰ ਐਪਲ ਅਤੇ ਗੂਗਲ ਵਰਗੀਆਂ ਪ੍ਰਮੁੱਖ ਇੰਟਰਨੈੱਟ ਸੇਵਾ ਪ੍ਰਦਾਤਾ ਅਤੇ ਤਕਨਾਲੋਜੀ ਕੰਪਨੀਆਂ ਵੱਲੋਂ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹਨਾਂ ਵੱਡੀਆਂ ਤਕਨਾਲੋਜੀ ਕੰਪਨੀਆਂ ਦਾ ਕਹਿਣਾ ਹੈ ਕਿ ਬਿੱਲ ਦੇ ਮੌਜੂਦਾ ਸਰੂਪ ਕਾਰਨ ਸਰਕਾਰ ਉਹਨਾਂ ਨੂੰ ਗਾਹਕਾਂ ਦੇ ਡਾਟਾ ਤੱਕ ਪਹੁੰਚ ਪ੍ਰਾਪਤ ਕਰਨ ਲਈ ਐਂਡ-ਟੂ-ਐਂਡ ਐਨਕ੍ਰਿਪਸ਼ਨ ਨੂੰ



ਤੋੜਨ ਲਈ ਮਜਬੂਰ ਕਰ ਸਕਦੀ ਹੈ। ਕੰਪਨੀਆਂ ਨੇ ਸਪੱਸ਼ਟ ਕੀਤਾ ਹੈ ਕਿ ਉਹ ਅਜਿਹਾ ਕਦੇ ਨਹੀਂ ਕਰਨਗੀਆਂ ਕਿਉਂਕਿ ਇਹ ਉਹਨਾਂ ਦੀਆਂ ਨਿੱਜਤਾ ਨੀਤੀਆਂ ਦੀ ਉਲੰਘਣਾ ਹੋਵੇਗੀ। ਹਾਊਸ ਆਫ਼ ਕਾਮਨਜ਼ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਨੰਦਸੰਗਰੀ ਨੇ ਕਿਹਾ ਕਿ ਐਨਕ੍ਰਿਪਸ਼ਨ ਦੇ ਮੁੱਦੇ ਨੂੰ ਪੂਰੀ ਤਰ੍ਹਾਂ ਸਪੱਸ਼ਟ ਕੀਤਾ ਜਾਵੇਗਾ ਕਿਉਂਕਿ ਇਸ ਬਿੱਲ ਦਾ ਮਕਸਦ ਕਦੇ ਵੀ ਐਨਕ੍ਰਿਪਸ਼ਨ ਨੂੰ ਤੋੜਨਾ ਨਹੀਂ ਸੀ। ਉਹਨਾਂ ਨੇ ਅੱਗੇ ਕਿਹਾ ਕਿ ਸੋਧਾਂ ਰਾਹੀਂ ਇਹ ਵੀ ਸਾਫ਼ ਕੀਤਾ ਜਾਵੇਗਾ ਕਿ ਮੈਟਾਡਾਟਾ ਕੀ ਹੁੰਦਾ ਹੈ, ਜਿਸ ਨੂੰ ਭਵਿੱਖ ਦੇ ਨਿਯਮਾਂ ਦੇ ਤਹਿਤ 1 ਸਾਲ ਤੱਕ ਸੰਭਾਲ ਕੇ ਰੱਖਿਆ ਜਾ ਸਕਦਾ ਹੈ। ਮੰਤਰੀ ਨੇ ਇਸ 1 ਸਾਲ ਦੀ ਸਮਾਂ ਸੀਮਾ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਕਿ ਇਹ ਆਸਟ੍ਰੇਲੀਆ ਵਰਗੇ ਸਹਿਯੋਗੀ ਦੇਸ਼ਾਂ ਦੇ ਨਿਯਮਾਂ ਦੇ ਅਨੁਕੂਲ ਹੈ, ਹਾਲਾਂਕਿ ਨਿੱਜਤਾ ਮਾਹਰਾਂ ਨੇ ਚਿੰਤਾ ਜਤਾਈ ਹੈ ਕਿ ਅਮਰੀਕਾ ਵਰਗੇ ਦੇਸ਼ਾਂ ਵਿੱਚ ਅਜਿਹਾ ਕੋਈ ਕਾਨੂੰਨ ਨਹੀਂ ਹੈ। ਉਹਨਾਂ ਕਿਹਾ ਕਿ ਉਹ ਸੰਸਦੀ ਪ੍ਰਕਿਰਿਆ ਦੌਰਾਨ ਸਾਰੀਆਂ ਧਿਰਾਂ ਦੀਆਂ ਚਿੰਤਾਵਾਂ ਨੂੰ ਸੁਣਨ ਅਤੇ ਬਿੱਲ ਨੂੰ ਹੋਰ ਮਜ਼ਬੂਤ ਕਰਨ ਲਈ ਤਿਆਰ ਹਨ। ਬੁੱਧਵਾਰ ਨੂੰ ਸੀਯੂਪੀਈ ਨੇ ਕਿਹਾ ਕਿ ਉਹਨਾਂ ਦੇ ਗੱਲਬਾਤ ਕਰਨ ਵਾਲੇ ਸਰਕਾਰ ਅਤੇ ਨਿੱਜੀ ਤੌਰ ਉੱਤੇ ਚਲਾਏ ਜਾ ਰਹੇ ਕੇਅਰ ਹੋਮਜ਼ ਦੇ ਅਧਿਕਾਰੀਆਂ ਨਾਲ ਮੁਲਾਕਾਤ ਕਰਨ ਲਈ ਤਿਆਰ ਹਨ। ਪਹਿਲੀ ਵਾਰ ਸੂਬੇ ਦਾ ਮੁੱਖ ਸੁਲਾਹ ਅਧਿਕਾਰੀ ਵੀ ਇਸ ਗੱਲਬਾਤ ਵਿੱਚ ਸ਼ਾਮਲ ਹੋਵੇਗਾ। ਯੂਨੀਅਨ ਦੀ ਕੋਆਰਡੀਨੇਟਰ ਕਿਮ ਕੇਲ ਨੇ ਕਿਹਾ ਕਿ ਉਹਨਾਂ ਕੋਲ ਇੱਕ ਨਵਾਂ ਪ੍ਰਸਤਾਵ ਹੈ ਜੋ ਮਾਲਕ ਦੀ ਸ਼ੁਰੂਆਤੀ ਪੇਸ਼ਕਸ਼ ਨਾਲੋਂ ਬਿਹਤਰ ਹੈ। ਸਰਕਾਰ ਦੀ ਤਾਜ਼ਾ ਪੇਸ਼ਕਸ਼ ਵਿੱਚ 4 ਸਾਲਾਂ ਵਿੱਚ 12 ਤੋਂ 24 ਫੀਸਦੀ ਤਨਖਾਹ ਵਾਧਾ ਅਤੇ 2023 ਤੋਂ ਬਕਾਇਆ ਅਦਾਇਗੀ ਸ਼ਾਮਲ ਹੈ। This report was written by Divroop Kaur as part of the Local Journalism Initiative.

# ਨੋਵਾ ਸਕੋਸ਼ੀਆ ਵਿੱਚ ਲੌਂਗ ਟਰਮ ਕੇਅਰ ਕਾਮਿਆਂ ਦੀ ਹੜਤਾਲ

6 ਹਫਤਿਆਂ ਤੋਂ ਚੱਲ ਰਹੀ ਹੜਤਾਲ ਕਾਰਨ ਬਜ਼ੁਰਗਾਂ ਦੀ ਦੇਖਭਾਲ ਉੱਤੇ ਪੈ ਰਿਹਾ ਮਾੜਾ ਅਸਰ

ਸਰੀ, (ਦਿਵਰੂਪ ਕੌਰ): ਨੋਵਾ ਸਕੋਸ਼ੀਆ ਵਿੱਚ ਲੌਂਗ ਟਰਮ ਕੇਅਰ ਸੁਵਿਧਾਵਾਂ ਵਿੱਚ ਰਹਿਣ ਵਾਲੇ ਬਜ਼ੁਰਗਾਂ ਦੇ ਪਰਿਵਾਰਾਂ ਨੂੰ ਬੁੱਧਵਾਰ ਨੂੰ ਉਸ ਸਮੇਂ ਕੁਝ ਆਸ ਬੱਝੀ ਜਦੋਂ ਕਾਮਿਆਂ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਅਤੇ ਸਰਕਾਰੀ ਅਧਿਕਾਰੀਆਂ ਵਿਚਕਾਰ 6 ਹਫਤਿਆਂ ਦੀ ਹੜਤਾਲ ਤੋਂ ਬਾਅਦ ਮੁੜ ਗੱਲਬਾਤ ਸ਼ੁਰੂ ਹੋਈ। ਪੋਰਟ ਹਾਕਸਬਰੀ ਦੀ ਇੱਕ ਸੁਵਿਧਾ ਵਿੱਚ ਆਪਣੇ ਪਿਤਾ ਦੀ ਦੇਖਭਾਲ ਨੂੰ ਲੈ ਕੇ ਚਿੰਤਤ ਜੈਮੀ ਵਿੱਟੀ ਦਾ ਕਹਿਣਾ ਹੈ ਕਿ ਯੂਨੀਅਨ ਲਈ ਉਹਨਾਂ ਦਾ ਸਮਰਥਨ ਹੁਣ ਘੱਟ ਰਿਹਾ ਹੈ ਕਿਉਂਕਿ ਕਾਮਿਆਂ ਦੇ ਕੰਮ ਦੇ ਘੰਟੇ ਘੱਟ ਹੋਣ ਕਾਰਨ ਮਰੀਜ਼ਾਂ ਦੀ ਦੇਖਭਾਲ ਪ੍ਰਭਾਵਿਤ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਜਦੋਂ ਹੜਤਾਲ ਸ਼ੁਰੂ ਹੋਈ ਸੀ ਤਾਂ ਮਰੀਜ਼ਾਂ ਨੂੰ ਨਹਾਉਣ ਦੀਆਂ ਸੇਵਾਵਾਂ ਘਟਾ ਦਿੱਤੀਆਂ ਗਈਆਂ ਸਨ ਭਾਵੇਂ ਕਿ ਪਿਛਲੇ 2 ਹਫਤਿਆਂ ਵਿੱਚ ਇਹਨਾਂ ਵਿੱਚ ਕੁਝ ਵਾਧਾ ਹੋਇਆ ਹੈ। ਉਹਨਾਂ ਦੱਸਿਆ ਕਿ ਸਟਾਫ ਦੀ ਘਾਟ ਕਾਰਨ ਭਾਂਡੇ ਧੋਣ ਵਾਲੇ ਨਹੀਂ ਹਨ ਜਿਸ ਕਾਰਨ ਖਾਣਾ ਕਾਗਜ਼ ਦੀਆਂ ਪਲੇਟਾਂ ਵਿੱਚ ਪਰੋਸਿਆ ਜਾ ਰਿਹਾ ਹੈ। ਡਿਮੈਂਸ਼ੀਆ ਦੇ ਮਰੀਜ਼ਾਂ ਨੂੰ ਮਨੋਰੰਜਨ ਸਮਾਗਮਾਂ ਵਿੱਚ ਲਿਜਾਣ ਲਈ ਵੀ ਲੋੜੀਂਦਾ ਸਟਾਫ ਮੌਜੂਦ ਨਹੀਂ ਹੈ। ਵਿੱਟੀ ਦਾ ਮੰਨਣਾ ਹੈ ਕਿ ਬਜ਼ੁਰਗਾਂ ਨੂੰ ਤਨਖਾਹ ਵਧਾਉਣ ਲਈ ਦਬਾਅ ਵਜੋਂ ਵਰਤਣਾ ਇੱਕ ਸਹੀ ਰਣਨੀਤੀ ਨਹੀਂ ਹੈ। ਸੂਬੇ ਭਰ ਦੇ ਲੌਂਗ ਟਰਮ ਕੇਅਰ ਹੋਮਜ਼ ਵਿੱਚ ਯੂਨੀਅਨ ਵਾਲੇ ਕਾਮੇ 13 ਅਪ੍ਰੈਲ ਤੋਂ ਹੜਤਾਲ ਉੱਤੇ ਹਨ। ਬੁੱਧਵਾਰ ਤੱਕ ਇਸ ਹੜਤਾਲ ਵਿੱਚ 36 ਹੋਮਜ਼ ਸ਼ਾਮਲ ਸਨ ਜੋ ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲਾਈਜ਼ ਦੇ ਲਗਭਗ 3600 ਮੈਂਬਰਾਂ ਦੀ ਨੁਮਾਇੰਦਗੀ ਕਰਦੇ ਹਨ। ਇਸ ਹੜਤਾਲ ਦਾ ਮੁੱਖ ਮੁੱਦਾ ਤਨਖਾਹਾਂ ਦਾ ਵਾਧਾ ਹੈ।




ਸਰਕਾਰ ਅਤੇ ਯੂਨੀਅਨ ਦਾ ਦਾਅਵਾ ਹੈ ਕਿ ਜ਼ਰੂਰੀ ਸੇਵਾਵਾਂ ਬਣਾਈਆਂ ਰੱਖੀਆਂ ਜਾ ਰਹੀਆਂ ਹਨ ਪਰ ਕਈ ਥੈਰੇਪਿਸਟ ਘੱਟ ਘੰਟਿਆਂ ਲਈ ਕੰਮ ਕਰ ਰਹੇ ਹਨ। ਨਰਸਾਂ ਅਤੇ ਸਫਾਈ ਕਰਮਚਾਰੀ ਵੀ ਇਸ ਹੜਤਾਲ ਦਾ ਹਿੱਸਾ ਹਨ। ਬੁੱਧਵਾਰ ਨੂੰ ਸੀਯੂਪੀਈ ਨੇ ਕਿਹਾ ਕਿ ਉਹਨਾਂ ਦੇ ਗੱਲਬਾਤ ਕਰਨ ਵਾਲੇ ਸਰਕਾਰ ਅਤੇ ਨਿੱਜੀ ਤੌਰ ਉੱਤੇ ਚਲਾਏ ਜਾ ਰਹੇ ਕੇਅਰ ਹੋਮਜ਼ ਦੇ ਅਧਿਕਾਰੀਆਂ ਨਾਲ ਮੁਲਾਕਾਤ ਕਰਨ ਲਈ ਤਿਆਰ ਹਨ। ਪਹਿਲੀ ਵਾਰ ਸੂਬੇ ਦਾ ਮੁੱਖ ਸੁਲਾਹ ਅਧਿਕਾਰੀ ਵੀ ਇਸ ਗੱਲਬਾਤ ਵਿੱਚ ਸ਼ਾਮਲ ਹੋਵੇਗਾ। ਯੂਨੀਅਨ ਦੀ ਕੋਆਰਡੀਨੇਟਰ ਕਿਮ ਕੇਲ ਨੇ ਕਿਹਾ ਕਿ ਉਹਨਾਂ ਕੋਲ ਇੱਕ ਨਵਾਂ ਪ੍ਰਸਤਾਵ ਹੈ ਜੋ ਮਾਲਕ ਦੀ ਸ਼ੁਰੂਆਤੀ ਪੇਸ਼ਕਸ਼ ਨਾਲੋਂ ਬਿਹਤਰ ਹੈ। ਸਰਕਾਰ ਦੀ ਤਾਜ਼ਾ ਪੇਸ਼ਕਸ਼ ਵਿੱਚ 4 ਸਾਲਾਂ ਵਿੱਚ 12 ਤੋਂ 24 ਫੀਸਦੀ ਤਨਖਾਹ ਵਾਧਾ ਅਤੇ 2023 ਤੋਂ ਬਕਾਇਆ ਅਦਾਇਗੀ ਸ਼ਾਮਲ ਹੈ। This report was written by Divroop Kaur as part of the Local Journalism Initiative.

# ਵਿਸ਼ਵ ਕੱਪ ਦੀ ਤਿਆਰੀ ਲਈ ਕੈਨੇਡੀਅਨ ਫੁਟਬਾਲ ਟੀਮ ਟ੍ਰੇਨਿੰਗ ਲਈ ਅਮਰੀਕਾ ਭੇਜਣ 'ਤੇ ਛਿੜੀ ਚਰਚਾ

### ਕੋਚ ਜੈਸੀ ਮਾਰਸ਼ ਵੱਲੋਂ ਸ਼ੁੱਕਰਵਾਰ ਨੂੰ 26 ਮੈਂਬਰੀ ਅੰਤਿਮ ਫੁਟਬਾਲ ਟੀਮ ਦਾ ਐਲਾਨ



ਸਰੀ, (ਦਿਵਰੂਪ ਕੌਰ): ਕੈਨੇਡੀਅਨ ਪੁਰਸ਼ ਕੌਮੀ ਫੁਟਬਾਲ ਟੀਮ ਆਪਣੇ ਘਰੇਲੂ ਮੈਦਾਨ 'ਤੇ ਪਹਿਲੀ ਵਾਰ ਵਿਸ਼ਵ ਕੱਪ ਮੁਹਿੰਮ ਦੀ ਸ਼ੁਰੂਆਤ ਕਰਨ ਵਾਲੀ ਹੈ, ਜਿਸ ਵਿੱਚ ਸਿਰਫ਼ 17 ਦਿਨ ਬਾਕੀ ਹਨ। ਖਿਡਾਰੀ ਕੈਲੀਫੋਰਨੀਆ, ਇੰਗਲੈਂਡ, ਬੈਲਜੀਅਮ ਅਤੇ ਹੋਰ ਦੇਸ਼ਾਂ ਦੇ ਆਪਣੇ ਕਲੱਬਾਂ ਤੋਂ ਪਹੁੰਚਣੇ ਸ਼ੁਰੂ ਹੋ ਗਏ ਹਨ। ਪਰ ਕੈਨੇਡਾ ਵਿੱਚ ਇਕੱਠੇ ਹੋਣ ਦੀ ਬਜਾਏ, ਟ੍ਰੇਨਿੰਗ ਕੈਂਪ ਲਈ ਸੱਦੇ ਗਏ ਖਿਡਾਰੀ ਸਰਹੱਦ ਤੋਂ ਲਗਭਗ 800 ਕਿਲੋਮੀਟਰ ਦੱਖਣ ਵੱਲ ਅਮਰੀਕਾ ਗਏ ਹਨ।

ਨੌਰਥ ਕੈਰੋਲੀਨਾ ਦੇ ਸ਼ਾਰਲੋਟ ਸ਼ਹਿਰ ਵਿੱਚ ਸਥਿਤ ਐਟਰੀਅਮ ਹੈਲਥ ਪਰਫਾਰਮੈਂਸ ਪਾਰਕ ਪੂਰੇ ਹਫਤੇ ਲਈ ਕੈਨੇਡੀਅਨ ਟੀਮ ਦੀ ਮੇਜ਼ਬਾਨੀ ਕਰ ਰਿਹਾ ਹੈ। ਮੁੱਖ ਕੋਚ ਜੈਸੀ ਮਾਰਸ਼ ਸ਼ੁੱਕਰਵਾਰ ਨੂੰ ਇਸੇ ਸ਼ਹਿਰ ਤੋਂ ਗਲੋਬਲ ਫੁਟਬਾਲ ਟੂਰਨਾਮੈਂਟ ਲਈ ਆਪਣੀ 26 ਮੈਂਬਰੀ ਅੰਤਿਮ ਟੀਮ ਦਾ ਐਲਾਨ ਕਰਨਗੇ। ਭਾਵੇਂ ਕੈਨੇਡਾ ਨੇ ਆਪਣੇ ਪਹਿਲੇ 3 ਵਿਸ਼ਵ ਕੱਪ ਮੈਚ ਘਰੇਲੂ ਮੈਦਾਨ 'ਤੇ ਖੇਡਣੇ ਹਨ, ਪਰ ਅਹਿਮ ਟ੍ਰੇਨਿੰਗ ਅਮਰੀਕਾ ਵਿੱਚ ਹੋਣ ਦਾ ਮੁੱਖ ਕਾਰਨ ਮੌਸਮ ਹੈ। ਕੋਚ ਮਾਰਸ਼ ਨੇ ਦੱਸਿਆ ਕਿ ਕੈਨੇਡੀਅਨ ਖਿਡਾਰੀ ਬਹੁਤੀ ਗਰਮੀ ਵਿੱਚ ਖੇਡਣ ਦੇ ਆਦੀ ਨਹੀਂ ਹਨ।

ਵਿਸ਼ਵ ਕੱਪ ਦੇ ਮੈਚ 11 ਜੂਨ ਤੋਂ 19 ਜੁਲਾਈ ਤੱਕ ਕੈਨੇਡਾ, ਅਮਰੀਕਾ ਅਤੇ ਮੈਕਸੀਕੋ ਵਿੱਚ ਖੇਡੇ ਜਾਣੇ ਹਨ। ਇਸ ਦੌਰਾਨ ਤਾਪਮਾਨ ਅਤੇ ਨਮੀ ਵਧੇਰੇ ਹੋਣ ਦੀ ਸੰਭਾਵਨਾ ਹੈ। ਮਾਰਸ਼ ਨੇ ਕਿਹਾ ਕਿ ਟ੍ਰੇਨਿੰਗ ਦੌਰਾਨ ਟੀਮ ਨੂੰ ਇਹ ਸਮਝਣ ਵਿੱਚ ਮਦਦ ਮਿਲੇਗੀ ਕਿ ਗਰਮੀ ਵਿੱਚ ਆਪਣੀ ਖੇਡ ਨੂੰ ਕਿਵੇਂ ਬਰਕਰਾਰ ਰੱਖਣਾ ਹੈ। ਮੰਗਲਵਾਰ ਸਵੇਰ ਦਾ ਟ੍ਰੇਨਿੰਗ ਸੈਸ਼ਨ ਵੀ ਗਰਮੀ ਅਤੇ ਨਮੀ ਦੇ ਮੱਦੇਨਜ਼ਰ ਬਾਅਦ ਦੁਪਹਿਰ ਲਈ ਤਬਦੀਲ ਕਰ ਦਿੱਤਾ ਗਿਆ ਸੀ ਜਦੋਂ ਤਾਪਮਾਨ 28 ਡਿਗਰੀ ਸੈਲਸੀਅਸ ਦੇ ਆਸਪਾਸ ਰਹਿਣ ਦੀ ਸੰਭਾਵਨਾ ਸੀ। ਇਸ ਤੋਂ ਪਹਿਲਾਂ 2024 ਦੇ ਕੋਪਾ ਅਮਰੀਕਾ ਟੂਰਨਾਮੈਂਟ ਦੌਰਾਨ ਵੀ ਟੀਮ ਨੇ 38 ਡਿਗਰੀ ਤਾਪਮਾਨ ਵਿੱਚ ਖੇਡਣ ਦਾ ਤਜਰਬਾ ਹਾਸਲ ਕੀਤਾ ਸੀ।

ਕੈਨੇਡਾ ਦਾ ਪਹਿਲਾ ਮੈਚ 12 ਜੂਨ ਨੂੰ ਟੋਰਾਂਟੋ ਵਿੱਚ ਬੋਸਨੀਆ-ਹਰਜ਼ੇਗੋਵੀਨਾ ਵਿਰੁੱਧ ਹੋਵੇਗਾ। ਇਸ ਤੋਂ ਬਾਅਦ ਟੀਮ 18 ਜੂਨ ਨੂੰ ਕਤਰ ਅਤੇ 24 ਜੂਨ ਨੂੰ ਸਵਿਟਜ਼ਰਲੈਂਡ ਵਿਰੁੱਧ ਵੈਨਕੂਵਰ ਦੇ ਬੀਸੀ ਪਲੇਸ ਸਟੇਡੀਅਮ ਵਿੱਚ ਮੈਚ ਖੇਡੇਗੀ। ਕੈਨੇਡਾ ਸੌਕਰ ਦੇ ਸੀਈਓ ਕੇਵਿਨ ਬਲੂ ਨੇ ਕਿਹਾ ਕਿ ਸ਼ਾਰਲੋਟ ਵਿੱਚ ਹੋ ਰਹੀ ਸਖ਼ਤ ਟ੍ਰੇਨਿੰਗ ਖਿਡਾਰੀਆਂ ਨੂੰ ਟੀਮ ਦੇ ਸਰੀਰਕ ਤੌਰ 'ਤੇ ਮਜ਼ਬੂਤ ਖੇਡ ਢੰਗ ਲਈ ਤਿਆਰ ਕਰੇਗੀ। ਕੋਚ ਨੇ ਕਿਹਾ ਕਿ ਇਹ ਇਕਾਂਤ ਮਾਹੌਲ ਖਿਡਾਰੀਆਂ ਦਾ ਧਿਆਨ ਟੂਰਨਾਮੈਂਟ 'ਤੇ ਕੇਂਦਰਿਤ ਰੱਖਣ ਵਿੱਚ ਵੀ ਮਦਦ ਕਰੇਗਾ। This report was written by Divroop Kaur as part of the Local Journalism Initiative.

# ਵੈਸਟ ਵੈਨਕੂਵਰ ਵਿੱਚ ਸਕੂਬਾ ਡਾਈਵਰ ਦੀ ਮੌਤ, ਇੱਕ ਹਫਤੇ ਵਿੱਚ ਦੂਜਾ ਹਾਦਸਾ

ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਦੇ ਸਮੁੰਦਰੀ ਪਾਣੀਆਂ ਵਿੱਚ ਇੱਕ ਹਫਤੇ ਦੇ ਅੰਦਰ ਹੀ ਇੱਕ ਹੋਰ ਦੁਖਦਾਈ ਘਟਨਾ ਵਾਪਰੀ ਹੈ। ਵੈਸਟ ਵੈਨਕੂਵਰ ਦੇ ਤੱਟ ਨੇੜੇ ਸਕੂਬਾ ਡਾਈਵਿੰਗ ਕਰਦੇ ਸਮੇਂ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ। ਇਹ ਪਿਛਲੇ ਕੁੱਝ ਦਿਨਾਂ ਵਿੱਚ ਸੂਬੇ ਦੇ ਪਾਣੀਆਂ ਵਿੱਚ ਵਾਪਰੀ ਇਸ ਤਰ੍ਹਾਂ ਦੀ ਦੂਜੀ ਘਟਨਾ ਹੈ ਜਿਸਨੇ ਸਥਾਨਕ ਲੋਕਾਂ ਅਤੇ ਪ੍ਰਸ਼ਾਸਨ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ।

ਵੈਸਟ ਵੈਨਕੂਵਰ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਐਤਵਾਰ ਦੁਪਹਿਰ ਲਗਭਗ 1:30 ਵਜੇ ਉਹਨਾਂ ਨੂੰ ਇੱਕ ਐਮਰਜੈਂਸੀ ਕਾਲ ਪ੍ਰਾਪਤ ਹੋਈ ਸੀ। ਇਸ ਕਾਲ ਰਾਹੀਂ ਸੂਚਨਾ ਮਿਲੀ ਸੀ ਕਿ ਵਾਈਟਕਲਿਫ ਪਾਰਕ ਦੇ ਨੇੜੇ ਸਮੁੰਦਰ ਵਿੱਚ ਇੱਕ ਗੋਤਾਖੋਰ ਭਾਰੀ ਮੁਸ਼ਕਲ ਵਿੱਚ ਫਸਿਆ ਹੋਇਆ ਹੈ। ਘਟਨਾ ਦੀ ਜਾਣਕਾਰੀ ਮਿਲਦੇ ਹੀ ਕੋਸਟ ਗਾਰਡ, ਫਾਇਰ



ਐਂਡ ਰੈਸਕਿਊ ਟੀਮਾਂ ਅਤੇ ਪੈਰਾਮੈਡਿਕਸ ਸਮੇਤ ਵੱਖ-ਵੱਖ ਏਜੰਸੀਆਂ ਤੁਰੰਤ ਮੌਕੇ 'ਤੇ ਪਹੁੰਚੀਆਂ। ਬਚਾਅ ਟੀਮਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ 50 ਸਾਲਾ ਵਿਅਕਤੀ ਨੂੰ ਬਚਾਇਆ ਨਹੀਂ ਜਾ ਸਕਿਆ ਅਤੇ ਮੌਕੇ 'ਤੇ ਹੀ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੂੰ ਇਸ ਦੁਖਦਾਈ ਘਟਨਾ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਅਧਿਕਾਰੀਆਂ ਮੁਤਾਬਕ ਮੁੱਢਲੀ ਜਾਂਚ ਦੌਰਾਨ ਇਸ ਮੌਤ ਵਿੱਚ ਕੋਈ ਵੀ ਸ਼ੱਕੀ ਗੱਲ ਸਾਹਮਣੇ ਨਹੀਂ ਆਈ ਹੈ।

ਇਸ ਤੋਂ ਪਹਿਲਾਂ ਪਿਛਲੇ ਬੁੱਧਵਾਰ ਨੂੰ ਵੀ ਅਜਿਹਾ ਹੀ ਇੱਕ ਹੋਰ ਹਾਦਸਾ ਵਾਪਰਿਆ ਸੀ। ਵੈਨਕੂਵਰ ਆਈਲੈਂਡ ਦੇ ਪੂਰਬੀ ਤੱਟ ਨੇੜੇ ਸਥਿਤ ਗੈਬਰੀਓਲਾ ਆਈਲੈਂਡ ਦੇ ਪਾਣੀਆਂ ਵਿੱਚ ਇੱਕ 66 ਸਾਲਾ ਸਕੂਬਾ ਡਾਈਵਰ ਦੀ ਮੌਤ ਹੋ ਗਈ ਸੀ। ਆਰਸੀਐਮਪੀ ਅਨੁਸਾਰ ਉਸ ਵਿਅਕਤੀ ਦੀ ਲਾਸ਼ ਪਾਣੀ ਵਿੱਚ ਇੱਕ ਬੋਏ ਨੇੜਿਓਂ ਮਿਲੀ ਸੀ ਅਤੇ ਉਸ ਘਟਨਾ ਵਿੱਚ ਵੀ ਕਿਸੇ ਸਾਜ਼ਿਸ਼ ਜਾਂ ਸ਼ੱਕੀ ਹਾਲਾਤ ਦਾ ਖੁਲਾਸਾ ਨਹੀਂ ਹੋਇਆ ਸੀ। This report was written by Divroop Kaur as part of the Local Journalism Initiative.


ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਫੋਰਕ ਲਿਫਟਰ ਅਤੇ ਕਲਾਸ 4 ਡਰਾਈਵਰਾਂ ਦੀ ਤੁਰੰਤ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ।

* ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
* ਚੰਗੀ ਤਨਖ਼ਾਹ ਅਤੇ ਘਰ ਵਰਗਾ ਮਾਹੌਲ।
* ਕੰਮ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE : 604-244-1118, FAX : 604-270-3075



SUMMER GETAWAY DRAW!
You could win a FREE round-trip airfare to any one destination in the world! No purchase necessary. See in-store for details*
SABZI MANDI SUPERMARKET
Serving our Community since 2003
HOT PRICE JUMBO CARROTS ਵੱਡੀਆਂ ਗਾਜਰਾਂ 49¢ /lb
HOT PRICE JUMBO CAULIFLOWER ਵੱਡੀ ਗੋਭੀ 1.99 ea
HOT PRICE FRESH CILANTRO ਧਨੀਆਂ Bunch 2 for 1.29
HOT PRICE FRESH SPINACH ਪਾਲਕ Bunch 1.49 ea
AASHIRWAAD ATTA ਆਸ਼ਿਰਵਾਦ ਆਟਾ 20lb 13.99 ea
UNBEATABLE DEAL
TATA TEA BAGS ਟਾਟਾ ਚਾਹ ਪੱਤੀ
220's Bags
6.99 ea
FRESH GINGER ਅੰਦਰਕ 99¢ /lb
SWAD SOYA CHAAP ਸਵਾਦ ਸੋਯਾ ਚਾਪ 850g 3.99 ea
INDIAN KARELA ਭਾਰਤੀ ਕਰੇਲੇ 1.89 /lb
PUNJABI BY NATURE MANGO BURFI ਪੰਜਾਬੀ ਬਾਈ ਨੇਚਰ ਮੈਂਗੋ ਬੱਰਫੀ 150g 2.99 ea
PAKISTANI ROOHAFZA ਪਾਕਿਸਤਾਨੀ ਰੂਹਅਫਜ਼ਾ 750ml 3.99 ea
ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 8.99 ea
PUNJABI BY NATURE MILK RUSK ਪੰਜਾਬੀ ਬਾਈ ਨੇਚਰ ਮਿਲਕ ਰੱਸਕ 600g 3.99 ea
FRESH SAAG RAPINI ਸਾਗ Bunch 2.49 ea
VIDHYA PANI PURI TRAY ਵਿਧਯਾ ਪਾਨੀ ਪੂਰੀ ਟਰੇ 260g 5.99 ea
NPS #1 ALMONDS ਬਦਾਮ 5.99 /lb
VIDHYA PUNJABI COOKIES ਵਿਦਿਆ ਪੰਜਾਬੀ ਕੁਕੀਆਂ 2.2lb 5.99 ea
PUNJABI BY NATURE MUSTARD OIL ਪੰਜਾਬੀ ਬਾਈ ਨੇਚਰ ਸਰੋਂ ਦਾ ਤੇਲ 1L 5.99 ea
LARGE ORANGES ਵੱਡੇ ਸੰਗਤਰੇ 99¢ /lb
MANGO DRINK FROOTI ਫਰੂਟੀ 1L 1.49 ea
PUNJABI BY NATURE SESAME OIL ਪੰਜਾਬੀ ਬਾਈ ਨੇਚਰ ਤਿਲ ਦਾ ਤੇਲ 1L 9.99 ea
RUSSET POTATOES ਆਲੂ 10lb 3.99 ea
FRESH LYCHEE ਲੀਚੀ 4.99 /lb
FRESH DAIKON MOOLI ਮੂਲੀ 99¢ /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
American Express accepted at three locations.
Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.
U-HAUL®
*At participating locations only.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
You can also visit us online at www.sabzimandicanada.com
Prices in effect at the above listed store location only. SALES DATES: Fri. May 29, 2026 - Wed. June 03, 2026